ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ
GIAN
ਗੁਰਮਤਿ ਗਿਆਨ

ਜਨਵਰੀ 2024

# ਗੁਰਮਤਿ ਵਿਰਸਾ

# GURMAT VIRSA गुरमति विरसा


Year-5, Issue-6, January 2024, Ludhiana gurmatvirsa@gmail.com Multilingual Price 25/-

## ਨਾਸਿਰੋ ਮਨਸੂਰ ਗੁਰੂ ਗੋਬਿੰਦ ਸਿੰਘ



## ਖਿਦਰਾਣਾ ਕਰਿ ਮੁਕਤਸਰ

## ਗੋਦਾਵਰੀ ਦੀ ਗਾਥਾ



# ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਵਲੋਂ ਵੱਖ-ਵੱਖ ਇਲਾਕਿਆਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਮਾਲੂਵਾਲ ਦੇ ਸਰਕਾਰੀ ਸਕੂਲ ਸੁਰਸਿੰਘ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਤਰਨਤਾਰਨ ਦੇ ਹਰੀ ਸਿੰਘ ਸੀ. ਸੈ. ਸਕੂਲ ਨੰਦਪੁਰ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਤਰਨਤਾਰਨ ਦੇ ਪਿੰਡ ਰੂੜੇਆਸਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਨਵਾਂਸ਼ਹਿਰ ਵਿਖੇ ਪਿੰਡ ਰੁੜਕੀ ਖਾਸ ਦੇ ਸਰਕਾਰੀ ਸਕੂਲ ਵਿਖੇ ਸ਼ਹੀਦੀ ਪੰਦਰਵਾੜੇ ਦੇ ਸਮਾਗਮਾਂ ਨੂੰ ਸਮਰਪਿਤ ਗੁਰਮਤਿ ਕਲਾਸਾਂ ਲਗਾਈਆਂ ਗਈਆਂ



ਕੇਂਦਰ ਨਵਾਂਸ਼ਹਿਰ ਵਿਖੇ ਪਿੰਡ ਮਹਾਲੋਂ ਦੇ ਸਰਕਾਰੀ ਸਕੂਲ ਵਿਖੇ ਸ਼ਹੀਦੀ ਪੰਦਰਵਾੜੇ ਦੇ ਸਮਾਗਮਾਂ ਨੂੰ ਸਮਰਪਿਤ ਗੁਰਮਤਿ ਕਲਾਸਾਂ ਲਗਾਈਆਂ ਗਈਆਂ



ਕੇਂਦਰ ਨਵਾਂਸ਼ਹਿਰ ਵਿਖੇ ਪਿੰਡ ਪਨਾਮ ਦੇ ਸਰਕਾਰੀ ਸਕੂਲ ਵਿਖੇ ਸ਼ਹੀਦੀ ਪੰਦਰਵਾੜੇ ਦੇ ਸਮਾਗਮਾਂ ਨੂੰ ਸਮਰਪਿਤ ਗੁਰਮਤਿ ਕਲਾਸਾਂ ਲਗਾਈਆਂ ਗਈਆਂ



ਕੇਂਦਰ ਬੜਾ ਗੁੜਾ (ਸਿਰਸਾ) ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਰਤਨਗੜ੍ਹ ਸਿੰਧੜਾ ਵਿਖੇ ਗਰੀਨਵੁੱਡ ਸਕੂਲ ਦਿੜ੍ਹਬਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਰਤਨਗੜ੍ਹ ਸਿੰਧੜਾ ਦੇ ਸਕੂਲ ਦਵਾਨੀਗੜ੍ਹ ਕੈਂਪਰ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਰਤਨਗੜ੍ਹ ਸਿੰਧੜਾ ਦੇ ਪਿੰਡ ਤੂਰ ਵਣਜਾਰਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ

# ਗੁਰਮਤਿ ਵਿਰਸਾ

ਜਨਵਰੀ 2024 (ਮਾਸਿਕ ਮੈਗਜ਼ੀਨ)



**ਮੁੱਖ ਸੰਪਾਦਕ :** ਰਾਣਾ ਇੰਦਰਜੀਤ ਸਿੰਘ
**ਸੰਪਾਦਕ :** ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ :** ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ:** ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ:** ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org



**ਸੰਪਾਦਕੀ ਬੋਰਡ:** ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ:** ਐਡਵੋਕੇਟ ਜਸਪਾਲ ਸਿੰਘ ਚੁੱਘ


## ਪੋਹ-ਮਾਘ ਮਹੀਨੇ ਦੇ ਖਾਸ ਦਿਹਾੜੇ

- ਪ੍ਰਕਾਸ਼ ਪਾਤਸ਼ਾਹੀ ਦਸਵੀਂ : 23 ਪੋਹ (05 ਜਨਵਰੀ)
- ਮਾਘੀ ਮੁਕਤਸਰ : 01 ਮਾਘ (13 ਜਨਵਰੀ)
- ਨੀਂਹ ਪੱਥਰ ਦਰਬਾਰ ਸਾਹਿਬ : 01 ਮਾਘ (13 ਜਨਵਰੀ)
- ਚਾਬੀਆਂ ਦਾ ਮੋਰਚਾ : 07 ਮਾਘ (19 ਜਨਵਰੀ)
- ਜਨਮ ਦਿਹਾੜਾ ਬਾਬਾ ਦੀਪ ਸਿੰਘ ਜੀ : 14 ਮਾਘ (26 ਜਨਵਰੀ)
- ਪ੍ਰਕਾਸ਼ ਪਾਤਸ਼ਾਹੀ ਸੱਤਵੀਂ : 19 ਮਾਘ (31 ਜਨਵਰੀ)


Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

**Editor- Gurbachan Singh Panwa ***

Responsible for collection of all Printed matter as per PRB Act


**Registration Number of the Newspaper**
**PUNMUL/2019/78309**


## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?


| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 8 |
| ਸ਼ਬਦ ਵਿਚਾਰ | 9 |
| ਨਾਸਿਰੋ ਮਨਸੂਰ ਗੁਰੂ ਗੋਬਿੰਦ ਸਿੰਘ | 13 |
| ਮਰਦ ਅਗੰਮੜੇ ਦਾ ਪ੍ਰਕਾਸ਼ ਦਿਹਾੜਾ 5 ਜਨਵਰੀ ਜਾਂ 17 ਜਨਵਰੀ | 14 |
| ਗੋਦਾਵਰੀ ਦੀ ਗਾਥਾ | 16 |
| ਖਿਦਰਾਣਾ ਕਰਿ ਮੁਕਤਸਰ | 18 |
| ਕਲਮ ਅਤੇ ਤੇਗ ਦੇ ਧਨੀ ਬਾਬਾ ਦੀਪ ਸਿੰਘ ਜੀ ਸ਼ਹੀਦ | 20 |
| ਨੰਨੇ ਵਾਰਸ | 22 |
| ਲਿਬਾਸ ਅਤੇ ਗਹਿਣੇ | 24 |
| ਭ੍ਰਿਸ਼ਟਾਚਾਰ | 26 |
| ਲੜੀਵਾਰ ਕਿਤਾਬ: ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 30 |
| ਲੜੀਵਾਰ ਕਿਤਾਬ: ਸਿੱਖਾਂ ਦੇ ਪਾਕਿਸਤਾਨ ਵਿਚੋਂ ਨਿਕਲਣ... | 32 |
| **साहिब-ए-कमाल श्री गुरू गोबिंद सिंघ जी का विलक्षण...** | **34** |
| Praises of Shri Guru Gobind Singh Ji by Bhai Nand... | 35 |
| ਕਾਵਿ ਕਿਆਰੀ | 37 |
| ਸਿਹਤ ਸੰਭਾਲ | 38 |
| ਸਾਡੀ ਖੇਤੀ | 39 |
| ਗੁਰਮਤਿ ਸੰਜੋਗ | 40 |
| ਨਵੰਬਰ ਮਹੀਨੇ ਦੀਆਂ ਸਰਗਰਮੀਆਂ | 41 |


## ਜ਼ਰੂਰੀ ਸੂਚਨਾਵਾਂ


- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਸੰਪਾਦਕੀ


# ਪੰਜਾਬ ਸਿੰਆਂ ਤੇਰਾ ਕੋਈ ਨਹੀਂ ਦਰਦੀ



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਇਕ ਵਾਰੀ ਸਤਾ ਵਿਚ ਲਿਆਓ ਮਿੱਤਰੋ,
ਫੇਰ ਜਿੱਥੇ ਮਰਜ਼ੀ ਧੱਕੇ ਖਾਓ ਮਿੱਤਰੋ,
ਬੰਦ ਕਰ ਦੇਊਂ ਖੱਡੇ ਰੇਤੇ ਨਹਿਰੀ ਦੇ,
ਵੇਚੀ ਚੱਲੋ ਨਸ਼ੇ ਨਾਲ ਹੱਲਾਸ਼ੇਰੀ ਦੇ।

ਪੰਜਾਬ ਸਿੰਆਂ ਤੇਰਾ ਕੋਈ ਦਰਦੀ ਤੇ ਵਾਲੀ ਵਾਰਸ ਨਹੀਂ ਹੈ, ਸਭ ਆਪੋ ਆਪਣੀਆਂ ਰੋਟੀਆਂ ਸੇਕ ਰਹੇ ਹਨ। ਕੇਂਦਰੀ ਸਰਕਾਰਾਂ ਤੋਂ ਲੈ ਕੇ ਸੂਬਾ ਸਰਕਾਰਾਂ ਤਕ ਸਭ ਤੈਨੂੰ ਚੂੰਡ ਚੂੰਡ ਕੇ ਖਾ ਰਹੇ ਹਨ। ਤੇਰੇ ਨਾਲ ਬੇ-ਇਨਸਾਫ਼ੀ ਤੇ ਬੇ-ਇਨਸਾਫ਼ੀ ਹੁੰਦੀ ਆਈ ਹੈ। ਤੇਰੇ ਜ਼ਖ਼ਮਾਂ 'ਤੇ ਮਲ੍ਹਮ ਪੱਟੀ ਲਾਉਣ ਦੀ ਥਾਂ 'ਤੇ ਸਿਆਸਦਾਨਾਂ ਦੀ ਕੰਗਾਲੀ ਸੋਚ ਨੇ ਤੈਨੂੰ ਖੁਰਚਿਆ ਹੀ ਹੈ। ਇਤਿਹਾਸ ਵਿਚ ਇਹ ਗੱਲ ਸਦਾ ਘੁੰਮਦੀ ਰਹੇਗੀ ਜਦੋਂ ਡਾਕਟਰ ਮਨਮੋਹਨ ਸਿੰਘ ਸਾਬਕਾ ਪ੍ਰਧਾਨ ਮੰਤ੍ਰੀ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਮੁਖਾਤਿਬ ਹੁੰਦਿਆ ਕਿਹਾ ਸੀ ਕਿ "ਪੰਜਾਬ ਦੇ ਮੁੱਖ ਮੰਤ੍ਰੀ ਨੇ ਕਦੇ ਸੂਬੇ ਲਈ ਕੁਝ ਮੰਗਿਆ ਹੀ ਨਹੀਂ ਹੈ ਜੇ ਮੰਗਿਆ ਹੈ ਤਾਂ ਆਪਣੇ ਹਿੱਤਾਂ ਦੀ ਪੂਰਤੀ ਹੀ ਮੰਗੀ ਹੈ"। ਦੂਜਾ ਦੁਖਾਂਤ ਸਭ ਤੋਂ ਵੱਡਾ ਕਿ ਜਦੋਂ ਵੀ ਪੰਜਾਬ ਦੀਆਂ ਮੰਗਾਂ ਦੀ ਕੋਈ ਗੱਲ ਕੀਤੀ ਹੈ ਤਾਂ ਉਹ ਸਿੱਖਾਂ ਦੀਆਂ ਮੰਗ ਕਹਿ ਬੇ-ਲੋੜਾ ਤੂਫ਼ਾਨ ਖੜਾ ਕੀਤਾ ਜਾਂਦਾ ਰਿਹਾ ਹੈ। ਪੰਜਾਬ ਦੀਆਂ ਹਕੀਕੀ ਮੰਗਾਂ ਨੂੰ ਦੇਸ਼ ਵਿਰੋਧੀ ਮੰਗਾਂ ਕਹਿ ਕੇ ਸਿੱਖਾਂ ਨੂੰ ਬਦਨਾਮ ਕੀਤਾ ਜਾਂਦਾ ਹੈ। ਪੰਜਾਬ ਦੇ ਕਾਮਰੇਡ ਕਦੇ ਵੀ ਪੰਜਾਬ ਦੇ ਹੱਕ ਵਿਚ ਖੜੇ ਨਹੀਂ ਹੋਏ। ਜਦੋਂ ਵੀ ਕੋਈ ਬਿਆਨ ਦਿੱਤਾ ਹੈ ਤਾਂ ਪੰਜਾਬ ਦੇ ਵਿਰੋਧ ਵਿੱਚ ਹੀ ਦਿੱਤਾ ਹੈ। ਅਜੇ ਕਲ੍ਹ ਦੀ ਗੱਲ ਹੈ ਜਲੰਧਰ ਦੇਸ਼ ਭਗਤ ਹਾਲ ਵਿਚ ਗਦਰੀ ਬਾਬਿਆਂ ਦੇ ਮੇਲੇ ਤੇ ਸਿੱਖੀ ਨਾਲ ਸਬੰਧਿਤ ਪੁਸਤਕਾਂ ਨਹੀਂ ਲੱਗਣ ਦਿੱਤੀਆਂ। ਇਹ ਹਮੇਸ਼ਾਂ ਪੰਜਾਬ ਤੇ ਸਿੱਖੀ ਸਰੋਕਾਰਾਂ ਦੇ ਵਿਰੋਧ ਵਿਚ ਹੀ ਭੁਗਤੇ ਹਨ।



ਜਿੱਥੇ ਸਿਆਸਤਦਾਨ ਬੇਈਮਾਨ ਰਹੇ ਹਨ ਉੱਥੇ ਪੰਜਾਬ ਦਾ ਮਹਾਸ਼ਾ ਪ੍ਰੈਸ ਅੱਡੀਆਂ ਚੁੱਕ ਚੁੱਕ ਪੰਜਾਬ ਦੇ ਵਿਰੁੱਧ ਭੁਗਤਦਾ ਆ ਰਿਹਾ ਹੈ। ਮਹਾਸ਼ਾ ਪ੍ਰੈਸ ਨੇ ਹਮੇਸ਼ਾਂ ਅਜੇਹਾ ਮਾਹੌਲ ਸਿਰਜਿਆ ਹੈ ਜਿਸ ਨਾਲ ਪੰਜਾਬ ਹੋਰ ਲਹੂ-ਲੁਹਾਨ ਹੁੰਦਾ ਰਿਹਾ ਹੈ। ਦੁੱਖ ਦੀ ਗੱਲ ਹੈ ਕਿ ਪੰਜਾਬ ਦੇ ਸਿਆਸੀ ਨੇਤਾਵਾਂ ਦਾ ਕੱਦ ਬੌਣਾ ਹੋ ਗਿਆ ਹੈ। ਪੰਜਾਬ ਦੀ ਕੋਈ ਪਾਰਟੀ ਪੰਜਾਬ ਦਾ ਸਹੀ ਪੱਖ ਪੇਸ਼ ਹੀ ਨਹੀਂ ਕਰ ਰਹੀ। ਇਹ ਨੇਤਾ ਬਾਕੀ ਸੂਬਿਆਂ ਦੇ ਨੇਤਾਵਾਂ ਨੂੰ ਪੰਜਾਬ ਸਿੰਆਂ ਤੇਰੀਆਂ ਸਮੱਸਿਆਂ ਸਬੰਧੀ ਕੁਝ ਦੱਸ ਹੀ ਨਹੀਂ ਸਕੇ। ਅਸੀਂ ਪੰਜਾਬ ਦੀ ਸਮੱਸਿਆ ਪ੍ਰਤੀ ਅਜੇ ਤੱਕ ਕੋਈ ਮਾਹੌਲ ਹੀ ਨਹੀਂ ਸਿਰਜ ਸਕੇ। ਪੰਜਾਬ ਦੇ ਸਿਆਸੀ ਨੇਤਾ ਬੌਧਿਕ ਪੱਖੋਂ ਕੰਗਾਲ ਹੋ ਚੁੱਕੇ ਹਨ। ਇਨ੍ਹਾਂ ਦਾ ਇਕੋ ਕੰਮ ਰਹਿ ਗਿਆ ਹੈ ਆਪੋ ਆਪਣੀਆਂ ਪਾਰਟੀਆਂ ਵਿਚ ਰਹਿ ਕੇ ਇਕ ਦੂਜੇ ਨੂੰ ਠਿੱਬੀਆਂ ਕਿਵੇਂ ਮਾਰਨੀਆਂ ਹਨ ਜਾਂ ਆਪਣੇ ਪੁੱਤ, ਭਤੀਜਿਆਂ, ਵਹੁਟੀਆਂ ਲਈ ਗਿੜਗੜਾ ਕੇ ਟਿਕਟਾਂ ਦੀ ਮੰਗ ਕਰਨੀ। ਨਿੱਜੀ ਸੁਆਰਥ ਦੀ ਤਮੰਨਾ ਨੇ ਸਿਆਸੀ ਆਗੂਆਂ ਵਿਚੋਂ ਪੰਜਾਬ ਦੀ ਵਫ਼ਾਦਾਰੀ ਖ਼ਤਮ ਕਰ ਦਿੱਤੀ ਹੈ। ਇਨ੍ਹਾਂ ਸਿਆਸੀ ਆਗੂਆਂ ਨੇ ਸੇਵਾ ਦੇ ਨਾਂ 'ਤੇ ਸਿਆਸੀ ਧੰਦਾ ਕੀਤਾ ਹੈ।

ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਹੁੰਦਾ ਸੀ। ਹੁਣ ਕਈ ਅਕਾਲੀ ਦਲ ਬਣ ਗਏ ਹਨ ਪਰ ਇਨ੍ਹਾਂ ਵਿਚੋਂ ਬਾਦਲ ਦਲ ਹੀ ਰਾਜ ਭਾਗ ਦਾ ਮਾਲਕ ਬਣਦਾ ਆ ਰਿਹਾ ਹੈ। ਅਕਾਲੀ ਦਲ ਬਾਦਲ ਨੇ ਅਕਾਲੀ ਦਲ ਵਿਚੋਂ ਸਿੱਖੀ ਭਾਵਨਾ, ਸਿੱਖੀ ਜਜ਼ਬਾ, ਸਿੱਖੀ ਸਰੋਕਾਰ ਤੇ ਕੁਰਬਾਨੀ ਵਾਲੀ ਭਾਵਨਾ ਹੀ ਖਤਮ ਕਰ ਦਿੱਤੀ ਹੈ। ਜਿੰਨ੍ਹੇ ਵੀ ਹਲਕਾ ਇੰਚਾਰਜ ਲਾਏ ਜਾ ਰਹੇ ਹਨ ਉਨ੍ਹਾਂ ਵਿਚ ਸਿੱਖੀ ਸਭਿਆਚਾਰ, ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨਾਲ ਕੋਈ ਸਰੋਕਾਰ ਨਹੀਂ ਹੈ।

ਇਕ ਚੈਨਲ 'ਤੇ ਗੱਲਬਾਤ ਚੱਲ ਰਹੀ ਸੀ ਕਿ 1997 ਤਕ ਬਾਦਲ ਦੀ ਜਾਇਦਾਦ ਨਾਰਮਲ ਸੀ ਪਰ ਜਦੋਂ ਦਾ ਸੁਖਬੀਰ ਸਿੰਘ ਬਾਦਲ ਆਇਆ ਹੈ ਇਨ੍ਹਾਂ ਦੀ ਜਾਇਦਾਦ ਛੜੱਪੇ ਮਾਰ ਕੇ ਵਧੀ ਹੈ। ਸੁਖਬੀਰ ਸਿੰਘ ਬਾਦਲ ਕਹਿੰਦਾ ਹੈ ਮੇਰਾ ਬਿਜਨਸ ਹੈ ਤਾਂ ਗੱਲਬਾਤ ਕਰਨ ਵਾਲੇ ਵਿਦਵਾਨ ਸ੍ਰ. ਜਗਤਾਰ ਸਿੰਘ ਦੀ ਟਿੱਪਣੀ ਬੜੀ ਸਾਰਥਿਕ ਸੀ ਕਿ ਭਈ ਜੇ ਬਿਜਨਸ ਹੀ ਕਰਨਾ ਹੈ ਤਾਂ ਸਿਆਸਤ ਛੱਡ ਦੇਣੀ ਚਾਹੀਦੀ ਹੈ। ਕਹਾਣੀ ਸਪੱਸ਼ਟ ਹੈ ਬਿਜਨਸ ਕਰਨ ਵਾਲੇ ਆਪਣੀ ਕੌਮ ਨਾਲ ਵਫ਼ਾਦਾਰੀ ਨਹੀਂ ਰੱਖ ਸਕਦੇ।

ਹਵਸ ਕੇ ਬੰਦੇ, ਵਫ਼ਾ ਕੋ ਬੇਚ ਦੇਤੇ ਹੈਂ,
ਖ਼ੁਦਾ ਕੇ ਘਰ ਕੋ ਤੋ ਕਿਆ, ਵੋ ਖ਼ੁਦਾ ਕੋ ਹੀ ਬੇਚ ਦੇਤੇ ਹੈਂ।


ਪੰਜਾਬ ਦੀ ਹੋਣੀ ਨੂੰ ਸਮਝਣ ਲਈ ਥੋੜਾ ਪਿੱਛੇ ਜਾਣਾ ਪਏਗਾ। 1849 ਈਸਵੀ ਨੂੰ ਪੰਜਾਬ ਮੁਕੰਮਲ ਤੌਰ ਤੇ ਅੰਗਰੇਜ਼ਾਂ ਅਧੀਨ ਚਲਾ ਗਿਆ। ਅੰਗਰੇਜ਼ਾਂ ਨੇ ਸਿੱਖਾਂ ਨਾਲ ਸਬੰਧਿਤ ਸਭ ਨਿਸ਼ਾਨੀਆਂ ਨੂੰ ਖਤਮ ਕਰਨ ਦਾ ਤਹੱਈਆ ਕਰ ਲਿਆ ਸੀ। ਲੋੜ ਅਨੁਸਾਰ ਕਿਲ੍ਹੇ ਰੱਖ ਲਏ ਬਾਕੀ ਢੂਹਾ ਦਿੱਤੇ ਗਏ। ਅੰਗਰੇਜ਼ਾਂ ਨੇ ਸਮਝ ਲਿਆ ਸੀ ਕਿ ਜੇ ਪੰਜਾਬ 'ਤੇ ਰਾਜ ਕਰਨਾ ਹੈ ਤਾਂ ਇਨ੍ਹਾਂ ਦੀ ਹਰ ਪੱਧਰ 'ਤੇ ਪਛਾਣ ਖਤਮ ਕਰਨੀ ਹੋਵੇਗੀ। ਸਿੱਖੀ ਸਰੋਕਾਰਾਂ ਤੇ ਪੰਜਾਬ ਦਾ ਸਭਿਆਚਾਰ ਬਦਲਣ ਲਈ ਕਈ ਪ੍ਰਕਾਰ ਦੀਆਂ ਅੰਦਰ ਖਾਤੇ ਚਾਲਾਂ ਚੱਲੀਆਂ। ਪੰਜਾਬ ਦੀ ਪੀੜ੍ਹੀ ਨੂੰ ਪੁੱਠਾ ਗੇੜਾ ਦੇਣ ਲਈ ਵਿਦਿਅਕ ਖੇਤਰ ਦੀਆਂ ਨੀਤੀਆਂ ਬਦਲੀਆਂ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪੰਜਾਬ ਦੀ ਵਿਦਿਅਕ ਨੀਤੀ ਬਹੁਤ ਪ੍ਰਪੱਕਤਾ ਨਾਲ ਚੱਲ ਰਹੀ ਸੀ। ਉਸ ਸਮੇਂ ਇਕੱਲੇ ਲਾਹੌਰ ਵਿਚ 14 ਸਕੂਲ ਲੜਕਿਆਂ ਤੇ 12 ਸਕੂਲ ਲੜਕੀਆਂ ਦੇ ਚਲਦੇ ਸਨ। ਇਥੇ ਹੀ ਬੱਸ ਨਹੀਂ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬੀ ਤੇ ਫ਼ਾਰਸੀ ਦਾ ਕਾਇਦਾ ਤਿਆਰ ਕਰਵਾਇਆ ਜਿਸ ਦੁਆਰਾ ਵਿਦਿਆਰਥੀ ਤਿੰਨ ਮਹੀਨੇ ਵਿਚ ਵਿਦਿਆ ਸਿੱਖ ਲੈਂਦਾ ਸੀ। 1849 ਵਿਚ ਅੰਗਰੇਜ਼ਾਂ ਨੇ ਲੋਕਾਂ ਦੀ (ਜਨ ਗਣਨਾ) ਗਿਣਤੀ ਕਰਾਈ ਤਾਂ ਉਸ ਸਮੇਂ ਪੰਜਾਬ ਦੀ ਰਾਜਧਾਨੀ ਲਾਹੌਰ ਵਿਚ ਵਿਦਿਆ ਦੀ ਦਰ 87% ਪ੍ਰਤੀਸ਼ਤ ਸੀ ਤੇ ਸਮੁੱਚੇ ਪੰਜਾਬ ਦੀ 77% ਸੀ ਜਿਹੜੀ ਬ੍ਰਿਟਿਸ਼ ਰਾਜ ਨਾਲੋਂ ਵੱਧ ਪੜ੍ਹਿਆ ਲਿਖਿਆਂ ਦੀ ਸੀ। ਅੰਗਰੇਜ਼ ਦੇ ਰਾਜ ਵਿਚ ਕਿਸੇ ਸਮੇਂ ਸੂਰਜ ਨਹੀਂ ਡੁੱਬਦਾ ਸੀ ਪਰ ਉਨ੍ਹਾਂ ਦੀ ਪ੍ਰਾਇਮਰੀ ਸਿਖਿਆ ਦਾ ਐਕਟ 1870 ਈ. ਨੂੰ ਬਣਿਆ ਤੇ 1880 ਈ. ਨੂੰ ਪੜ੍ਹਾਈ ਲਾਜ਼ਮੀ ਕੀਤੀ ਗਈ ਤੇ ਅਮਰੀਕਾ

ਨੇ 1852 ਈ. ਨੂੰ ਲਾਜ਼ਮੀ ਪੜ੍ਹਾਈ ਦਾ ਕਾਨੂੰਨ ਲਾਗੂ ਕੀਤਾ। ਜਦ ਕਿ ਮਹਾਰਾਜਾ ਰਣਜੀਤ ਸਿੰਘ ਨੇ 1799 ਨੂੰ ਰਾਜ ਭਾਗ ਸੰਭਾਲਦਿਆਂ ਹੀ ਸਿੱਖਿਆ ਨੀਤੀ ਬਣਾ ਦਿੱਤੀ ਸੀ।

ਲਹਿੰਦੇ ਪੰਜਾਬ ਦੇ ਲੇਖਕ ਮੁਹੰਮਦ ਜ਼ਕਰੀਆ ਆਫ਼ਤਾਬ ਨੇ ਅੱਗੇ ਲਿਖਿਆ ਹੈ ਕਿ ਅੰਗਰੇਜ਼ਾਂ ਵਲੋਂ ਸਰਕਾਰੀ ਇਸ਼ਤਿਹਾਰਾਂ ਵਿੱਚ ਹੋਕਾ ਦਿੱਤਾ ਗਿਆ ਕਿ ਜਿਹੜਾ ਹਥਿਆਰ ਜਮ੍ਹਾਂ ਕਰਾਏਗਾ ਉਸ ਨੂੰ ਦੋ ਆਨੇ ਤੇ ਕਾਇਦੇ ਜਮ੍ਹਾਂ ਕਰਾਉਣ ਵਾਲੇ ਨੂੰ ਛੇ ਆਨੇ ਦਿੱਤੇ ਜਾਣਗੇ। ਪੰਜਾਬੀਆਂ ਦੀ ਮਾਂ ਬੋਲੀ ਨੂੰ ਖਤਮ ਕਰਨ ਲਈ ਉਰਦੂ ਨੂੰ ਤਰਜੀਹ ਦਿੱਤੀ ਗਈ। ਅੰਗਰੇਜ਼ ਦਾ ਖ਼ਿਆਲ ਸੀ ਕਿ ਜੇ ਇਹ ਗੁਰਮੁਖੀ ਪੜ੍ਹਨੀ ਛੱਡ ਗਏ ਤਾਂ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਨਾ ਆਪੇ ਛੱਡ ਜਾਣਗੇ। ਅਜਿਹਾ ਕਰਨ ਨਾਲ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਾਧਾਰਾ ਨਾਲੋਂ ਆਪੇ ਟੁੱਟ ਜਾਣਗੇ।

ਅਸਲ ਮਕਸਦ ਸਿੱਖਾਂ ਨੂੰ ਆਪਣੇ ਵਿਰਸੇ, ਸਭਿਆਚਾਰ ਤੇ ਸਿੱਖੀ ਸਰੋਕਾਰਾਂ ਤੋਂ ਦੂਰ ਕਰਨਾ ਸੀ। ਸਿੱਖੀ ਦੇ ਨਿਆਰੇਪਨ ਨੂੰ ਖਤਮ ਕਰਨ ਲਈ ਇਕ ਮਹੌਲ ਸਿਰਜਿਆ ਗਿਆ। ਅਜਿਹੇ ਕੱਚ ਘਰੜ ਵਿਦਵਾਨਾਂ ਪਾਸੋਂ ਸਿੱਖ ਫਲਸਫੇ ਸਬੰਧੀ ਪੁਸਤਕਾਂ ਤਿਆਰ ਕਰਾਈਆਂ ਜਿਹੜੀਆਂ ਸਿੱਖੀ ਨੂੰ ਸਨਾਤਨ ਧਰਮ ਵਲ ਨੂੰ ਪ੍ਰੇਰਤ ਕਰਦੀਆਂ ਸਨ। ਹੁਣ ਭਾਰਤ ਸਰਕਾਰ ਵਲੋਂ ਹਿੰਦੀ ਬੋਲੀ ਦੁਆਰਾ ਭਾਰਤ ਦਾ ਹਿੰਦੂਕਰਨ ਕੀਤਾ ਜਾ ਰਿਹਾ ਹੈ। ਵਰਤਮਾਨ ਸਮੇਂ ਵਿਚ ਵੀ ਅਜੇਹਾ ਵਰਤਾਰਾ ਸਿਰਜਿਆ ਜਾ ਰਿਹਾ ਹੈ ਕਿ ਸਿੱਖ ਦਿਸਣੇ ਤਾਂ ਜ਼ਰੂਰ ਚਾਹੀਦੇ ਹਨ ਪਰ ਇਨ੍ਹਾਂ ਦੀਆਂ ਰਹੁ ਰੀਤੀਆਂ ਸਾਰੀਆਂ ਹਿੰਦੂਆਂ ਵਾਲੀਆਂ ਹੋਣੀਆਂ ਚਾਹੀਦੀਆਂ ਹਨ।



ਪੰਜਾਬੀਆਂ ਦੀ ਅਣਖ ਤੇ ਸਵੈਮਾਣ ਮਾਰਨ ਲਈ ਭਾਰਤੀ ਕਾਂਗਰਸ ਪਾਰਟੀ ਵਲੋਂ ਅਜੇਹੀਆਂ ਗੋਂਦਾਂ ਗੁੰਦੀਆਂ ਗਈਆਂ ਕਿ ਹੱਸਦੇ ਵੱਸਦੇ ਪੰਜਾਬ ਨੂੰ ਰਾਜਨੀਤੀ ਦੀ ਤਿੱਖੀ ਰੰਬੀ ਨਾਲ ਚੀਰ ਸੁੱਟਿਆ। ਬਾਰ ਬਾਰ ਲਿਖਦਿਆਂ ਵੀ ਕਚਿਆਣ ਆਉਂਦੀ ਹੈ ਕਿ ਸਾਰੇ ਭਾਰਤ ਵਿਚ ਬੋਲੀ ਅਧਾਰਤ ਸੂਬਿਆਂ ਦਾ ਗਠਨ ਕੀਤਾ ਗਿਆ ਪਰ ਪੰਜਾਬ ਨੂੰ ਬੋਲੀ ਅਧਾਰਤ ਸੂਬਾ ਨਾ ਬਣਾਇਆ ਗਿਆ। ਭਾਰਤ ਦੀ ਅਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਦੇਣ ਵਾਲਿਆਂ ਲਈ ਪੰਜਾਬੀ ਸੂਬਾ ਨਾ ਬਣਾਇਆ ਗਿਆ। ਇਥੇ ਵੀ ਪੰਜਾਬੀ ਨੇਤਾ ਸਿਆਸਤ ਦਾ ਸ਼ਿਕਾਰ ਹੋ ਗਏ। ਪਾਣੀ ਖੋਹਿਆ ਗਿਆ ਪਰ ਕੀ ਮਜਾਲ ਹੈ ਪੰਜਾਬ ਦੇ ਕਿਸੇ ਕਾਂਗਰਸੀ, ਕਾਮਰੇਡ, ਭਾਰਤੀ ਜਨਤਾ ਪਾਰਟੀ ਦੇ ਲੀਡਰਾਂ ਨੇ ਪੰਜਾਬ ਲਈ ਹਾਅ ਦਾ ਨਾਅਰਾ ਮਾਰਿਆ ਹੋਵੇ? ਪੰਜਾਬ ਦੇ ਸੱਜੇ ਤੇ ਖੱਬੇ ਪੱਖੀ ਕਾਮਰੇਡ ਕਦੇ ਵੀ ਪੰਜਾਬ ਦੇ ਮੁੱਦਿਆਂ ਲਈ ਨਹੀਂ ਬੋਲੇ। ਭਾਰਤੀ ਜਨਤਾ ਪਾਰਟੀ ਦੇ ਪੰਜਾਬੀ ਨੇਤਾਵਾਂ ਨੇ ਖਸਮ ਹੀ ਖਾਧੀ ਹੋਈ ਲਗਦੀ ਹੈ ਕਿ ਪੰਜਾਬ ਦੇ ਹਰ ਮੁੱਦੇ ਦੀ ਵਿਰੋਧਤਾ ਹੀ ਕਰਨੀ ਹੈ। ਇਹ ਕਦੇ ਵੀ ਪੰਜਾਬ ਦੇ ਹੱਕਾਂ ਲਈ ਨਹੀਂ ਬੋਲੇ ਜੇ ਕਦੇ ਬੋਲੇ ਵੀ ਹਨ ਤਾਂ ਮੁਰਦੇ ਬੋਲਣ ਵਾਂਗ ਖੱਫਣ ਹੀ ਪਾੜਿਆ ਹੈ।

**ਇਹ ਬਿਲਕੁਲ ਠੀਕ ਹੈ ਕਿ ਪੰਜਾਬ ਦੇ ਅਕਾਲੀਏ ਤੇ ਕਾਂਗਰਸੀਏ ਕੇਂਦਰ ਵਲੋਂ ਬਾਲੀ ਅੱਗ ਵਿਚ ਹੱਥ ਸੇਕਦੇ ਰਹੇ ਤੇ ਆਪਣੀਆਂ ਸਰਕਾਰਾਂ ਬਣਾਉਂਦੇ ਰਹੇ। ਇਕ ਦੂਜੇ 'ਤੇ ਕੇਸ ਕਰਦੇ ਰਹੇ ਤੇ ਉਹ ਕੇਸ ਵਾਪਸ ਵੀ ਲੈਂਦੇ ਰਹੇ। ਇਨ੍ਹਾਂ ਤੋਂ ਦੁਖੀ ਹੋ ਕੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਸਪੱਸ਼ਟ ਬਹੁਮਤ ਦੇ ਕੇ ਵਿਧਾਨ ਸਭਾ ਵਿਚ ਭੇਜਿਆ ਹੈ। ਹੁਣ ਇਨ੍ਹਾਂ ਦੀ ਵਾਰੀ ਹੈ ਕਿ ਸੂਬੇ ਲਈ ਕੁਝ ਕਰਕੇ ਦਿਖਾਇਆ ਜਾਏ। ਆਮ ਆਦਮੀ ਪਾਰਟੀ ਵੀ ਅਜੇ ਉਹੋ ਭਾਸ਼ਨ ਦੇ ਰਹੀ ਹੈ ਜਿਸ ਤਰ੍ਹਾਂ ਚੋਣ ਪ੍ਰਚਾਰ ਚੱਲ ਰਿਹਾ ਹੋਵੇ। ਇਨ੍ਹਾਂ ਨੂੰ ਦੋ ਕੰਮ ਕਰਨੇ ਚਾਹੀਦੇ ਇਕ ਤਾਂ ਜਿਹੜਾ ਕੁਝ ਪਹਿਲੀਆਂ ਸਰਕਾਰਾਂ ਜਾਂ ਉਨ੍ਹਾਂ ਦੇ ਮੰਤਰੀ ਘਪਲੇ ਕਰ ਗਏ ਉਹ ਨਸ਼ਰ ਕਰ ਦੇਣ, ਦੂਜਾ ਪੰਜਾਬ ਦੇ ਮੁੱਦਿਆਂ ਲਈ ਸਪੱਸ਼ਟ ਨੀਤੀ ਬਣਾਈ ਜਾਏ। ਜੇ ਤੁਸੀਂ ਕਹਿੰਦੇ ਸੀ ਬਾਦਲ ਢੀਂਡਸਾ ਦੀ ਫੋਟੋ ਨਹੀਂ ਹੋਣੀ ਚਾਹੀਦੀ ਹੁਣ ਤੁਹਾਡੀਆਂ ਦੇਖਣ ਨੂੰ ਮਿਲ ਰਹੀਆਂ ਹਨ ਫਿਰ ਫਰਕ ਕੀ ਹੈ। ਤੁਸੀ ਤਾਂ ਨਿਯੁਕਤੀ ਪੱਤਰਾਂ ਤੇ ਵੀ ਫੋਟੋ ਲਾ ਦਿੱਤੀ ਹੈ।**

ਭਾਰਤ ਦੀ ਅਬਾਦੀ ਵਿੱਚ ਸਿੱਖ ਕੌਮ ਦੀ ਬਹੁਤ ਥੋੜੀ ਗਿਣਤੀ ਹੈ ਪਰ ਪਿਛਲੇ ਸਾਲਾਂ ਦਾ ਵਰਤਾਰਾ ਬਣ ਗਿਆ ਹੈ ਕਿ ਸਾਰੇ ਸਿੱਖਾਂ ਨੂੰ ਅੱਤਵਾਦੀ ਕਹਿ ਕੇ 90 ਪ੍ਰਤੀਸ਼ੱਤ ਹਿੰਦੂਆਂ ਦੀਆਂ ਵੋਟਾਂ ਲਈਆਂ ਜਾਂਦੀਆਂ ਹਨ। ਕਿਹਾ ਜਾ ਸਕਦਾ ਹੈ ਕਿ ਘੱਟ ਗਿਣਤੀ ਕੌਮਾਂ ਪ੍ਰਤੀ ਨਫਰਤ ਦਾ ਹਊਆ ਖੜਾ ਕਰਕੇ ਬਹੁ ਗਿਣਤੀ ਹਿੰਦੂਆਂ ਦੀਆਂ ਵੋਟਾਂ ਬਟੋਰੀਆਂ ਹਨ।

ਪੰਜਾਬੀਆਂ ਨੂੰ ਸੀਮਤ ਦਾਇਰੇ ਵਿਚ ਬੰਨ੍ਹ ਕੇ ਰੱਖਣ ਦੀ ਕੇਂਦਰ ਸਰਕਾਰ ਦੀ ਨੀਤੀ ਅੱਜ ਵੀ ਓਸੇ ਤਰ੍ਹਾਂ ਬਰਕਰਾਰ ਹੈ। ਜੇ ਕੇਂਦਰ ਦੀਆਂ ਪੰਜਾਬ ਪ੍ਰਤੀ ਮਾਰੂ ਨੀਤੀਆਂ ਚੱਲ ਰਹੀਆਂ ਹਨ ਪਰ ਪੰਜਾਬ ਦੇ ਕਿਸੇ ਨੇਤਾ ਵਿਚ ਇਖ਼ਲਾਕੀ ਤੌਰ 'ਤੇ ਪੰਜਾਬ ਪ੍ਰਤੀ ਕੋਈ ਵਫ਼ਾਦਾਰੀ ਨਹੀਂ ਹੈ।

ਚੋਣਾਂ ਆਉਂਦੀਆਂ ਨੇ ਸਿਆਸਤਦਾਨ ਚੀਕਾਂ ਮਾਰਦੇ ਹਨ ਕਿ ਅਸੀਂ ਪੰਜਾਬ ਨੂੰ ਅਮਰੀਕਾ ਕਨੇਡਾ ਬਣਾ ਦਿਆਂਗੇ। ਪੰਜਾਬ ਭਾਵੇਂ ਅਮਰੀਕਾ ਕਨੇਡਾ ਤਾਂ ਨਹੀਂ ਬਣਿਆਂ ਪਰ ਪੰਜਾਬ ਦੇ ਨੇਤਾਵਾਂ ਨੇ ਆਪਣਿਆਂ ਪਰਿਵਾਰਾਂ ਲਈ ਅਮਰੀਕਾ ਕੈਨੇਡਾ ਜ਼ਰੂਰ ਬਣਾ ਲਿਆ ਹੈ। ਇਨ੍ਹਾਂ ਨੇਤਾਵਾਂ ਨੇ ਸੱਤਾਂ ਸੱਤਾਂ ਪੀੜ੍ਹੀਆਂ ਦੀਆਂ ਰੋਟੀਆਂ ਇਕੱਠੀਆਂ ਕਰ ਲਈਆਂ ਹਨ। ਕੁਝ ਚੰਦ ਕੁ ਲੀਡਰ ਛੱਡ ਦਈਏ ਤਾਂ ਬਾਕੀ ਕਿਸੇ ਵੀ ਪੰਜਾਬੀ ਲੀਡਰ ਵਿਚ ਪੰਜਾਬ ਪ੍ਰਤੀ ਕੋਈ ਮੁਹੱਬਤ ਨਹੀਂ ਹੈ। ਜਿਸ ਲੀਡਰ ਦਾ ਦਾਅ ਲੱਗਿਆ ਹੈ ਉਸ ਨੇ ਹੀ ਪੰਜਾਬ ਨੂੰ ਨਿੰਬੂ ਵਾਂਗ ਨਚੋੜਿਆ ਹੈ। ਪੰਜਾਬ ਦੀ ਅਫ਼ਸਰਸ਼ਾਹੀ ਵੀ ਏਸੇ ਹਮਾਮ ਵਿਚ ਪੂਰੀ ਤਰ੍ਹਾਂ ਨੰਗੀ ਹੈ।

ਦੇਸ਼ ਦੀ ਅਜ਼ਾਦੀ ਸਮੇਂ ਪੰਜਾਬੀ ਬਹੁਤ ਵੱਡਾ ਧੋਖਾ ਖਾ ਗਏ ਸਨ। ਪੰਜਾਬ ਇਕ ਵੱਖਰਾ ਮੁਲਕ ਸੀ ਜਿਸ ਨੂੰ ਅਜ਼ਾਦ ਕਰਾਉਣ ਲਈ ਮਰਜੀਵੜੇ ਅਜ਼ਾਦੀ ਦੀ ਲਹਿਰ ਵਿਚ ਕੁੱਦੇ ਪਰ ਦੇਸ਼ ਪੰਜਾਬ ਪਾਸੇ ਰਹਿ ਗਿਆ ਤੇ ਅਜ਼ਾਦੀ ਦੀ ਲਹਿਰ ਸਮੁੱਚੇ ਭਾਰਤ ਲਈ ਬਣ ਗਈ। ਸਿੱਖ ਲੀਡਰਾਂ ਨੇ ਆਪਣੀ ਹੋਣੀ ਭਾਰਤ ਨਾਲ ਜੋੜੀ ਪਰ ਵਰਤਮਾਨ ਸਮੇਂ ਵਿਚ ਪੰਜਾਬ ਸਿਆਂ ਤੇਰੀ ਹੋਂਦ ਮਿਟਾਈ ਜਾ ਰਹੀ ਹੈ। ਪੰਜਾਬ ਸਿਆਂ ਤੇਰੀਆਂ ਫਸਲਾਂ ਨਸਲਾਂ ਤਬਾਹ ਕੀਤੀਆਂ ਜਾ ਰਹੀਆਂ ਹਨ ਤੇ ਇਸ ਤਬਾਹੀ ਲਈ ਸਾਰੀਆਂ ਪਾਰਟੀਆਂ ਦੇ ਲੀਡਰ ਬਰਾਬਰ ਦੇ ਜ਼ਿੰਮੇਵਾਰ ਹਨ। ਪੰਜਾਬ ਦੇ ਸਿਆਸੀ ਲੀਡਰਾਂ ਦੀ ਸੋਚ ਵਿਚ ਕੰਗਾਲਤਾ ਆ ਗਈ ਤੇ ਬੋਧਿਕਤਾ ਖਤਮ ਹੋ ਗਈ ਹੈ। ਪਿਛਲੇ ਦਿਨੀ ਭਾਰਤੀ ਰਿਜ਼ਰਵ ਬੈਂਕ ਨੇ ਇਕ ਰਿਪੋਰਟ ਨਸ਼ਰ ਕੀਤੀ ਜਿਸ ਵਿਚ ਮੁਲਕ ਦੇ ਦਸ ਰਾਜਾਂ ਦੀ ਆਰਥਿਕ ਹਾਲਤ ਮੰਦੀ ਦੱਸੀ ਗਈ। ਇਕ ਸਰਵੇ ਅਨੁਸਾਰ ਪੰਜਾਬ ਦੀ ਆਰਥਿਕਤਾ ਪੂਰੀ ਤਰ੍ਹਾਂ ਕਰਜ਼ਾਈ ਹੋਣ ਕਰਕੇ ਇਹ ਪਹਿਲੇ ਨੰਬਰ 'ਤੇ ਆਉਂਦਾ ਹੈ।

ਪੰਜਾਬ ਦੀਆਂ ਸਮੁੱਚੀਆਂ ਪਾਰਟੀਆਂ ਨੇ ਇਕ ਦੂਜੇ ਨਾਲੋਂ ਅੱਗੇ ਵੱਧ ਕੇ ਮੁਫਤ ਦੀਆਂ ਬੇ-ਲੋੜੀਆਂ ਸਹੂਲਤਾਂ ਦੇ ਕੇ ਪੰਜਾਬ ਦੇ ਆਰਥਿਕ ਪੱਖ ਨੂੰ ਵੱਡੀ ਢਾਅ ਲਾਈ ਹੈ। ਹੈਰਾਨਗੀ ਦੀ ਗੱਲ ਦੇਖੋ ਜਿਹੜੀ ਸਹੂਲਤ ਪੰਜਾਬੀਆਂ ਮੰਗੀ ਹੀ ਨਹੀਂ ਹੈ ਉਹ ਸਹੂਲਤ ਕਰਜ਼ਾ ਚੁੱਕ ਕੇ ਦਿੱਤੀ ਜਾ ਰਹੀ ਹੈ।

ਰਾਜਨੀਤੀ ਕੇ ਖੇਲ ਯੇ ਸਮਝ ਸਕਾ ਹੈ ਕੌਨ,

ਬਹਿਰੋਂ ਕੋ ਭੀ ਬਾਂਟ ਰਹੇ ਅਬ ਮੋਬਾਇਲ ਫੋਨ।

ਕੀ ਅਜਿਹੀਆਂ ਸਹੂਲਤਾਂ ਦੇ ਕੇ ਪੰਜਾਬ ਸਿਰ ਕਰਜ਼ੇ ਦੀ ਪੰਡ ਨਹੀਂ ਚੜ੍ਹਾਈ ਗਈ ਜਾਂ ਚੜ੍ਹਾਈ ਜਾ ਰਹੀ ਹੈ? ਕੀ ਸਿਆਸਤ ਵਿਚੋਂ ਇਨਸਾਨੀਅਤ ਵਾਲੀ ਭਾਵਨਾ ਖਤਮ ਹੋ ਗਈ ਹੈ। ਮੁਫਤ ਦੀਆਂ ਸਹੂਲਤਾਂ ਦੇ ਕੇ ਆਪਣੇ ਕਾਰੋਬਾਰ ਨਹੀਂ ਵਧਾਏ। ਜੇ ਪੰਜਾਬ ਨਾਲ ਮਿੱਤ੍ਰਤਾ ਹੁੰਦੀ ਤਾਂ ਸਰਕਾਰੀ ਬੱਸਾਂ ਦੀਆਂ ਬਾਡੀਆਂ ਬਾਹਰਲੀ ਸਟੇਟ ਤੋਂ ਲਵਾਉਂਦੇ? ਜੇ ਵਾਕਿਆ ਹੀ ਆਪਣੇ ਸੂਬੇ ਪ੍ਰਤੀ ਕੋਈ ਮੋਹ ਦੀ ਚਿਣਗ ਹੁੰਦੀ ਤਾਂ ਸਰਕਾਰੀ ਬੱਸਾਂ ਹਟਾ ਕੇ ਦਿੱਲੀ ਏਅਰ ਪੋਰਟ ਤੇ ਆਪਣੀਆਂ ਬੱਸਾਂ ਨਾ ਲਾਉਂਦੇ। ਤੁਸਾਂ ਸਾਰਿਆਂ ਜਿਹਦਾ ਜ਼ੋਰ ਚੱਲਿਆ ਉਨ੍ਹੇ ਹੀ ਸਰਕਾਰੀ ਟ੍ਰਾਂਸਪੋਰਟ ਖਾ ਲਈ ਹੈ। ਕਮਾਈ ਵਾਲੇ ਰੂਟਾਂ ਤੇ ਤੁਹਾਡੀਆਂ ਹੀ ਬੱਸਾਂ ਸ਼ੂਕਦੀਆਂ ਹਨ।

ਸਮੁੱਚੇ ਪੰਜਾਬ ਦੇ ਸਿਆਸਤਦਾਨਾਂ ਵਿਚ ਪੂਰੀ ਤਰ੍ਹਾਂ ਅਕ੍ਰਿਤਘਣਤਾ ਆ ਗਈ ਹੈ। ਅਕ੍ਰਿਤਘਣ ਉਸ ਨੂੰ ਕਿਹਾ ਗਿਆ ਹੈ ਜਿਹੜਾ ਨਮਕ ਖਾ ਕੇ ਹਰਾਮ ਕਰ ਦੇਵੇ। ਭਾਈ ਗੁਰਦਾਸ ਜੀ ਨੇ ਵਿਚਾਰ ਦਿੱਤੇ ਹਨ ਕਿ ਧਰਤੀ ਆਖਦੀ ਹੈ ਮੈਨੂੰ ਕਿਸੇ ਇਮਾਰਤ, ਪਹਾੜ, ਨਦੀਆਂ-ਨਾਲੇ, ਬਾਗ ਬਗੀਚੇ, ਜੰਗਲ ਆਦਿ ਕੁਝ ਵੀ ਭਾਰਾ ਨਹੀਂ ਲੱਗਦਾ ਮੈਨੂੰ ਕੇਵਲ ਅਕ੍ਰਿਤਘਣ ਭਾਰੇ ਲੱਗਦੇ ਹਨ।

**ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ।**
**ਨਾ ਤਿਸੁ ਭਾਰੇ ਕੋਟ ਗੜ੍ਹ ਘਰਬਾਰ ਦਿਸੰਦੇ।**
**ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ।**
**ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ।**
**ਨਾ ਤਿਸੁ ਭਾਰੇ ਜੀਅਜੰਤ ਅਣਗਣਤ ਫਿਰੰਦੇ।**
**ਭਾਰੇ ਭੁਈਂ ਅਕ੍ਰਿਤਘਣ ਮੰਦੀ ਹੂ ਮੰਦੇ। (ਵਾਰ-35, ਪਉੜੀ- 8)**

ਭਾਈ ਗੁਰਦਾਸ ਜੀ ਤਾਂ ਇਥੋਂ ਤਕ ਲਿਖਦੇ ਹਨ ਕਿ ਸ਼ਰਾਬ ਵਿਚ ਰਿੰਨ੍ਹੇ ਹੋਏ ਕੁੱਤੇ ਦੇ ਮਾਸ ਨੂੰ ਇਨਸਾਨੀ ਖੋਪਰੀ ਵਿਚ ਰੱਖ ਕੇ ਮਹੀਨਾਵਰੀ ਲਹੂ ਨਾਲ ਲਿਬੜੇ ਹੋਏ ਕਪੜੇ ਨਾਲ ਢੱਕ ਕੇ ਲਿਜਾ ਰਹੀ ਘਟੀਆ ਕਿਸਮ ਦੇ ਕਰਮ ਕਰਨ ਵਾਲੀ ਨੂੰ ਕਿਸੇ ਪੁੱਛਿਆ ਕਿ ਚੱਜ ਦੀ ਚੀਜ਼ ਤਾਂ ਕੋਈ ਨਹੀ ਪਰ ਫਿਰ ਵੀ ਤੂੰ ਢੱਕ ਕਿ ਕਿਉਂ ਜਾ ਰਹੀ ਏਂ ਤਾਂ ਅੱਗੋਂ ਆਖਦੀ ਹੈ ਕਿ ਮੈਂ ਸੋਚਦੀ ਹਾਂ ਕਿਤੇ ਅਕ੍ਰਿਤਘਣ ਬੰਦੇ ਦੀ ਨਜ਼ਰ ਨਾ ਪੈ ਜਾਏ।

**ਨਦਰੀ ਪਵੈ ਅਕਿਰਤਘਣੁ ਮਤੁ ਹੋਇ ਵਿਣਾਸੁ।**
**(ਵਾਰ-35, ਪਉੜੀ- 9)**

ਪੰਜਾਬ ਦੇ ਲੀਡਰੋ ਕਦੇ ਇਤਿਹਾਸ ਦੇ ਪੰਨਿਆਂ ਨੂੰ ਫੋਲ ਕੇ ਵਫ਼ਾਦਾਰੀ ਦਾ ਸਬਕ ਹੀ ਲੈ ਲਓ। ਜਿਸ ਧਰਤੀ ਦੇ ਤੁਸੀਂ ਵਾਰਸ ਕਹਾਉਂਦੇ ਹੋ ਉਹਦੇ ਕਦੇ ਇਤਿਹਾਸ ਨੂੰ ਹੀ ਪੜ੍ਹ ਲਓ! ਸ੍ਰ. ਸਰਦਾਰਾ ਸਿੰਘ ਜੋਹਲ ਪੰਜਾਬ ਦਾ ਬਹੁਤ ਡੂੰਘਾ ਦਰਦ ਰੱਖਣ ਵਾਲੇ ਇਨਸਾਨ ਹਨ-ਉਹ ਲਿਖਦੇ ਹਨ ਕਿ ਪੰਜਾਬ ਦੇ ਸਿਆਸੀ ਲੋਕ ਦੋ ਸੌਕਣਾਂ ਵਾਂਗ ਵਿਚਰ ਰਹੇ ਹਨ। ਕਹਿੰਦੇ ਨੇ ਇਕ ਬੰਦੇ ਦੀਆਂ ਦੋ ਔਰਤਾਂ ਸਨ। ਉਹ ਦੋਵੇਂ ਹੀ ਆਪਸ ਵਿਚ ਬਹੁਤ ਈਰਖਾ ਰੱਖਦੀਆਂ ਸਨ। ਇਕ ਔਰਤ ਨੇ ਪਤੀ ਦੇ ਸਿਰ ਵਿਚੋਂ ਇਕ ਚਿੱਟਾ ਵਾਲ ਪੁੱਟਤਾ ਤਾਂ ਕਿ ਪਤੀ ਜਵਾਨ ਲੱਗੇ। ਦੂਜੀ ਨੇ ਕਿਹਾ, ਕਿ "ਇਸ ਪਤੀ 'ਤੇ ਮੇਰਾ ਵੀ ਹੱਕ ਹੈ ਜੇ ਤੂੰ ਇਕ ਚਿੱਟਾ ਵਾਲ ਪੁੱਟਿਆ ਹੈ ਤਾਂ ਮੈਂ ਦੋ ਕਾਲੇ ਪੁਟਾਂਗੀ"। ਉਸ ਨੇ ਦੋ ਪੁੱਟ ਦਿੱਤੇ ਦੂਜੀ ਨੇ ਚਾਰ ਪੁੱਟ ਧਰੇ, ਉਹਨਾਂ ਨੇ ਦੋਹਾਂ ਨੇ ਆਪਣੇ ਪਤੀ ਦਾ ਸਿਰ ਰੜੇ ਮੈਦਾਨ ਵਰਗਾ ਕਰ ਦਿੱਤਾ। ਇੰਝ ਹੀ ਪੰਜਾਬ ਦੀਆਂ ਸਿਆਸੀ ਪਾਰਟੀਆਂ ਨੇ ਪੰਜਾਬ ਨਾਲ ਸੌਕਣਾਂ ਵਾਲਾ ਵਤੀਰਾ ਧਾਰਨ ਕੀਤਾ ਹੈ। ਕਾਂਗਰਸੀਏ ਤੇ ਅਕਾਲੀਏ ਵਾਰੀ ਵਾਰੀ ਪੰਜਾਬ 'ਤੇ ਕਾਬਜ਼ ਰਹੇ ਹਨ। ਇਸ ਸੱਤਾ ਦਾ ਅਨੰਦ ਖੱਬੇ ਪੱਖੀਆਂ ਤੇ ਭਾਰਤੀ ਜਨਤਾ ਪਾਰਟੀ ਨੇ ਅਕਾਲੀ ਦਲ ਨਾਲ ਮਿਲ ਕੇ ਅਤੇ ਸੱਜੇ ਪੱਖੀਆਂ ਨੇ ਕਾਂਗਰਸ ਨਾਲ ਮਿਲ ਕੇ ਮਾਣਿਆ ਹੈ। ਇਨ੍ਹਾਂ ਪਾਰਟੀਆਂ ਨੇ ਪੰਜਾਬ ਪ੍ਰਤੀ ਕੋਈ ਠੋਸ ਨੀਤੀ ਨਹੀਂ ਬਣਾਈ। ਕੇਵਲ ਡੰਗ ਟਪਾਊ ਨੀਤੀਆਂ ਨਾਲ ਕੰਮ ਸਾਰਿਆ। ਬੇ-ਅਥਾਹ ਜ਼ਮੀਨ 'ਚੋਂ ਪਾਣੀ ਵਰਤ ਕੇ ਪੰਜਾਬ ਰੜਾ ਕਰ ਦਿੱਤਾ ਹੈ। ਆਉਣ ਵਾਲੇ ਸਮੇਂ ਵਿਚ ਫਸਲਾਂ ਤੇ ਨਸਲਾਂ ਕਿੱਥੋਂ ਲੱਭੋਗੇ?



ਜੰਗ-ਏ-ਅਜ਼ਾਦੀ (ਕਰਤਾਰਪੁਰ, ਜਲੰਧਰ)

ਭਾਰਤੀ ਕਾਂਗਰਸ ਕੌਮੀ ਪਾਰਟੀ ਹੋਣ ਕਰਕੇ ਪੰਜਾਬ ਦੇ ਕਾਂਗਰਸੀਏ ਕਦੇ ਵੀ ਆਪਣੀ ਪਾਰਟੀ ਤੋਂ ਬਾਹਰ ਨਹੀਂ ਗਏ। ਭਾਵ ਪਾਰਟੀ ਦੇ ਹਿਤਾਂ ਨੂੰ ਪਹਿਲ ਦਿੱਤੀ ਹੈ ਕਦੇ ਪੰਜਾਬ ਵਾਸਤੇ ਵੱਡੀ ਮੰਗ ਨਹੀਂ ਮੰਗੀ। ਵੱਖ-ਵੱਖ ਸੂਬਿਆਂ ਦੀਆਂ ਚੋਣਾਂ ਸਮੇਂ ਪੰਜਾਬ ਦੇ ਹਿੱਤਾਂ ਨਾਲ ਖਿਲਵਾੜ ਕਰਦੇ ਰਹੇ। ਕੇਂਦਰ ਵਿਚ ਕਾਂਗਰਸ ਦੀ ਸਰਕਾਰ ਹੋਣ ਦੇ ਬਾਵਜੂਦ ਵੀ ਇਨ੍ਹਾਂ ਨੇਤਾਵਾਂ ਨੇ ਪੰਜਾਬ ਲਈ ਕੋਈ ਵੱਡ ਅਕਾਰੀ ਕਾਰਖਾਨਾ ਨਹੀਂ ਲਿਆਂਦਾ। ਹਾਂ ਜੇ ਥੋੜ੍ਹਾ ਬਹੁਤਾ ਲਿਆਂਦਾ ਹੈ ਤਾਂ ਉਹ ਵੀ ਦਮ ਤੋੜ ਗਏ। ਗੋਇੰਦਵਾਲ ਦੀ ਸਮਾਲ ਇੰਡਸਟਰੀ ਲਗਪਗ ਖਤਮ ਹੀ ਹੋ ਗਈ ਹੈ। ਕਪੂਰਥਲੇ ਰੇਲ ਕੋਚ ਫੈਕਟਰੀ ਵਿਚ ਅੱਧਾ ਕੰਮ ਰਹਿ ਗਿਆ। ਜਦੋਂ ਵਾਜਪਾਈ ਦੀ ਸਰਕਾਰ ਬਣੀ ਸੀ ਤਾਂ ਜੈਲਲਿਤਾ ਨੇ ਆਪਣੇ ਸੂਬੇ ਦੇ ਹਿੱਤ ਪਹਿਲਾਂ ਰੱਖੇ ਸਨ ਕਿ ਆਹ ਮੇਰੇ ਮੁੱਦੇ ਹਨ ਪਹਿਲ ਦੇ ਅਧਾਰ 'ਤੇ ਇਨ੍ਹਾਂ ਮੁੱਦਿਆ ਨੂੰ ਹੱਲ ਕਰੋਗੇ ਤਾਂ ਮੈਂ ਤੁਹਾਡੀ ਸਹਾਇਤਾ ਕਰਾਂਗੀ ਦੂਜੇ ਪਾਸੇ ਅਕਲ ਦੇ ਅੰਨ੍ਹੇ ਅਕਾਲੀਏ ਭੱਜੇ ਭੱਜੇ ਗਏ ਕਿ ਵਾਜਪਾਈ ਜੀ ਸਾਡੀ ਕੋਈ ਮੰਗ ਨਹੀਂ ਅਸੀਂ ਤੁਹਾਨੂੰ ਬਿਨਾਂ ਸ਼ਰਤ ਹਮਾਇਤ ਦਿਆਂਗੇ। ਹਾਂ ਸਾਡੀ ਇਕੋ ਹੀ ਮੰਗ ਹੈ ਕਿ ਜਦੋਂ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਵੇ ਮੇਰੇ (ਬਾਦਲ) ਪਰਿਵਾਰ ਦਾ ਜੀਅ ਕੇਂਦਰ ਵਿਚ ਮੰਤਰੀ ਜ਼ਰੂਰ ਬਣਾ ਦਿਆ ਜੇ।

ਵਾਜਪਾਈ ਦੀ ਕੇਂਦਰੀ ਸਰਕਾਰ ਸਮੇਂ ਅਜਿਹਾ ਸਮਾਂ ਸੀ ਜਦੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਧੌਣ 'ਤੇ ਗੋਡਾ ਰੱਖ ਕੇ ਚਿਰਾਂ ਦੀਆਂ ਲਟਕਦੀਆਂ ਮੰਗਾਂ ਦੀ ਪੂਰਤੀ ਕਰਾ ਸਕਦੇ ਸਨ। ਧਰਮੀ ਫੌਜੀਆਂ ਦਾ ਮਸਲਾ, ਉਨ੍ਹਾਂ ਦੀ ਪੈਨਸ਼ਨ, ਸਜਾਵਾਂ ਦੀ ਮੁਆਫ਼ੀ ਉਨ੍ਹਾਂ ਦੇ ਬੱਚਿਆਂ ਲਈ ਕੋਈ ਉਪਰਾਲਾ, ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਗ੍ਰੰਥਾਂ ਦੀ ਵਾਪਸੀ, 1984 ਦੇ ਹੋਏ ਨੁਕਸਾਨ ਦੀ ਭਰਪਾਈ, ਪਾਣੀਆਂ ਦੇ ਮੁੱਦੇ, ਪੰਜਾਬੀ ਬੋਲਦੇ ਇਲਾਕੇ, ਡੈਮਾਂ ਦੀ ਮਲਕੀਅਤ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਰਾਜਾਂ ਨੂੰ ਵੱਧ ਅਧਿਕਾਰ ਦੇਣ ਵਾਲਾ ਅਨੰਦਪੁਰ ਦਾ ਮਤਾ। ਇਨ੍ਹਾਂ ਦਾ ਬੇੜਾ ਬਹਿਜੇ ਇਨ੍ਹਾਂ ਨੇ ਅੱਧੀ ਜ਼ਬਾਨ ਨਾਲ ਵੀ ਕਿਸੇ ਮੰਗ ਦਾ ਜ਼ਿਕਰ ਨਹੀਂ ਕੀਤਾ।

ਅਕਾਲੀਆਂ ਦੀ ਪੰਥਕ ਸਰਕਾਰ ਹੋਵੇ, ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਵੇ, ਸ਼ਾਤ ਬੈਠੀਆਂ ਸੰਗਤਾਂ 'ਤੇ ਗੋਲੀ ਚਲਾਈ ਜਾਵੇ ਤੇ ਕਿਹਾ ਜਾਵੇ ਕਿ ਇਹ ਬੇ-ਅਦਬੀ ਵਿੱਚ ਪਾਕਿਸਤਾਨ ਦਾ ਹੱਥ ਹੈ। ਤੁਹਾਡੇ ਲਈ ਡੁੱਬ ਕੇ ਹੀ ਮਰਨ ਵਾਲੀ ਗੱਲ ਹੈ ਤੁਸੀਂ ਕਿਹੜੇ ਮੂੰਹ ਨਾਲ ਆਪਣੇ ਆਪ ਨੂੰ ਸਿੱਖਾਂ ਦੀ ਸਿਰਮੋਰ ਜੱਥੇਬੰਦੀ ਅਖਵਾਉਂਦੇ ਹੋ। ਵੋਟਾਂ ਲੈਣ ਲਈ ਅਕਾਲੀ ਦਲ ਨੂੰ ਸ਼ਹੀਦਾਂ ਦੀ ਜੱਥੇਬੰਦੀ ਆਖਣ ਲੱਗੇ ਭੋਰਾ ਸ਼ਰਮ ਮਹਿਸੂਸ ਨਹੀਂ ਕਰਦੇ।

ਅਜੀਤ ਅਖ਼ਬਾਰ ਦੇ ਸੰਪਾਦਕ ਤੋਂ ਪੁੱਛਿਆ ਕਿ ਭਾਈ ਤੁਸੀਂ ਜੰਗੇ ਅਜ਼ਾਦੀ ਦੇ ਮੁਖੀ ਰਹੇ ਹੋ ਕੋਈ ਗੜਬੜ ਤਾਂ ਨਹੀਂ ਹੋਈ। ਬਸ ਫਿਰ ਕੀ ਸੀ ਸਾਰੀਆਂ ਰਾਜਨੀਤਿਕ ਪਾਰਟੀਆਂ ਦੇ ਮੁੱਖੀ ਮਸ਼ਹੂਰੀ ਲੈਣ ਲਈ ਅਜੀਤ ਅਖ਼ਬਾਰ ਦੇ ਦਫ਼ਤਰ ਪਹੁੰਚ ਗਏ। ਪੂਰਾ ਵਾਵੇਲਾ ਕੀਤਾ ਗਿਆ। ਕਿਤੇ ਕਿਸੇ ਦਾ ਵਿਆਹ ਹੋਵੇ ਤੁਸੀਂ ਸਾਰੇ ਇਕੱਠੇ ਹੀ ਰੋਟੀ ਛਕਦੇ ਹੋ। ਇਕ ਦੂਜੇ ਨੂੰ ਪਲੇਟਾਂ ਲਿਆ ਕੇ ਦਿੰਦੇ ਹੋ, ਤੁਹਾਡੀਆਂ ਸਾਰੀਆਂ ਪਾਰਟੀਆਂ ਦੇ ਨੁਮਾਇੰਦਿਆਂ ਦੀਆਂ ਤਸਵੀਰਾਂ ਛਪਦੀਆਂ ਹਨ। ਕੀ ਤੁਹਾਨੂੰ ਹੁਣ ਪੰਜਾਬ ਦੇ ਮੁੱਦਿਆਂ 'ਤੇ ਇਕੱਠੇ ਹੋਣ ਲਈ

ਮੌਤ ਪੈਂਦੀ ਆ। ਜਿੰਨਾ ਘਟੀਆ ਪੱਧਰ ਰਾਜਨੀਤੀ ਵਿੱਚ ਹੁਣ ਆਇਆ ਸ਼ਾਇਦ ਹੀ ਪਿਛਲੇ 75 ਸਾਲਾਂ ਵਿਚ ਹੋਵੇ। ਸਵੇਰੇ ਸੁੱਤੇ ਉੱਠਦਿਆਂ ਹੀ ਇਕ ਦੂਜੇ ਨੂੰ ਘਟੀਆ ਤੋਂ ਘਟੀਆ ਮਿਹਣੇ ਮਾਰੇ ਰਹੇ ਹੋ।

ਕਿਹਾ ਜਾਏ ਨੇਤਾ ਜਹਾਂ, ਅੱਛਾ ਵਹੀ ਸ਼ੁਮਾਰ,
ਸਚ ਕਹ ਕਰ ਜੋ ਝੂਠ ਦੇਤਾ, ਹੈ ਗਲੇ ਉਤਾਰ।

ਪੰਜਾਬ ਤੋਂ ਚੁਣੇ ਗਏ ਰਾਜ ਸਭਾ ਤੇ ਲੋਕ ਸਭਾ ਦੇ ਮੈਂਬਰਾਂ ਨੇ ਪੰਜਾਬ ਦੇ ਭਲੇ ਲਈ ਇਕ ਮੀਟਿੰਗ ਵੀ ਨਹੀਂ ਕੀਤੀ। ਇਹ ਮੈਂਬਰ ਕਦੇ ਵੀ ਰਲ਼ ਕੇ ਦੇਸ ਦੇ ਪ੍ਰਧਾਨ ਮੰਤ੍ਰੀ ਕੋਲ ਪੰਜਾਬ ਦਾ ਮੁੱਦਾ ਲੈ ਕੇ ਨਹੀਂ ਗਏ। ਇਕ ਦੋ ਮੈਂਬਰਾਂ ਨੇ ਜ਼ਰੂਰ ਪੰਜਾਬ ਦੀ ਓਨੀ ਕੁ ਗੱਲ ਕੀਤੀ ਹੈ ਜਿਸ ਨਾਲ ਪਾਰਟੀ ਨਾਰਾਜ਼ ਨਾ ਹੋਵੇ।

ਅਕਾਲੀਆਂ ਦੀ ਤਾਂ ਗੱਲ ਕਰਨ ਲੱਗਿਆਂ ਵੀ ਸ਼ਰਮ ਮਹਿਸੂਸ ਹੁੰਦੀ ਹੈ। ਕੇਂਦਰੀ ਵਜ਼ਾਰਤ ਦਾ ਹਿੱਸਾ ਹੋਣ ਕਰਕੇ ਕਹੀ ਜਾਂਦੇ ਸੀ ਖੇਤੀ ਦੇ ਤਿੰਨੇ ਕਾਨੂੰਨ ਕਿਰਸਾਨਾਂ ਲਈ ਬਹੁਤ ਫਾਇਦੇਮੰਦ ਹਨ। ਜਦੋਂ ਲੋਕਾਂ ਨੇ ਪਿੰਡਾਂ ਵਿਚ ਇਨ੍ਹਾਂ ਦਾ ਵੜਨਾ ਬੰਦ ਕਰ ਦਿੱਤਾ ਤਾਂ ਬੇ-ਸ਼ਰਮੀ ਨਾਲ ਕਹੀ ਜਾਂਦੇ ਸੀ ਅਸਾਂ ਬਿੱਲ ਪੜ੍ਹਿਆ ਨਹੀਂ ਸੀ। ਇਹ ਖੇਤੀ ਕਾਨੂੰਨ ਬਹੁਤ ਮਾੜੇ ਹਨ। ਏਦੂੰ ਵੱਡੀ ਲਾਹਨਤ ਕਿਹੜੀ ਹੋ ਸਕਦੀ ਹੈ।

ਇਸ ਵੇਲੇ ਪੰਜਾਬ ਵਿਚ ਆਮ ਆਦਮੀ ਪਾਰਟੀ ਰਾਜ ਕਰ ਰਹੀ ਹੈ ਇਸ ਦੀ ਬਹੁਤ ਵੱਡੀ ਜ਼ਿੰਮੇਵਾਰੀ ਬਣਦੀ ਸੀ ਕਿ ਸਾਰੀਆਂ ਪਾਰਟੀਆਂ ਦੀ ਸਾਂਝੀ ਮੀਟਿੰਗ ਬੁਲਾ ਕੇ ਪਹਿਲ ਕਰਦੇ। ਵਿਧਾਨ ਸਭਾ ਦੇ ਇਜਲਾਸ ਵਿਚ ਖੁਲ੍ਹੀ ਬਹਿਸ ਕਰਦੇ। ਜੇ ਪਹਿਲਾਂ ਆਮ ਪਾਰਟੀ ਕਹਿੰਦੀ ਹੁੰਦੀ ਸੀ ਕਿ ਵਿਧਾਨ ਸਭਾ ਦੇ ਸ਼ੈਸ਼ਨ ਲੰਮੇ ਹੋਣੇ ਚਾਹੀਦੇ ਹਨ ਪਰ ਇਨ੍ਹਾਂ ਦੀ ਵਾਰੀ ਆਈ ਹੈ ਤਾਂ ਸ਼ੈਸ਼ਨ ਸੀਮਤ ਸਮੇਂ ਦਾ ਹੁੰਦਾ ਹੈ। ਕੁੰਵਰ ਵਿਜੈ ਪ੍ਰਤਾਪ ਸਿੰਘ ਸਮਾਂ ਮੰਗਦਾ ਹੈ ਤਾਂ ਉਸ ਦੀ ਆਪਣੀ ਪਾਰਟੀ ਹੀ ਸਮਾਂ ਨਹੀਂ ਦਿੰਦੀ। ਇੰਜ ਲਗਦਾ ਹੈ ਕਿ ਹੁਣ ਕਾਗ਼ਜ਼ਾਂ ਦੀ ਬੇੜੀ ਨਾਲ ਹੀ ਸਮੁੰਦਰ ਪਾਰ ਕਰਨਾ ਹੈ—

ਕਾਗ਼ਜ਼ ਕੀ ਏਕ ਨਾਵ ਪਰ ਮੈਂ ਹੂੰ ਆਜ ਸਵਾਰ,
ਔਰ ਇਸੀ ਸੇ ਹੈ ਮੁਝੇ ਕਰਨਾ ਸਾਗਰ ਪਾਰ।

ਹੁਣ ਸ਼ੈਸ਼ਨ ਸਿਰਫ ਤਾਹਣੇ ਮੇਹਣੇ ਜੋਗਾ ਹੀ ਰਹਿ ਗਿਆ ਹੈ। ਵਿਧਾਨ ਸਭਾ ਨੂੰ ਪਵਿੱਤਰਤਾ ਦਾ ਦਰਜਾ ਦਿੰਦੇ ਹਨ ਪਰ ਕੀ ਸਰਕਾਰ ਜਾਂ ਵਿਰੋਧੀ ਪਾਰਟੀ ਨੇ ਕਦੇ ਨਿੱਠ ਕੇ ਪੰਜਾਬ ਦੇ ਮੁੱਦਿਆਂ 'ਤੇ ਬਹਿਸ ਕੀਤੀ ਹੈ? ਸ਼ੈਸ਼ਨ ਚੱਲਦਾ ਹੈ ਵਿਰੋਧੀ ਪਾਰਟੀ ਆਪੇ ਤੋਂ ਬਾਹਰ ਹੋ ਜਾਂਦੀ ਹੈ ਤੇ ਵਿਧਾਨ ਸਭਾ ਵਿਚੋਂ ਨਾਅਰੇ ਮਾਰਦੀ ਬਾਹਰ ਬੈਠ ਜਾਂਦੀ ਹੈ। ਤੁਹਾਡਾ ਬੇੜਾ ਬਹਿਜੇ ਤੁਹਾਨੂੰ ਲੋਕਾਂ ਨੇ ਚੁਣ ਕੇ ਭੇਜਿਆ ਹੈ, ਕੋਈ ਵਿਚਾਰ ਤਾਂ ਕਰ ਲਓ। ਐਨਾ ਘਟੀਆ ਮਿਆਰ ਪਹਿਲਾਂ ਕਦੇ ਨਹੀਂ ਦੇਖਿਆ ਸੀ। ਕੀ ਇਹ ਜ਼ਰੂਰੀ ਹੋ ਗਿਆ ਹੈ ਹਰ ਗੱਲ 'ਤੇ ਵਾਕ ਆਊਟ ਕਰਨਾ ਹੀ ਕਰਨਾ ਹੈ। ਸਲੀਕੇ ਵਾਲੀ ਭਾਵਨਾ ਹੀ ਖਤਮ ਹੋ ਗਈ ਹੈ।

ਆਮ ਆਦਮੀ ਪਾਰਟੀ ਦਾ ਪੰਜਾਬ ਪ੍ਰਤੀ ਮੋਹ ਓਦੋਂ ਟੁੱਟਦਾ ਦਿਸਦਾ ਹੈ ਜਦੋਂ ਰਾਜ ਸਭਾ ਵਿਚ ਪੰਜਾਬ ਨਾਲ ਸਬੰਧਿਤ ਕੋਈ ਯੋਗ ਆਗੂ ਹੀ ਨਹੀਂ ਭੇਜਿਆ ਗਿਆ। ਕੀ ਆਮ ਪਾਰਟੀ ਵਾਲੇ ਦਸ ਸਕਦੇ ਹਨ ਕਿ ਇਨ੍ਹਾਂ ਸਾਰੇ ਰਾਜ ਸਭਾ ਦੇ ਮੈਂਬਰਾਂ ਨੇ ਪੰਜਾਬ ਦੇ ਭਲੇ ਲਈ ਇਕੱਠੇ ਹੋ ਕੋਈ ਮੰਗ ਰੱਖੀ ਹੈ ਜਾਂ ਕੋਈ ਮੀਟਿੰਗ ਕੀਤੀ ਹੈ? ਜੇ ਪਹਿਲਿਆਂ ਨੇ ਕੁਝ ਨਹੀਂ ਸਵਾਰਿਆ ਤਾਂ ਕੀਤਾ ਇਨ੍ਹਾਂ ਵੀ ਕੁਝ ਨਹੀਂ ਹੈ। ਇਸ ਹਮਾਮ ਵਿਚ ਸਾਰੇ ਨੰਗੇ ਹਨ।

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ ਤੇ ਕਾਂਗਰਸੀਆਂ ਤੇ ਹੁਣ ਆਮ ਆਦਮੀ ਪਾਰਟੀ ਨੇ ਸਰਕਾਰਾਂ ਬਣਾ ਲਈਆਂ ਪਰ ਕਿਸੇ ਨੇ ਵੀ ਕੋਈ ਜਾਂਚ ਤਣ ਪੱਤਣ ਨਹੀਂ ਲੱਗਣ ਦਿੱਤੀ ਤੇ ਅਗਾਂਹ ਲਗਣ ਦੀ ਕੋਈ ਸੰਭਾਵਨਾ ਨਹੀਂ ਹੈ। ਗੁਟਕਿਆਂ 'ਤੇ ਹੱਥ ਰੱਖ ਕੇ ਕਸਮਾਂ ਖਾਣ ਵਾਲਿਆਂ ਦੀ ਸਰਕਾਰ ਆਈ ਪਰ ਨਸ਼ਿਆਂ, ਰੇਤ-ਬੱਜਰੀ ਮਾਫ਼ੀਆ, ਟ੍ਰਾਂਸਪੋਰਟ ਤੇ ਹੋਰ ਕਮਾਊ ਮਹਿਕਮਿਆਂ ਵਿਚ ਕੋਈ ਤਬਦੀਲੀ ਨਹੀਂ ਆਈ ਸਗੋਂ ਉਸ ਤੋਂ ਵੱਧ ਹੀ ਕਮਾਈ ਕਰਨ ਲੱਗ ਪਏ।

ਆਮ ਆਦਮੀ ਪਾਰਟੀ ਦੀ ਸਰਕਾਰ ਸਮੇਂ ਤਰਨਤਾਰਨ ਦੇ ਐਸ ਐਸ ਪੀ ਨੇ ਨਜਾਇਜ਼ ਮਾਈਨਿੰਗ ਫੜੀ ਤਾਂ ਅਗਲਿਆਂ ਰਾਤੋ ਰਾਤ ਤਬਾਦਲਾ ਕਰ ਦਿੱਤਾ। ਇਹ ਵੀ ਪਹਿਲਾ ਮੌਕਾ ਸੀ ਜਦੋਂ ਪੁਲੀਸ ਮਹਿਕਮੇ ਨੇ ਆਪਣੇ ਅਫ਼ਸਰ ਨੂੰ ਫੁੱਲਾਂ ਦੀ ਵਰਖਾ ਕਰਕੇ ਵਿਦਾਇਗੀ ਦਿੱਤੀ। ਆਮ ਆਦਮੀ ਪਾਰਟੀ ਦੇ ਮੰਤਰੀ 'ਤੇ ਇਖ਼ਲਾਕੀ ਦੋਸ਼ ਲੱਗੇ ਪਰ ਕੋਈ ਕਾਰਵਾਈ ਨਹੀਂ।

ਅਜੇ ਆਸ ਦੀ ਚਿਣਗ ਜਗਦੀ ਦਿਸਦੀ ਹੈ ਜਦੋਂ ਪੰਜਾਬ ਦਾ ਦਰਦ ਰੱਖਣ ਵਾਲੇ ਭਾਈ ਪ੍ਰਗਟ ਸਿੰਘ ਐਮ ਐਲ ਏ ਨੇ ਪਾਰਟੀ ਪੱਧਰ ਤੋਂ ਉੱਤੇ ਉੱਠ ਕੇ ਪੰਜਾਬ ਦੇ ਪੁੱਤ ਹੋਣ ਦਾ ਦੀਵਾ ਬਾਲਿਆ। ਪਾਣੀਆਂ ਦੀ ਲੁੱਟ ਸਬੰਧੀ ਵਿਦਵਾਨਾਂ ਤੇ ਰਾਜਨੀਤਿਕ ਸੂਝ ਰੱਖਣ ਵਾਲਿਆਂ ਦੇ ਵਿਚਾਰ ਪੰਜਾਬੀਆਂ ਤੇ ਦੁਨੀਆਂ ਦੇ ਸਾਹਮਣੇ ਰੱਖੇ। ਇਹ ਪਹਿਲ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਕਰਨੀ ਚਾਹੀਦੀ ਸੀ। ਜੇ ਪਹਿਲੀਆਂ ਸਰਕਾਰਾਂ ਨੇ ਪਾਣੀ ਦੇ ਮਸਲੇ ਨੂੰ ਹੱਲ ਨਹੀਂ ਕਰਾਇਆ ਤਾਂ ਤੁਹਾਡੀ ਸਰਕਾਰ ਦਾ ਵਕੀਲ ਵੀ ਏਹੋ ਆਖਦਾ ਹੈ ਕਿ ਪੰਜਾਬ ਦੀਆਂ ਵਿਰੋਧੀ ਪਾਰਟੀਆਂ ਪਾਣੀ ਦਾ ਮਸਲਾ ਹੱਲ ਨਹੀਂ ਹੋਣ ਦਿੰਦੀਆਂ। ਵਿਧਾਨ ਸਭਾ ਵਿਚ ਸਿਮਰਜੀਤ ਸਿੰਘ ਬੈਂਸ ਨੇ ਬਾਹਰਲਿਆਂ ਸੂਬਿਆਂ ਨੂੰ ਜਾ ਰਹੇ ਪਾਣੀ ਦਾ ਮੁਆਮਲਾ ਲੈਣ ਦੀ ਗੱਲ ਆਖੀ ਸੀ ਤਾਂ ਅਗਲਿਆਂ ਸ਼ੈਸ਼ਨ ਚੋਂ ਹੀ ਬਾਹਰ ਕੱਢ ਦਿੱਤਾ ਸੀ। ਜੇ ਆਮ ਆਦਮੀ ਪਾਰਟੀ ਖੁਲ੍ਹ ਕੇ ਪੰਜਾਬ ਦੇ ਪਾਣੀਆਂ ਤੇ ਬਾਕੀ ਮੁੱਦਿਆ ਦੀ ਡੱਟ ਕੇ ਗੱਲ ਨਹੀਂ ਕਰਦੀ ਤਾਂ ਕੰਧ 'ਤੇ ਲਿਖਿਆ ਪੜ੍ਹ ਲੈਣ ਵਿਚ ਕੋਈ ਹਰਜ ਨਹੀਂ ਹੈ। ਇਨ੍ਹਾਂ ਦਾ ਹਸ਼ਰ ਵੀ ਬਾਕੀ ਪਾਰਟੀਆਂ ਵਾਲਾ ਹੀ ਹੋਊ।

ਭਗਵੰਤ ਸਿੰਘ ਮਾਨ ਦੀ ਸਰਕਾਰ ਨੂੰ ਅਸੀਂ ਸੁਝਾਅ ਦਿਆਂਗੇ ਕਿ ਪਿਛਲੇ 75 ਸਾਲਾਂ ਵਿਚ ਸਿਰਫ ਲਾਲੂ ਪ੍ਰਸਾਦ ਯਾਦਵ, ਓਮ ਪ੍ਰਕਾਸ਼ ਚੁਟਾਲਾ ਜਾਂ ਕੁਝ ਉਹਨਾਂ ਨੂੰ ਸਜਾ ਹੋਈ ਹੈ ਜਿਹੜਾ ਸਰਕਾਰ ਦੀ ਲੱਤ ਥੱਲਿਓਂ ਦੀ ਨਹੀਂ ਲੰਘਿਆ ਵਰਨਾ ਅੱਜ ਤੱਕ ਕਦੇ ਕਿਸੇ ਨੇਤਾ ਨੂੰ ਕਿਸੇ ਘੁਟਾਲੇ ਵਿਚ ਕੋਈ ਸਜ਼ਾ ਨਹੀਂ ਹੋਈ। ਕਾਨੂੰਨ ਦੀਆਂ ਚੋਰ ਮੋਰੀਆਂ ਰਾਹੀਂ ਸਿਆਸੀ ਲੋਕ ਸਦਾ ਬਚਦੇ ਹੀ ਰਹੇ ਹਨ। 1984 ਦਾ ਕਤਲੇਆਮ ਹੋਵੇ ਜਾਂ ਬੇਅਦਬੀ ਦਾ ਮੁਆਮਲਾ ਹੋਵੇ ਕੀ ਕਿਸੇ ਤੇ ਕੋਈ ਠੋਸ ਕਾਰਵਾਈ ਹੋਈ ਹੈ?

ਪੰਜਾਬ ਦੇ ਸਿਆਸਤਦਾਨ ਬੌਧਿਕ ਕੰਗਾਲਤਾ ਦੀ ਸਿਖਰ 'ਤੇ ਪਹੁੰਚੇ ਹੋਏ ਹਨ। ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਦੀ ਮਾਲਕੀ ਦੇ ਹੱਕ ਗੁਆਂਢੀ ਰਾਜਾਂ ਤੋਂ ਪਾਣੀਆਂ ਦੀ ਕੀਮਤ ਵਸੂਲਣ ਲਈ ਪੰਜਾਬ ਵਿਧਾਨ ਸਭਾ ਵਲੋਂ ਸਰਬਸੰਮਤੀ ਨਾਲ ਪਾਸ ਕੀਤੇ ਕਾਨੂੰਨ ਤੇ ਮਤਿਆਂ ਦੀ ਪੈਰਵਾਈ ਕਰਨ ਦੀ ਥਾਂ ਆਪਸ ਵਿੱਚ ਝਾਟਿਓ-ਝਾਟੀ ਹੋਈ ਜਾਣ ਨੂੰ ਪੰਜਾਬ ਦੀ ਵਡਮੁੱਲੀ ਸੇਵਾ ਸਮਝੀ ਬੈਠੇ ਹਨ।

ਇਹ ਬਿਲਕੁਲ ਠੀਕ ਹੈ ਕਿ ਪੰਜਾਬ ਦੇ ਅਕਾਲੀਏ ਤੇ ਕਾਂਗਰਸੀਏ ਕੇਂਦਰ ਵਲੋਂ ਬਾਲੀ ਅੱਗ ਵਿਚ ਹੱਥ ਸੇਕਦੇ ਰਹੇ ਤੇ ਆਪਣੀਆਂ ਸਰਕਾਰਾਂ ਬਣਾਉਂਦੇ ਰਹੇ। ਇਕ ਦੂਜੇ 'ਤੇ ਕੇਸ ਕਰਦੇ ਰਹੇ ਤੇ ਉਹ ਕੇਸ ਵਾਪਸ ਵੀ ਲੈਂਦੇ ਰਹੇ। ਇਨ੍ਹਾਂ ਤੋਂ ਦੁਖੀ ਹੋ ਕੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਸਪੱਸ਼ਟ ਬਹੁਮਤ ਦੇ ਕੇ ਵਿਧਾਨ ਸਭਾ ਵਿਚ ਭੇਜਿਆ ਹੈ। ਹੁਣ ਇਨ੍ਹਾਂ ਦੀ ਵਾਰੀ ਹੈ ਕਿ ਸੂਬੇ ਲਈ ਕੁਝ ਕਰਕੇ ਦਿਖਾਇਆ ਜਾਏ। ਆਮ ਆਦਮੀ ਪਾਰਟੀ ਵੀ ਅਜੇ ਉਹੋ ਭਾਸ਼ਣ ਦੇ ਰਹੀ ਹੈ ਜਿਸ ਤਰ੍ਹਾਂ ਚੋਣ ਪ੍ਰਚਾਰ ਚੱਲ ਰਿਹਾ ਹੋਵੇ। ਇਨ੍ਹਾਂ ਨੂੰ ਦੋ ਕੰਮ ਕਰਨੇ ਚਾਹੀਦੇ ਇਕ ਤਾਂ ਜਿਹੜਾ ਕੁਝ ਪਹਿਲੀਆਂ ਸਰਕਾਰਾਂ ਜਾਂ ਉਨ੍ਹਾਂ ਦੇ ਮੰਤਰੀ ਘਪਲੇ ਕਰ ਗਏ ਉਹ ਨਸ਼ਰ ਕਰ ਦੇਣ, ਦੂਜਾ ਪੰਜਾਬ ਦੇ ਮੁੱਦਿਆਂ ਲਈ ਸਪੱਸ਼ਟ ਨੀਤੀ ਬਣਾਈ ਜਾਏ। ਜੇ ਤੁਸੀਂ ਕਹਿੰਦੇ ਸੀ ਬਾਦਲ ਢੀਂਡਸਾ ਦੀ ਫੋਟੋ ਨਹੀਂ ਹੋਣੀ ਚਾਹੀਦੀ ਹੁਣ ਤੁਹਾਡੀਆਂ ਦੇਖਣ ਨੂੰ ਮਿਲ ਰਹੀਆਂ ਹਨ ਫਿਰ ਫਰਕ ਕੀ ਹੈ। ਤੁਸੀ ਤਾਂ ਨਿਯੁਕਤੀ ਪੱਤਰਾਂ ਤੇ ਵੀ ਫੋਟੋ ਲਾ ਦਿੱਤੀ ਹੈ।

ਸੱਤਰ ਸਾਲਾਂ ਤੋਂ ਲੜਾਈ ਚਲਦੀ ਆਈ ਏ,
ਕੁਰਸੀ ਪਿੱਛੇ ਸਿਆਸਤ ਬਲਦੀ ਆਈ ਏ।
ਅਤੇ
ਅੰਮ੍ਰਿਤ ਦੇ ਵਿੱਚ ਜ਼ਹਿਰਾਂ ਜਿੱਦਾਂ, ਪਾਣੀ ਵਿੱਚ ਅੱਗਾਂ ਨੇ।
ਜਿੱਧਰ ਦੇਖੋ ਸੱਜਣਾਂ ਦਾ ਹੈ, ਭੇਸ ਵਟਾਇਆ ਠੱਗਾਂ ਨੇ।

-0-

# ਪਾਠਕਾਂ ਦੇ ਸਵਾਲਾਂ ਦੇ ਜਵਾਬ

–ਗੁਰਮਤਿ ਵਿਰਸਾ
ਬਿਊਰੋ

**ਸਵਾਲ—ਕੀ ਮੱਝਾਂ ਦਾ ਉਜਾੜਿਆ ਖੇਤ ਵਾਕਿਆ ਹਰਿਆ ਹੋ ਗਿਆ ਸੀ?**

**ਜਵਾਬ**—ਜਿਹੜਾ ਬੱਚਾ ਭਰੀ ਸਭਾ ਵਿਚ ਸਮਾਜ ਦੇ ਵਿਦਵਾਨ ਪੰਡਿਤ ਨੂੰ ਨਿਰਉਤਰ ਕਰ ਸਕਦਾ ਹੈ ਉਹ ਆਪਣੇ ਕੰਮ ਪ੍ਰਤੀ ਵੀ ਓਨ੍ਹਾ ਹੀ ਸੁਚੇਤ ਹੋਵੇਗਾ। ਇਤਿਹਾਸ ਵਿਚੋਂ ਸਾਖੀਆਂ ਦੇ ਤੱਤ ਸਾਰ ਨੂੰ ਸਮਝਣਾ ਪਏਗਾ। ਅਸਲ ਵਿਚ ਖੇਤ ਤਾਂ ਧਾਰਮਿਕ ਆਗੂਆਂ ਨੇ ਉਜਾੜਿਆ ਹੋਇਆ ਸੀ।

**ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥**
**ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥ (662)**

ਧਾਰਮਿਕ ਆਗੂਆਂ ਦੇ ਵਰਤਾਰੇ ਕਰਕੇ ਮਨੁੱਖਤਾ ਦਾ ਧਾਰਮਿਕ, ਸਮਾਜਿਕ ਤੇ ਆਤਮਿਕ ਖੇਤ ਉਜੜਿਆ ਹੋਇਆ ਸੀ। ਗੁਰੂ ਸਾਹਿਬ ਜੀ ਨੇ ਉਹ ਗਿਆਨ ਦੁਆਰਾ ਹਰਿਆ ਕੀਤਾ। ਗੁਰੂ ਸਾਹਿਬ ਜੀ ਨੇ ਆਪਣੇ ਕੰਮ ਪ੍ਰਤੀ ਸੁਚੇਤ ਸਨ। ਜਿਸ ਤਰ੍ਹਾਂ ਭਾਰਤ ਦੇ ਇਤਿਹਾਸ ਵਿਚ ਕਰਾਮਾਤ ਵਰਗੀਆਂ ਕਹਾਣੀਆਂ ਭਰੀਆਂ ਹੋਈਆਂ ਹਨ ਏਦਾਂ ਹੀ ਅਸੀਂ ਗੁਰੂ ਨਾਨਕ ਸਾਹਿਬ ਜੀ ਸਬੰਧੀ ਵੀ ਕਹਾਣੀਆਂ ਜੋੜ ਲਈਆਂ ਹਨ ਜਿਸ ਨਾਲ ਸਿੱਖ ਇਤਿਹਾਸ ਭਰਿਆ ਪਿਆ ਹੈ, ਇਸ ਦੇ ਤੱਤ ਸਾਰ ਨੂੰ ਸਮਝਣ ਦੀ ਜ਼ਰੂਰਤ ਹੈ। ਗੁਰੂ ਅਰਜਨ ਪਾਤਸ਼ਾਹ ਜੀ ਦਾ ਵਾਕ ਹੈ ਕਿ ਜਦੋਂ ਨਾਮ ਦੀ ਸਮਝ ਭਾਵ ਗਿਆਨ ਦੀ ਸਮਝ ਆਉਣੀ ਸ਼ੁਰੂ ਹੁੰਦੀ ਹੈ ਤਾਂ ਸਾਡੇ ਗਿਆਨ ਇੰਦ੍ਰੇ ਹਰੇ ਹੋਣੇ ਸ਼ੁਰੂ ਹੁੰਦੇ ਹਨ—"ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ"॥ ਗੁਰੂ ਸਾਹਿਬ ਜੀ ਨੇ ਮਨੁੱਖਤਾ ਰੂਪੀ ਖੇਤ ਨੂੰ ਹਰਿਆ ਕੀਤਾ।

**ਸਵਾਲ—ਗੁਰੂ ਨਾਨਕ ਸਾਹਿਬ ਜੀ ਦੀ ਕੁੜਮਾਈ ਭਾਵ ਮੰਗਣੀ ਕਿਸ ਤਰ੍ਹਾਂ ਹੋਈ?**

**ਜਵਾਬ**—ਗੁਰੂ ਨਾਨਕ ਸਾਹਿਬ ਜੀ ਦੀ ਕੁੜਮਾਈ ਪ੍ਰੋ: ਸਾਹਿਬ ਜੀ ਅਨੁਸਾਰ ਵੈਸਾਖ ਵਦੀ 1 ਸੰਮਤ 1542 ਨੂੰ ਹੋਈ ਸੂਰਜ ਦੇ ਹਿਸਾਬ ਨਾਲ 5 ਤਰੀਕ ਵੈਸਾਖ ਦੀ ਸੀ। ਇਹ ਸਾਕ (ਰਿਸ਼ਤਾ) ਗੁਰੂ ਸਾਹਿਬ ਦੇ ਭਣਵੱਈਏ ਭਾਈਆ ਜੈਰਾਮ ਜੀ ਨੇ ਕਰਾਇਆ। ਭਾਈ ਮੂਲ ਚੰਦ ਪੱਖੋਕੇ ਰੰਧਾਵੇ ਦੇ ਪਟਵਾਰੀ ਸਨ।

**ਸਵਾਲ—ਭਾਈਆ ਜੈਰਾਮ ਜੀ ਸਬੰਧੀ ਜਾਣਕਾਰੀ ਦਿਓ?**

**ਜਵਾਬ**—ਭਾਈ ਜੈਰਾਮ ਜੀ ਖਾਨਪੁਰ ਪਿੰਡ ਦੇ ਰਹਿਣ ਵਾਲੇ ਸਨ, ਨਵਾਬ ਦੌਲਤ ਖਾਨ ਲੋਧੀ ਪਾਸ ਮਾਲ ਮਹਿਕਮੇ ਵਿਚ ਉੱਚ ਅਫ਼ਸਰ ਲੱਗੇ ਹੋਏ ਸਨ। ਮਾਲ ਮਹਿਕਮੇ ਦੇ ਕੰਮਾਂ ਸਬੰਧੀ ਇਹਨਾਂ ਨੂੰ ਰਾਇ-ਭੋਇੰ ਦੀ ਤਲਵੰਡੀ ਜਾਣਾ ਪੈਂਦਾ ਸੀ। ਮਾਲ ਮਹਿਕਮੇ ਨਾਲ ਸਬੰਧਿਤ ਹੋਣ ਕਰਕੇ ਭਾਈ ਜੈਰਾਮ ਜੀ ਦੋਹਾਂ ਪਰਿਵਾਰਾਂ ਨੂੰ ਜਾਣਦੇ ਸਨ।

**ਸਵਾਲ– ਗੁਰੂ ਨਾਨਕ ਸਾਹਿਬ ਜੀ ਦਾ ਵਿਆਹ ਕਦੋਂ ਹੋਇਆ?**

**ਜਵਾਬ**—ਗੁਰੂ ਨਾਨਕ ਸਾਹਿਬ ਜੀ ਦਾ ਪ੍ਰੋ: ਸਾਹਿਬ ਜੀ ਦੀ ਲਿਖਤ ਅਨੁਸਾਰ 24 ਜੇਠ ਸੰਮਤ 1587 ਨੂੰ ਹੋਇਆ, ਭਾਵ 21 ਮਈ 1487 ਉਮਰ 18 ਸਾਲ ਦੀ ਬਣਦੀ ਹੈ।

**ਸਵਾਲ– ਗੁਰੂ ਨਾਨਕ ਸਾਹਿਬ ਜੀ ਦਾ ਵਿਆਹ ਕਿਹੜੇ ਸ਼ਹਿਰ ਹੋਇਆ?**

**ਜਵਾਬ**—ਗੁਰੂ ਸਾਹਿਬ ਜੀ ਦਾ ਵਿਆਹ ਬਟਾਲੇ ਹੋਇਆ। ਜਿੱਥੇ ਗੁਰੂ ਸਾਹਿਬ ਜੀ ਬੈਠੇ ਸਨ ਉਹ ਕੰਧ ਕੱਚੀ ਸੀ ਜਿਹੜੀ ਅੱਜ ਕਲ੍ਹ ਬਹੁਤ ਛੋਟੀ ਜਿਹੀ ਰਹਿ ਗਈ ਹੈ।

**ਸਵਾਲ—ਕੀ ਗੁਰੂ ਸਾਹਿਬ ਜੀ ਦਾ ਵਿਆਹ ਹਿੰਦੂ ਰੀਤੀ ਅਨੁਸਾਰ ਹੋਇਆ ਸੀ?**

**ਜਵਾਬ**—ਗੁਰੂ ਨਾਨਕ ਸਾਹਿਬ ਜੀ ਦਾ ਵਿਆਹ ਵੈਦਿਕ ਰੀਤੀ ਨਾਲ ਨਹੀਂ ਹੋਇਆ। ਮੇਹਰਬਾਨ ਦੁਆਰਾ ਲਿਖੀ ਜਨਮ ਸਾਖੀ ਵਿਚ ਲਿਖਿਆ ਹੈ ਕਿ ਕੀਰਤਨ ਹੋਇਆ ਸੀ। ਸ੍ਰੀ ਗੁਰ ਪੁਰ ਪ੍ਰੇਮ ਪ੍ਰਕਾਸ਼ ਅਨੁਸਾਰ—

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਲਿਖ ਕੇ ਚਉਕੀ 'ਤੇ ਰੱਖ ਫੇਰੇ ਲਏ। ਮਹਿਮਾ ਪ੍ਰਕਾਸ਼ ਨੇ ਸਾਖੀ ਬਾਬਾ ਨਾਨਕ ਕੀ ਕੇ ਵਿਵਾਹ ਕੀ ਵਿਚ ਲਿਖਿਆ ਹੈ ਕਿ ਜਦ ਆਪ ਬਰਾਤ ਲੈ ਕੇ ਚੜ੍ਹੇ ਸਨ ਤਾਂ ਪੱਗ ਸਿਰ 'ਤੇ ਖੂਬ ਸੱਜ ਰਹੀ ਸੀ—"ਸਿਰ ਪਾਗ ਬਸਤਰ ਧਾਰਾ"।

**ਸਵਾਲ—ਭਾਈ ਮਰਦਾਨਾ ਜੀ ਕੌਣ ਸਨ?**

**ਜਵਾਬ**—ਭਾਈ ਮਰਦਾਨਾ ਜੀ ਮੀਰ ਬਾਦਰੇ ਦਾ ਪੁੱਤਰ ਸੀ ਤੇ ਚੋਂਬੜ ਜਾਤ ਦੇ ਮਿਰਾਸੀ ਸਨ। ਇਸ ਦਾ ਜਨਮ ਸੰਮਤ 1516 ਈਸਵੀ ਨੂੰ ਰਾਇ ਭੋਇ ਦੀ ਤਲਵੰਡੀ ਹੋਇਆ। ਗੁਰੂ ਨਾਨਕ ਸਾਹਿਬ ਜੀ ਨਾਲੋਂ 9 ਸਾਲ ਵੱਡੀ ਉਮਰ ਦੇ ਸਨ। ਭਾਈ ਮਰਦਾਨਾ ਜੀ ਵਿਚ ਰਾਗ ਵਿਦਿਆ ਦਾ ਖਾਨਦਾਨੀ ਗੁਣ ਸੀ ਤੇ ਰਬਾਬ ਨੂੰ ਬੜੇ ਪਿਆਰ ਨਾਲ ਵਜਾਉਂਦੇ ਸਨ। ਮਰਦਾਨਾ ਜੀ ਦਾ ਦੇਹਾਂਤ ਸੰਮਤ 1591 ਨੂੰ ਹੋਇਆ ਪ੍ਰੋ: ਸਾਹਿਬ ਜੀ ਅਨੁਸਾਰ ਤੇ ਭਾਈ ਕਾਹਨ ਸਿੰਘ ਜੀ ਨਾਭਾ ਅਨੁਸਾਰ ਮਰਦਾਨਾ ਜੀ ਨੇ ਕਰਤਾਰਪੁਰ ਵਿਖੇ ਚੜ੍ਹਾਈ ਕੀਤੀ ਸੀ ਜਦ ਕਿ ਕੁਝ ਸਰੋਤ ਦਰਿਆ ਕੁਰਮ ਦੇ ਕੰਢੇ ਹੋਇਆ ਮੰਨਦੇ ਹਨ ਜੋ ਸਹੀ ਨਹੀਂ ਹਨ।

**ਸਵਾਲ—ਰਮਤੇ ਸਾਧ ਕੌਣ ਸਨ?**

**ਜਵਾਬ**—ਰਮਤਾ ਉਸ ਨੂੰ ਕਿਹਾ ਜਾਂਦਾ ਹੈ ਜਿਹੜਾ ਟਿਕ ਕਿ ਇਕ ਥਾਂ ਨਹੀਂ ਬੈਠ ਸਕਦਾ ਉਹ ਘੁੰਮਦੇ ਫਿਰਦੇ ਰਹਿੰਦੇ ਹਨ। ਕਾਬਲ ਵਲੋਂ ਆਉਣ ਵਾਲਿਆਂ ਲਈ ਜ਼ਿਆਦਾਤਰ ਲੋਕ ਏਸੇ ਰਸਤੇ ਰਾਂਹੀਂ ਹੀ ਆਉਂਦੇ ਸਨ, ਇਹ ਵੀ ਠੀਕ ਹੈ ਕਿ ਜ਼ਿਆਦਾਤਰ ਰਮਤੇ ਸਾਧ, ਜੋਗੀ ਆਦਿ ਪਿੰਡਾਂ ਵਿਚ ਘੁੰਮਦੇ ਘੁਮਾਉਂਦੇ ਤੇ ਆਪਣੇ ਧਰਮ ਦਾ ਪ੍ਰਚਾਰ ਕਰਦੇ ਰਹਿੰਦੇ ਸਨ। ਰਮਤੇ ਜੋਗੀ ਹਿੰਦੂ ਮੱਤ ਤੇ ਸੂਫ਼ੀ ਫਕੀਰ ਜ਼ਿਆਦਾਤਰ ਇਸਲਾਮ ਮੱਤ ਨਾਲ ਸਬੰਧ ਰੱਖਦੇ ਸਨ। ਇਨ੍ਹਾਂ ਰਮਤੇ ਸਾਧਾਂ ਕੋਲ ਅਥਾਹ ਗਿਆਨ ਭੰਡਾਰ ਹੁੰਦਾ ਸੀ। ਇਹ ਵਿਚਾਰ ਗੋਸ਼ਟੀਆਂ ਵੀ ਕਰਦੇ ਸਨ। ਗੁਰੂ ਨਾਨਕ ਸਾਹਿਬ ਜੀ ਨੂੰ ਨਿੱਤ ਨਵਾਂ ਸਿੱਖਣ ਦਾ ਸ਼ੌਕ ਸੀ। ਇਸੇ ਲਈ ਹਰ ਰਮਤੇ ਸਾਧ ਨਾਲ ਆਪਣਾ ਰਾਬਤਾ ਕਾਇਮ ਕਰਕੇ ਉਨ੍ਹਾਂ ਨਾਲ ਵਿਚਾਰ ਗੋਸ਼ਟੀ ਕਰਦੇ ਸਨ। ਜ਼ਿਆਦਾਤਰ ਰਮਤੇ ਸਾਧ ਗੁਰੂ ਨਾਨਕ ਸਾਹਿਬ ਜੀ ਦੇ ਫਲਸਫੇ ਤੋਂ ਬਹੁਤ ਪ੍ਰਭਾਵਤ ਹੋਏ। ਇਹ ਠੀਕ ਹੈ ਕਿ ਗੁਰੂ ਨਾਨਕ ਸਾਹਿਬ ਜੀ ਘਰੋਂ ਬਹੁਤ ਸੌਖੇ ਸਨ ਭਾਵ ਅੰਨ ਦਾਣੇ ਦੀ ਕੋਈ ਕਮੀ ਨਹੀਂ ਸੀ। ਇੰਜ ਵੀ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਆਏ ਗਏ ਦੀ ਰੋਟੀ ਕੱਪੜੇ ਤੋਂ ਬਿਨਾਂ ਉਨ੍ਹਾਂ ਨੂੰ ਰਾਹ ਦਾ ਖਰਚਾ ਵੀ ਦਿੰਦੇ ਸਨ। ਗੁਰੂ ਨਾਨਕ ਸਾਹਿਬ ਜੀ ਦੀ ਫਿਲਾਸਫੀ ਵਿਚਾਰਧਾਰਾ ਇਨ੍ਹਾਂ ਰਮਤੇ ਸਾਧਾਂ ਰਾਹੀ ਦੂਰ ਦੂਰ ਤਕ ਫੈਲ ਗਈ।

**ਸਵਾਲ—ਰਮਤੇ ਸਾਧਾਂ ਰਾਹੀ ਲੋਕਾਂ ਦੀ ਦਸ਼ਾ ਕਿੰਝ ਸਮਝੀ?**

**ਜਵਾਬ**—ਛੋਟੀ ਉਮਰ ਤੋਂ ਹੀ ਗੁਰੂ ਨਾਨਕ ਸਾਹਿਬ ਦਾ ਵਾਹ ਵਾਸਤਾ ਸਮੇਂ ਦੇ ਵਿਦਵਾਨਾਂ ਨਾਲ ਪੈਂਦਾ ਰਿਹਾ। ਕਈ ਰਮਤੇ ਸਾਧ ਮੁਲਕ ਦੀ ਰਾਜਨੀਤੀ ਤੇ ਧਰਮ ਸਬੰਧੀ ਡੂੰਘੀ ਜਾਣਕਾਰੀ ਰੱਖਦੇ ਸਨ। ਰਾਇ ਭੋਇੰ ਦੀ ਤਲਵੰਡੀ ਬੈਠ ਕੇ ਗੁਰੂ ਸਾਹਿਬ ਜੀ ਨੇ ਵਰਤਮਾਨ ਦੇ ਸਾਰੇ ਵਰਤਾਰੇ ਨੂੰ ਨੇੜਿਓਂ ਡਿੱਠਾ ਤੇ ਸਮਝਿਆ। ਕਈ ਵਾਰੀ ਮਨ ਉਚਾਟ ਵੀ ਹੋ ਜਾਂਦਾ ਸੀ ਕਿ ਮੇਰੇ ਦੇਸ਼ ਪੰਜਾਬ ਦੀ ਹੋਣੀ ਕਿਸ ਤਰ੍ਹਾਂ ਸੁਧਰ ਸਕਦੀ ਹੈ। ਰਮਤੇ ਸਾਧ ਤੂੰਬਿਆਂ ਨਾਲ ਗਾਉਂਦੇ ਵੀ ਹੁੰਦੇ ਸਨ। ਬਾਬਾ ਫਰੀਦ ਜੀ, ਕਬੀਰ ਜੀ, ਭਗਤ ਰਵਿਦਾਸ ਜੀ ਜਾਂ ਉਸ ਸਮੇਂ ਦੇ ਹੋਰ ਸ਼ਇਰਾਂ ਦੇ ਕਲਾਮ ਪੜ੍ਹਦੇ ਗਾਉਂਦੇ ਸਨ। ਗੁਰੂ ਸਾਹਿਬ ਜੀ ਨੂੰ ਉਹ ਬਹੁਤ ਚੰਗੇ ਲਗਦੇ ਸਨ। ਇਹੀ ਕਾਰਨ ਹੈ ਕਿ ਜਿਹੜੇ ਵਿਚਾਰ ਗੁਰੂ ਸਾਹਿਬ ਜੀ ਦੀ ਫਿਲਾਸਫੀ ਨਾਲ ਮੇਲ ਖਾਂਦੇ ਸਨ ਉਨ੍ਹਾਂ ਵਿਚਾਰਾਂ ਨੂੰ ਨਾਲ ਦੀ ਨਾਲ ਇਕੱਠਾ ਕਰਨਾ ਵੀ ਸ਼ੁਰੂ ਕਰ ਦਿੱਤਾ। -0-



# ਸ਼ਬਦ ਵਿਚਾਰ

## ਗੁਰ ਉਪਦੇਸਿ ਪ੍ਰਹਿਲਾਦੁ ਹਰਿ ਉਚਰੈ




**ਪ੍ਰਿੰ. ਗੁਰਬਚਨ ਸਿੰਘ ਪੰਨਵਾਂ**
**99155-29725**


ਗੁਰਬਾਣੀ ਅਰਥਾਂ ਵਿੱਚ ਵਿਕਾਸ ਹੁੰਦਾ ਆਇਆ ਹੈ। ਗੁਰਬਾਣੀ ਕਵਿਤਾ ਅਤੇ ਵਾਰਤਿਕ ਦੋ ਮਾਧਿਅਮ ਵਿੱਚ ਲਿਖੀ ਗਈ ਹੈ। ਮੰਗਲਾ ਚਰਨ, ਰਾਗਾਂ ਦੇ ਨਾਂ ਤੇ ਸਾਰੇ ਸਿਰਲੇਖ ਵਾਰਤਿਕ ਵਿੱਚ ਆਉਂਦੇ ਹਨ ਜਦ ਕਿ ਬਾਕੀ ਸਾਰੀ ਗੁਰਬਾਣੀ ਕਵਿਤਾ ਵਿੱਚ ਉਚਾਰਣ ਕੀਤੀ ਹੋਈ ਹੈ। ਕਵਿਤਾ ਨੂੰ ਸਮਝਣ ਲਈ ਤਿੰਨ ਮਾਧਿਆਮ ਵਰਤੇ ਜਾਂਦੇ ਹਨ। ਪਹਿਲਾ ਸ਼ਬਦ ਦਾ ਸਾਰ ਕੀ ਹੈ? ਦੂਜਾ ਕੇਂਦਰੀ ਭਾਵ ਕੀ ਹੈ ਤੇ ਤੀਜਾ ਸ਼ਬਦ ਤੋਂ ਸਾਨੂੰ ਸਿੱਖਿਆ ਕੀ ਮਿਲਦੀ ਹੈ?

ਗੁਰੂ ਨਾਨਕ ਸਾਹਿਬ ਜੀ ਨੇ ਮਨੁੱਖ ਦੀਆਂ ਮਾਨਸਿਕ ਕਮਜ਼ੋਰੀਆਂ ਨੂੰ ਸਾਹਮਣੇ ਰੱਖ ਕੇ ਸਚਿਆਰ ਮਨੁੱਖ ਬਣਨ ਦਾ ਪੈਗ਼ਾਮ ਦਿੱਤਾ ਹੈ। ਸਮੁੱਚੇ ਸਮਾਜ ਦੀਆਂ ਕੰਮਜ਼ੋਰ ਹੋ ਚੁੱਕੀਆਂ ਕੜੀਆਂ ਨੂੰ ਬਹੁਤ ਹੀ ਬਰੀਕ ਦ੍ਰਿਸ਼ਟੀ ਨਾਲ ਵੇਖਿਆ। ਉਹਨਾਂ ਨੇ ਇਹ ਵੀ ਦੇਖਿਆ ਕਿ ਸਮਾਜ ਵਿੱਚ ਹੋਰ ਵੀ ਬਹੁਤ ਸਾਰੇ ਡੂੰਘੀ ਚੇਤੰਨਤਾ ਵਾਲੇ ਲੋਕ ਬੈਠੇ ਹਨ ਜਿਹੜੇ ਸਮੇਂ ਸਮੇਂ ਹਾਕਮ ਸ਼੍ਰੇਣੀ ਤੇ ਧਰਮ ਦੇ ਨਾਂ 'ਤੇ ਅੰਧੇਰਾ ਢਾਉਣ ਵਿਰੁੱਧ ਅਵਾਜ਼ ਉਠਾਉਂਦੇ ਆ ਰਹੇ ਹਨ। ਗੁਰੂ ਸਾਹਿਬ ਨੇ ਉਹਨਾਂ ਦੀਆਂ ਰਚਨਾਵਾਂ ਨੂੰ ਇਕੱਠਾ ਕਰਨ ਦਾ ਉਪਰਾਲਾ ਕੀਤਾ ਗਿਆ। ਰਾਜਿਆਂ ਨੂੰ ਸ਼ੀਹਾਂ ਨਾਲ ਤੁਲਨਾ ਦੇਣੀ ਤੇ ਉਹਨਾਂ ਦੇ ਅਗਾਂਹ ਕਰਿੰਦਿਆਂ ਨੂੰ ਨੁੰਹਦਰਾਂ ਵਾਲੇ ਕੁੱਤਿਆਂ ਦੀ ਤਸ਼ਬੀਹ ਦੇ ਕੇ ਮਨੁੱਖਤਾ ਨੂੰ ਜਾਗਰੂਕ ਕੀਤਾ--

**ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥**
**ਚਾਕਰ ਨਹਦਾ ਪਾਇਨਿ੍ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥**
**(1288)**

ਗੁਰੂ ਸਾਹਿਬ ਜੀ ਨੇ ਸਚਿਆਰ ਮਨੁੱਖਤਾ ਤੇ ਹਲੇਮੀ ਰਾਜ ਵਾਲੇ ਸਮਾਜ ਦੀ ਸਿਰਜਣਾ ਕਰਨ ਦੇ ਸੰਕਲਪ ਨੂੰ ਦ੍ਰਿੜ ਕਰਾਇਆ ਹੈ। ਪਰ ਸਮਾਜ ਨੂੰ ਸੇਧ ਦੇਣ ਵਾਲੀਆਂ ਸਾਰਿਆਂ ਧਰਮਾਂ ਦੀਆਂ ਇਕਾਈਆਂ ਭ੍ਰਿਸ਼ਟ ਹੋ ਚੁਕੀਆਂ ਸਨ—

**ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥**
**ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥ (662)**

ਗੁਰੂ ਨਾਨਕ ਪਾਤਸ਼ਾਹ ਜੀ ਨੇ ਇਸ ਅਧੋਗਤੀ ਦਾ ਮੂਲ ਕਾਰਨ ਅਗਿਆਨਤਾ ਦੱਸਿਆ ਹੈ—

**ਗਿਆਨ ਹੀਣੰ ਅਗਿਆਨ ਪੂਜਾ ॥ ਅੰਧ ਵਰਤਾਵਾ ਭਾਉ ਦੂਜਾ ॥**
**(1412)**

ਮਨੁੱਖੀ ਜੀਵਨ ਨੇ ਪੜਾਅ ਵਾਰ ਤਰੱਕੀ ਕੀਤੀ ਹੈ। ਸਿਆਣੇ ਮਨੁੱਖਾਂ ਨੇ ਆਪਣੇ ਸਮਾਜ ਨੂੰ ਸਮੇਂ ਸਮੇਂ ਸੇਧ ਦੇਣ ਲਈ ਅਜਿਹੀਆਂ ਕਥਾ ਕਹਾਣੀਆਂ ਸੁਣਾਉਣੀਆਂ ਲਿਖਣੀਆਂ ਸ਼ੁਰੂ ਕੀਤੀਆਂ ਜਿਸ ਨਾਲ ਮਨੁੱਖਤਾ ਦਾ ਭਲਾ ਹੁੰਦਾ ਰਹੇ। ਅਜਿਹੀਆਂ ਕਥਾ ਕਹਾਣੀਆਂ ਦਾ ਪਲਾਟ ਤੇ ਵਿਸ਼ਾ ਵਸਤੂ ਮਿੱਥ, ਦੰਦ ਕਥਾ ਅਤੇ ਲੋਕ ਕਹਾਣੀਆਂ 'ਤੇ ਅਧਾਰਤ ਹੁੰਦਾ ਹੈ। ਕਈ ਵਾਰੀ ਇਹਨਾਂ ਤਿੰਨਾਂ ਦਾ ਪਲਾਟ ਸਾਂਝਾ ਵੀ ਹੁੰਦਾ ਹੈ ਪਰ ਬੁਨਿਆਦੀ ਅੰਤਰ ਇਹਨਾਂ ਦੀ ਪ੍ਰਕਿਰਤੀ ਵਿੱਚ ਹੁੰਦਾ ਹੈ। ਮਿੱਥ ਵਿਸ਼ਵਾਸ 'ਤੇ ਖੜ੍ਹੀ ਹੁੰਦੀ ਹੈ ਜਿਸ ਵਿੱਚ ਮਨੋਕਲਪਤ ਦੇਵੀ ਦੇਵਤਿਆਂ ਨੂੰ ਜੋੜਿਆ ਹੁੰਦਾ ਹੈ। ਪੁਰਾਣਕ ਮਿੱਥਾਂ ਨੂੰ ਏਨੀ ਵਾਰੀ ਸੁਣਾਇਆ ਜਾਂਦਾ ਰਿਹਾ ਹੈ ਕਿ ਜਿਸ ਨਾਲ ਸੁਣਨ ਵਾਲਾ ਇਸ ਨੂੰ ਅਸਲ ਇਤਿਹਾਸ ਹੀ ਸਮਝਣ ਲੱਗ ਜਾਂਦਾ ਹੈ। ਮਿੱਥ ਘੜਨ ਵਿੱਚ ਬਹੁਤ ਵਾਰੀ ਕਰਾਮਾਤੀ ਤੱਥ ਭਾਰੀ ਹੋ ਜਾਂਦਾ ਹੈ ਜਿਸ ਕਰਕੇ ਅੰਧਵਿਸ਼ਵਾਸ ਸੁਤੇ ਸਿੱਧ ਪੈਦਾ ਹੋ ਜਾਂਦਾ ਹੈ। ਦੂਸਰਾ ਦੰਦ ਕਥਾ ਹੁੰਦੀ ਹੈ ਜੋ ਨਿਰੋਲ ਇਤਿਹਾਸ 'ਤੇ ਖੜੀ ਹੁੰਦੀ ਹੈ। ਦੰਦ ਕਥਾ ਵਿਚੋਂ ਵੀ ਇਤਿਹਾਸ ਦੀ ਅਸਲੀਅਤ ਲੱਭਣੀ ਪੈਂਦੀ ਹੈ ਕਿਉਂਕਿ ਸੀਨਾ-ਬ-ਸੀਨਾ ਤੁਰੀ ਆਉਂਦੀ ਦੰਦ ਕਥਾ ਵਿੱਚ ਆਮ ਹੀ ਮਿਲਾਵਟ ਹੋ ਜਾਂਦੀ ਹੈ। ਇਤਿਹਾਸ ਦੀ ਘਟਨਾ ਨੂੰ ਵਿਦਵਾਨ ਆਪਣੇ ਤਜਰਬੇ ਦੇ ਅਧਾਰਤ ਲਿਖਦਾ ਹੈ।

ਤੀਜਾ ਨਿਰੋਲ ਲੋਕ ਕਹਾਣੀਆਂ ਹੁੰਦੀਆਂ ਹਨ ਜਿਹਨਾਂ ਦਾ ਵਿਸ਼ਾ ਵਸਤੂ ਪਸ਼ੂ ਪੰਛੀਆਂ ਦਾ ਲਿਆ ਹੁੰਦਾ ਹੈ ਪਰ ਇਹਨਾਂ ਵਿੱਚ ਕੋਈ ਨਾ ਕੋਈ ਸਿੱਖਿਆ ਦਾਇਕ ਗੱਲ ਹੁੰਦੀ ਹੈ। ਮਨੋ ਕਲਪਤ ਕਹਾਣੀਆਂ ਨੂੰ ਵੀ ਲੋਕ ਬੜੀ ਸ਼ਿਦਤ ਨਾਲ ਸੁਣਦੇ ਆ ਰਹੇ ਹਨ। ਰਾਤ ਨੂੰ ਬਾਤਾਂ ਮਨੋ ਕਲਪਿਤ ਹੀ ਸੁਣਾਈਆਂ ਜਾਂਦੀਆਂ ਸਨ। ਛੋਟਿਆਂ ਬੱਚਿਆਂ ਨੂੰ ਸਮਝਾਉਣ ਲਈ ਪਿਆਸਾਂ ਕਾਂ, ਲਾਲਚੀ ਕੁੱਤਾ ਤੇ ਚਲਾਕ ਲੂੰਬੜੀ ਵਰਗੀਆਂ ਕਹਾਣੀਆਂ ਅੱਜ ਵੀ ਲਿਖਾਈਆਂ ਪੜ੍ਹਾਈਆਂ ਜਾਂਦੀਆਂ ਹਨ।

ਗਹੁ ਕਰਕੇ ਦੇਖਿਆ ਜਾਏ ਤਾਂ ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਵਿਚਾਰਧਾਰਾ ਨੂੰ ਲੋਕ ਬੋਲੀ ਤੇ ਲੋਕਧਾਰਾ ਵਿੱਚ ਪੇਸ਼ ਕੀਤਾ ਹੈ। ਜਿਸ ਤਰ੍ਹਾਂ ਅੱਕ, ਬਬੀਹਾ, ਮੋਰ, ਕੋਇਲ, ਅੰਬ, ਬਾਰ, ਧਰਮਰਾਜ, ਖਖੜੀ, ਜੰਗਲ, ਕੋਹਲੂ, ਅੰਨਗਾਹ, ਜਨੇਊ, ਕਪਾਹ, ਨਿਮਾਜ਼, ਜੋਗੀ, ਮੁੰਦਰਾਂ, ਤਿਲ, ਚੱਕੀ, ਮਧਾਣੀਆਂ, ਲਾਟੂ ਲੁਹਾਰ, ਕੋਇਲਾ, ਅਹਿਰਣ ਆਦਿ ਪ੍ਰਚੱਲਤ ਲੋਕ ਸ਼ਬਦਾਵਲੀ ਵਰਤੀ ਹੈ ਤਾਂ ਕਿ ਅਵਾਮ ਨੂੰ ਸਚਿਆਰ ਮਨੁੱਖ ਬਣਨ ਦੀ ਸੌਖੇ ਢੰਗ ਨਾਲ ਸਮਝ ਆ ਸਕੇ।

ਗੁਰਬਾਣੀ ਵਿੱਚ ਵੱਖ ਵੱਖ ਉਦਾਹਰਣਾਂ ਦੇ ਕੇ ਮਨੁੱਖ ਨੂੰ ਆਪਣਾ ਸੁਭਾਅ ਬਦਲਣ ਲਈ ਕਹਿਆ ਗਿਆ ਹੈ। ਗੁਰਬਾਣੀ ਕਾਵਕ ਰੂਪ ਵਿੱਚ ਹੋਣ ਕਰਕੇ ਮਿੱਥਾਂ, ਪਸ਼ੂਆਂ, ਪੰਛੀਆਂ, ਦਰੱਖਤਾਂ, ਜੋਗੀਆਂ, ਧਰਤ, ਅਕਾਸ਼, ਧਰਮਰਾਜ, ਭੂਤ-ਪ੍ਰੇਤ ਦੀਆਂ ਤਸ਼ਬੀਹਾਂ ਤੇ ਅਲੰਕਾਰ ਵਰਤ ਕੇ ਮਨੁੱਖ ਨੂੰ ਆਪਣੇ ਫ਼ਰਜ਼ਾਂ ਦੀ ਪਹਿਚਾਨ ਕਰਨ ਵਾਸਤੇ ਕਹਿਆ ਹੈ। ਗੁਰਬਾਣੀ ਦਾ ਸਾਰਾ ਵਿਸ਼ਾ ਵਸਤੂ ਸਚਿਆਰ ਮਨੁੱਖ ਬਣਨ ਦਾ ਹੈ ਜੋ ਨਿਰੰਕਾਰ ਦੀ ਬੰਦਗੀ ਵਿਚੋਂ ਮਿਲਣਾ ਹੈ। ਨਿੰਰਕਾਰ ਦੀ ਬੰਦਗੀ ਦਾ ਭਾਵ ਦੈਵੀ ਗੁਣਾਂ ਦਾ ਧਾਰਨੀ ਹੋਣ ਤੋਂ ਹੈ ਤੇ ਨਿਰਮਲ ਕਰਮ ਨਿੰਰਕਾਰ ਦੀ ਬੰਦਗੀ ਨੂੰ ਸਾਕਾਰ ਕਰਦੇ ਹਨ—

**ਸਰਬ ਧਰਮ ਮਹਿ ਸ੍ਰੇਸਟ ਧਰਮੁ ॥**
**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ (266)**

ਨਿਰਮਲ ਕਰਮ ਹੀ ਰੱਬ ਦੀ ਬੰਦਗੀ ਹੈ। ਭਾਰਤੀ ਸਭਿਆਚਾਰ ਵਿੱਚ ਰੱਬ ਨੂੰ ਪ੍ਰਗਟ ਰੂਪ ਵਿੱਚ ਨਿਰੂਪਣ ਕੀਤਾ ਜਾਂਦਾ ਹੈ ਤੇ ਇਹ ਪ੍ਰਭਾਵ ਅਸੀਂ ਵੀ ਕਬੂਲ ਕਰੀ ਬੈਠੈ ਹਾਂ। ਮੈਨੂੰ ਅੱਜ ਵੀ ਯਾਦ ਹੈ ਅੱਜ ਤੋਂ 60 ਸਾਲ ਪਿੱਛੇ ਜਾਈਏ ਤਾਂ ਗੁਰਦੁਆਰੇ ਵਿੱਚ ਇਹ ਧਾਰਨਾ ਆਮ ਪੜ੍ਹੀ ਜਾਂਦੀ ਸੀ "ਕੀੜੀ ਨਾ ਬਣਦੋਂ ਰਾਮਾ ਤਾਂ ਪ੍ਰਹਿਲਾਦ ਡੋਲ ਜਾਂਦਾ"। ਆਮ ਲੋਕਾਂ ਨੂੰ ਇਹ ਵੀ ਸੁਣਾਇਆ ਜਾਂਦਾ ਹੈ ਕਿ ਭਗਤ ਨਾਮਦੇਵ ਜੀ ਨੇ ਬਹੱਤਰ ਵਾਰ ਰੱਬ ਦੇ ਦਰਸ਼ਨ ਕੀਤੇ। ਸਾਡੀ ਘਾੜਤ ਹੀ ਏਦਾਂ ਦੀ ਘੜੀ ਗਈ ਹੈ ਕਿ ਰੱਬ ਜੀ ਖਾਸ ਸਮਿਆਂ'ਤੇ ਪ੍ਰਗਟ ਹੋ ਕੇ ਮਨੁੱਖਾਂ ਦੀ ਬੇੜੀ ਪਾਰ ਲਗਾਉਂਦੇ ਹਨ।

ਜਿਸ ਸ਼ਬਦ ਦੀ ਵਿਚਾਰ ਕੀਤੀ ਜਾ ਰਹੀ ਹੈ ਉਸ ਦੇ ਰਾਹਉ ਵਾਲੀ ਤੁੱਕ ਦਾ ਸਿਰਲੇਖ ਦੇ ਕੇ ਸਮਝਣ ਦਾ ਯਤਨ ਕੀਤਾ ਜਾ ਰਿਹਾ ਹੈ---

**ਮੇਰੀ ਪਟੀਆ ਲਿਖਹੁ ਹਰਿ ਗੋਵਿੰਦ ਗੋਪਾਲਾ ॥**

ਦੂਜੈ ਭਾਇ ਫਾਥੇ ਜਮ ਜਾਲਾ ॥
ਸਤਿਗੁਰੁ ਕਰੇ ਮੇਰੀ ਪ੍ਰਤਿਪਾਲਾ ॥
ਹਰਿ ਸੁਖਦਾਤਾ ਮੇਰੈ ਨਾਲਾ ॥1॥
ਗੁਰ ਉਪਦੇਸਿ ਪ੍ਰਹਿਲਾਦੁ ਹਰਿ ਉਚਰੈ ॥
ਸਾਸਨਾ ਤੇ ਬਾਲਕੁ ਗਮੁ ਨ ਕਰੈ ॥1॥ ਰਹਾਉ ॥
ਮਾਤਾ ਉਪਦੇਸੈ ਪ੍ਰਹਿਲਾਦ ਪਿਆਰੇ ॥
ਪੁਤ੍ਰ ਰਾਮ ਨਾਮੁ ਛੋਡਹੁ ਜੀਉ ਲੇਹੁ ਉਬਾਰੇ ॥
ਪ੍ਰਹਿਲਾਦੁ ਕਹੈ ਸੁਨਹੁ ਮੇਰੀ ਮਾਇ ॥
ਰਾਮ ਨਾਮੁ ਨ ਛੋਡਾ ਗੁਰਿ ਦੀਆ ਬੁਝਾਇ ॥2॥
ਸੰਡਾ ਮਰਕਾ ਸਭਿ ਜਾਇ ਪੁਕਾਰੇ ॥
ਪ੍ਰਹਿਲਾਦੁ ਆਪਿ ਵਿਗੜਿਆ ਸਭਿ ਚਾਟੜੇ ਵਿਗਾੜੇ ॥
ਦੁਸਟ ਸਭਾ ਮਹਿ ਮੰਤ੍ਰੁ ਪਕਾਇਆ ॥
ਪ੍ਰਹਲਾਦ ਕਾ ਰਾਖਾ ਹੋਇ ਰਘੁਰਾਇਆ ॥3॥
ਹਾਥਿ ਖੜਗੁ ਕਰਿ ਧਾਇਆ ਅਤਿ ਅਹੰਕਾਰਿ ॥
ਹਰਿ ਤੇਰਾ ਕਹਾ ਤੁਝੁ ਲਏ ਉਬਾਰਿ ॥
ਖਿਨ ਮਹਿ ਭੈਆਨ ਰੂਪੁ ਨਿਕਸਿਆ ਥੰਮ੍ ਉਪਾੜਿ ॥
ਹਰਣਾਖਸੁ ਨਖੀ ਬਿਦਾਰਿਆ ਪ੍ਰਹਲਾਦੁ ਲੀਆ ਉਬਾਰਿ ॥4॥
ਸੰਤ ਜਨਾ ਕੇ ਹਰਿ ਜੀਉ ਕਾਰਜ ਸਵਾਰੇ ॥
ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ ॥
ਗੁਰ ਕੈ ਸਬਦਿ ਹਉਮੈ ਬਿਖੁ ਮਾਰੇ ॥
ਨਾਨਕ ਰਾਮ ਨਾਮਿ ਸੰਤ ਨਿਸਤਾਰੇ ॥ (1133)

**ਅੱਖਰੀਂ ਅਰਥ**---ਹੇ ਭਾਈ! (ਆਪਣੇ) ਗੁਰੂ ਦੀ ਸਿੱਖਿਆ ਉੱਤੇ ਤੁਰ ਕੇ ਪ੍ਰਹਿਲਾਦ ਪਰਮਾਤਮਾ ਦਾ ਨਾਮ ਜਪਦਾ ਹੈ। ਬਾਲਕ (ਪ੍ਰਹਿਲਾਦ) ਕਿਸੇ ਭੀ ਸਰੀਰਕ ਕਸ਼ਟ ਤੋਂ ਡਰਦਾ ਨਹੀਂ। ੧। ਰਹਾਉ।

ਹੇ ਭਾਈ! (ਪ੍ਰਹਿਲਾਦ ਆਪਣੇ ਪੜ੍ਹਾਉਣ ਵਾਲਿਆਂ ਨੂੰ ਨਿੱਤ ਆਖਦਾ ਹੈ—) ਮੇਰੀ ਪੱਟੀ ਉਤੇ ਹਰੀ ਦਾ ਨਾਮ ਲਿਖ ਦਿਉ, ਗੋਬਿੰਦ ਦਾ ਨਾਮ ਲਿਖ ਦਿਉ, ਗੋਪਾਲ ਦਾ ਨਾਮ ਲਿਖ ਦਿਉ। ਜਿਹੜੇ ਮਨੁੱਖ ਨਿਰੇ ਮਾਇਆ ਦੇ ਪਿਆਰ ਵਿੱਚ ਰਹਿੰਦੇ ਹਨ, ਉਹ ਆਤਮਕ ਮੌਤ ਦੇ ਜਾਲ ਵਿੱਚ ਫਸੇ ਰਹਿੰਦੇ ਹਨ। ਮੇਰਾ ਗੁਰੂ ਮੇਰੀ ਰਾਖੀ ਕਰ ਰਿਹਾ ਹੈ। ਸਾਰੇ ਸੁਖ ਦੇਣ ਵਾਲਾ ਪਰਮਾਤਮਾ (ਹਰ ਵੇਲੇ) ਮੇਰੇ ਅੰਗ-ਸੰਗ ਵੱਸਦਾ ਹੈ। ੧।

ਹੇ ਭਾਈ! (ਪ੍ਰਹਿਲਾਦ ਨੂੰ ਉਸ ਦੀ) ਮਾਂ ਸਮਝਾਂਦੀ ਹੈ—ਹੇ ਪਿਆਰੇ ਪ੍ਰਹਿਲਾਦ! ਹੇ (ਮੇਰੇ) ਪੁੱਤਰ! ਪਰਮਾਤਮਾ ਦਾ ਨਾਮ ਛੱਡ ਦੇਹ, ਆਪਣੀ ਜਿੰਦ ਬਚਾ ਲੈ। (ਅੱਗੋਂ) ਪ੍ਰਹਿਲਾਦ ਆਖਦਾ ਹੈ—ਹੇ ਮੇਰੀ ਮਾਂ! ਸੁਣ, ਮੈਂ ਪਰਮਾਤਮਾ ਦਾ ਨਾਮ ਨਹੀਂ ਛੱਡਾਂਗਾ (ਇਹ ਨਾਮ ਜਪਣਾ ਮੈਨੂੰ ਮੇਰੇ) ਗੁਰੂ ਨੇ ਸਮਝਾਇਆ ਹੈ। ੨।

ਹੇ ਭਾਈ! ਸੰਡ ਅਮਰਕ ਤੇ ਹੋਰ ਸਾਰਿਆਂ ਨੇ ਜਾ ਕੇ (ਹਰਨਾਖਸ਼ ਕੋਲ) ਪੁਕਾਰ ਕੀਤੀ—ਪ੍ਰਹਿਲਾਦ ਆਪ ਵਿਗੜਿਆ ਹੋਇਆ ਹੈ, (ਉਸ ਨੇ) ਸਾਰੇ ਮੁੰਡੇ ਭੀ ਵਿਗਾੜ ਦਿੱਤੇ ਹਨ। ਹੇ ਭਾਈ! (ਇਹ ਸੁਣ ਕੇ) ਉਹਨਾਂ ਦੁਸ਼ਟਾਂ ਨੇ ਰਲ ਕੇ ਸਲਾਹ ਪੱਕੀ ਕੀਤੀ (ਕਿ ਪ੍ਰਹਿਲਾਦ ਨੂੰ ਮਾਰ ਮੁਕਾਈਏ। ਪਰ) ਪ੍ਰਹਿਲਾਦ ਦਾ ਰਾਖਾ ਆਪ ਪਰਮਾਤਮਾ ਬਣ ਗਿਆ। ੩।

ਹੇ ਭਾਈ! (ਹਰਨਾਖਸ਼) ਹੱਥ ਵਿੱਚ ਤਲਵਾਰ ਫੜ ਕੇ ਬੜੇ ਅਹੰਕਾਰ ਨਾਲ (ਪ੍ਰਹਿਲਾਦ ਉੱਤੇ) ਟੁੱਟ ਪਿਆ (ਅਤੇ ਕਹਿਣ ਲੱਗਾ—ਦੱਸ) ਕਿੱਥੇ ਹੈ ਤੇਰਾ ਹਰੀ, ਜਿਹੜਾ (ਤੈਨੂੰ) ਬਚਾ ਲਏ? (ਇਹ ਆਖਣ ਦੀ ਢਿੱਲ ਸੀ ਕਿ ਝਟ) ਇੱਕ ਖਿਨ ਵਿੱਚ ਹੀ (ਪਰਮਾਤਮਾ) ਭਿਆਨਕ ਰੂਪ (ਧਾਰ ਕੇ) ਥੰਮ੍ਹ ਪਾੜ ਕੇ ਨਿਕਲ ਆਇਆ। (ਉਸ ਨੇ ਨਰਸਿੰਘ ਰੂਪ ਵਿਚ) ਹਰਨਾਖਸ਼ ਨੂੰ (ਆਪਣੇ ਨਹੁੰਆਂ ਨਾਲ ਚੀਰ ਦਿੱਤਾ, ਤੇ, ਪ੍ਰਹਿਲਾਦ ਨੂੰ ਬਚਾ ਲਿਆ। ੪।

ਹੇ ਭਾਈ! ਪਰਮਾਤਮਾ ਸਦਾ ਆਪਣੇ ਭਗਤਾਂ ਦੇ ਸਾਰੇ ਕੰਮ ਸਵਾਰਦਾ ਹੈ (ਵੇਖ! ਉਸ ਨੇ) ਪ੍ਰਹਿਲਾਦ ਦੀਆਂ ਇੱਕੀ ਕੁਲਾਂ (ਭੀ) ਤਾਰ ਦਿੱਤੀਆਂ। ਹੇ ਨਾਨਕ! ਪਰਮਾਤਮਾ ਆਪਣੇ ਸੰਤਾਂ ਨੂੰ ਗੁਰੂ ਸ਼ਬਦ ਵਿੱਚ ਜੋੜ ਕੇ (ਉਹਨਾਂ ਦੇ ਅੰਦਰੋਂ) ਆਤਮਕ ਮੌਤ ਲਿਆਉਣ ਵਾਲੀ ਹਉਮੈ ਮੁਕਾ ਦੇਂਦਾ ਹੈ, ਤੇ, ਹਰਿ-ਨਾਮ ਵਿੱਚ ਜੋੜ ਕੇ ਉਹਨਾਂ ਨੂੰ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦੇਂਦਾ ਹੈ। ੫।

**ਵਿਚਾਰ ਚਰਚਾ---**

ਉਪਰੋਕਤ ਸ਼ਬਦ ਦੇ ਅੱਖਰੀਂ ਹੂ-ਬ-ਹੂ ਪੜ੍ਹ ਲਏ ਹਨ ਹੁਣ ਇਹ ਦੇਖਣਾ ਹੈ ਕਿ ਸਾਨੂੰ ਇਸ ਸ਼ਬਦ ਵਿਚੋਂ ਸਿੱਖਿਆ ਕੀ ਮਿਲਦੀ ਹੈ? ਦੂਸਰਾ ਕੀ ਰੱਬ ਵਾਕਿਆ ਹੀ ਨਰਸਿੰਘ ਦਾ ਰੂਪ ਧਾਰਨ ਕਰਕੇ ਪ੍ਰਗਟ ਹੋਇਆ ਹੈ?

ਪ੍ਰਿੰਸੀਪਲ ਤੇਜਾ ਸਿੰਘ ਦੀ ਸਾਰੀ ਟੀਮ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਗੁਰਬਾਣੀ ਸ਼ਬਾਦਰਥ ਤਿਆਰ ਕੀਤਾ ਹੈ। ਸ਼ਬਦਾਰਥ ਦੀ ਪਹਿਲੀ ਪੋਥੀ ਦੇ ਪਹਿਲੇ ਪੰਨਿਆਂ 'ਤੇ ਸੰਖੇਪ ਵਿਆਕਰਣ ਦੇ ਸਰਲ ਤਰੀਕੇ ਨਾਲ ਨਿਯਮ ਸਮਝਾਏ ਹਨ। ਇਸ ਉਪਰੰਤ ਗੁਰਬਾਣੀ ਦੇ ਅਰਥ ਬੋਧ ਵਿੱਚ ਪ੍ਰੋਫੈਸਰ ਸਾਹਿਬ ਸਿੰਘ ਹੁਰਾਂ ਦਾ ਬਹੁਤ ਵੱਡਾ ਕਰਮ ਤੇ ਸਿਰੜ ਰਿਹਾ ਹੈ। ਨਿਰਸੰਦੇਹ ਜਦੋਂ ਉਹਨਾਂ ਦਾ ਸਾਰਾ ਟੀਕਾ ਪੜ੍ਹਾਂਗੇ ਤਾਂ ਬਹੁਤ ਸਾਰੀਆਂ ਘੁੰਡੀਆਂ ਉਹਨਾਂ ਨੇ ਫੁੱਟ ਨੋਟਾਂ ਵਿੱਚ ਵਿਸਥਾਰ ਪੂਰਵਕ ਪੜ੍ਹੀਆਂ ਜਾ ਸਕਦੀਆਂ ਹਨ। ਨੈੱਟ 'ਤੇ ਜਿਹੜੇ ਟੀਕੇ ਮਿਲਦੇ ਹਨ ਉਹਨਾਂ ਕਈ ਟੀਕਿਆਂ ਵਿੱਚ ਫੁੱਟ ਨੋਟ ਨਹੀਂ ਦਿੱਤੇ ਹਨ ਇਹ ਬਹੁਤ ਵੱਡਾ ਧੋਖਾ ਹੈ। ਇੱਕ ਵਿਦਵਾਨ ਨੇ ਬੜੀ ਪਿਆਰੀ ਗੱਲ ਕਹੀ

**ਸਮੁੱਚੇ ਤੌਰ 'ਤੇ ਸਮਝ ਆਉਂਦੀ ਹੈ ਕਿ ਰਹਾਉ ਦੀਆਂ ਤੁਕਾਂ ਵਿੱਚ ਸਮਝਾਇਆ ਹੈ ਕਿ ਗੁਰੂ ਸਾਹਿਬ ਦੀ ਸਿੱਖਿਆ ਤੇ ਤੁਰਨ ਵਾਲੇ ਵਿੱਚ ਦ੍ਰਿੜ੍ਹਤਾ ਦ੍ਰਿੜ੍ਹ ਹੁੰਦੀ ਹੈ। ਸਿਧਾਂਤ ਦੀ ਸਮਝ ਆਉਂਦਿਆਂ ਸੱਚ ਦੀ ਮੰਜ਼ਿਲ ਹਾਸਲ ਕਰਨ ਲਈ ਸੱਚਾਈ ਦੇ ਰਾਹ 'ਤੇ ਹੀ ਤੁਰਦਾ ਹੈ। ਸਰੀਰਕ ਕਸ਼ਟਾਂ ਦਾ ਡਰ ਖਤਮ ਹੋ ਜਾਂਦਾ ਹੈ। ਐਸੀ ਮਾਨਸਿਕ ਅਵਸਥਾ ਦੀ ਪ੍ਰਪੱਕਤਾ ਵਿਚੋਂ ਸ਼ਹੀਦੀਆਂ ਜਨਮ ਲੈਂਦੀਆਂ ਹਨ। ਅਜਿਹੀ ਉੱਚੀ ਆਤਮਿਕ ਅਵਸਥਾ ਕਦੇ ਵੀ ਗੈਰ ਕੁਦਰਤੀ ਸਮਝੌਤੇ ਨਹੀਂ ਕਰਨ ਦਿੰਦੀ। ਹਰ ਵੇਲੇ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਦੀ ਰਹਿੰਦੀ ਹੈ।**

ਕਿ ਪ੍ਰੋਫੈਸਰ ਸਾਹਿਬ ਸਿੰਘ ਇੱਕ ਨੀਤੀ ਤਹਿਤ ਚੱਲ ਕੇ ਇਸ ਕਾਰਜ ਨੂੰ ਸਿਰੇ ਚਾੜ੍ਹਿਆ ਸੀ ਨਹੀਂ ਤਾਂ ਸਮੇਂ ਦੇ ਵਿਦਵਾਨਾਂ ਨੇ ਉਹਨਾਂ ਦਾ ਇਹ ਟੀਕਾ ਛੱਪਣ ਹੀ ਨਹੀਂ ਦੇਣਾ ਸੀ। ਫਿਰ ਵੀ ਸਰਦਾਰ ਵਰਿਆਮ ਸਿੰਘ ਦੇ ਉਦਮ ਸਦਕਾ ਤੇ ਰਾਜ ਪਬਲੀਸ਼ਰ ਦੀ ਹਾਂ ਕਰਕੇ ਹੀ ਇਹ ਟੀਕਾ ਸਾਕਾਰ ਹੋਇਆ ਸੀ। ਪ੍ਰੋ: ਸਾਹਿਬ ਸਿੰਘ ਜੀ ਨੇ ਗੁਰਬਾਣੀ ਅਰਥਾਂ ਦਾ ਜਿਹੜਾ ਰਾਹ ਖੋਲ੍ਹਿਆ ਹੈ ਉਸ ਰਾਹ ਤੇ ਚੱਲਿਆਂ ਹੋਰ ਬਹੁਤ ਸਾਰੀਆਂ ਗੁੰਝਲਾਂ ਆਪਣੇ ਆਪ ਖੁਲ੍ਹਦੀਆਂ ਜਾਂਦੀਆਂ ਹਨ।

ਉਪਰੋਕਤ ਸ਼ਬਦ ਗੁਰੂ ਅਮਰਦਾਸ ਜੀ ਦਾ ਭੈਰਉ ਰਾਗ ਵਿੱਚ ਉਚਾਰਣ ਕੀਤਾ ਹੋਇਆ ਹੈ। ਇਸ ਸ਼ਬਦ ਦੀਆਂ ਰਹਾਉ ਵਾਲੀਆਂ ਤੁਕਾਂ "ਗੁਰ ਉਪਦੇਸਿ ਪ੍ਰਹਿਲਾਦੁ ਹਰਿ ਉਚਰੈ ॥ ਸਾਸਨਾ ਤੇ ਬਾਲਕੁ ਗਮੁ ਨ ਕਰੈ ॥" ਦੇ ਅੱਖਰੀ ਅਰਥ ਇਸ ਤਰ੍ਹਾਂ ਹਨ—

ਹੇ ਭਾਈ! (ਆਪਣੇ) ਗੁਰੂ ਦੀ ਸਿੱਖਿਆ ਉੱਤੇ ਤੁਰ ਕੇ ਪ੍ਰਹਿਲਾਦ ਪਰਮਾਤਮਾ ਦਾ ਨਾਮ ਜਪਦਾ ਹੈ।

ਬਾਲਕ (ਪ੍ਰਹਿਲਾਦ) ਕਿਸੇ ਭੀ ਸਰੀਰਕ ਕਸ਼ਟ ਤੋਂ ਡਰਦਾ ਨਹੀਂ।੧।

ਇਹ ਵਿਚਾਰ ਗੁਰੂ ਅਮਰਦਾਸ ਜੀ ਦੇ ਰਹੇ ਹਨ ਕਿ ਗੁਰੂ ਦੀ ਸਿੱਖਿਆ ਤੇ ਤੁਰਨਾ ਹੀ ਸਦਾ ਨਾਮ ਜਪਣਾ ਹੈ। ਦੂਸਰਾ ਬਾਲਕ ਪ੍ਰਹਿਲਾਦ ਕਿਸੇ ਸਰੀਰਕ ਕਸ਼ਟ ਤੋਂ ਨਹੀਂ ਡਰਦਾ।

ਗੁਰਬਾਣੀ ਦੀ ਮਹੱਤਤਾ ਹੈ ਕਿ ਗੁਰਬਾਣੀ ਦੀ ਵਿਆਖਿਆ ਗੁਰਬਾਣੀ

ਵਿਚੋਂ ਹੀ ਮਿਲ ਜਾਂਦੀ ਹੈ। ਹੁਣ ਨਾਮ ਜੱਪਣ ਦੀ ਵਿਚਾਰ ਗੁਰੂ ਅਰਜਨ ਪਾਤਸ਼ਾਹ ਨਿਰਧਾਰਤ ਕਰਦੇ ਹਨ—

**ਉਸਤਤਿ ਮਨ ਮਹਿ ਕਰਿ ਨਿਰੰਕਾਰ ॥**
**ਕਰਿ ਮਨ ਮੇਰੇ ਸਤਿ ਬਿਉਹਾਰ ॥ (281)**

ਰਹਾਉ ਦੀਆਂ ਤੁਕਾਂ ਵਿਚੋਂ ਸਰੀਰਕ ਕਸ਼ਟ ਤੋਂ ਨਾ ਡਰਨਾ ਭਾਵ ਆਤਮਿਕ ਦ੍ਰਿੜਤਾ ਦਾ ਪ੍ਰਗਟਾਅ ਹੁੰਦਾ ਹੈ। ਭਾਂਵੇਂ ਇਹਨਾਂ ਤੁਕਾਂ ਵਿੱਚ ਗੁਰੂ ਅਮਰਦਾਸ ਜੀ ਆਪਣੀ ਦ੍ਰਿੜਤਾ ਦੀ ਵਿਚਾਰ ਦੇ ਰਹੇ ਹਨ ਪਰ ਇਹ ਵਿਚਾਰ ਸਭ ਲਈ ਸਾਂਝਾ ਹੈ। ਦ੍ਰਿੜਤਾ ਦਾ ਭਾਵ ਸਚਾਈ ਦੀਆਂ ਬੁਲੰਦੀਆਂ ਨੂੰ ਸਦਾ ਕਾਇਮ ਰੱਖਣ ਤੋਂ ਹੈ। "ਹਰਿ ਉਚਰੈ" ਦੀ ਗਹਿਰਾਈ ਰੱਬੀ ਗੁਣਾਂ ਦਾ ਧਾਰਨੀ ਹੋ ਕੇ ਚਲਣ ਤੋਂ ਹੈ। ਅਜੇਹੀ ਪ੍ਰਪੱਕਤਾ ਵਿੱਚ ਦੁਨੀਆਂ ਦਾ ਕੋਈ ਲਾਲਚ ਡਰਾ ਧਮਕਾ ਨਹੀਂ ਸਕਦਾ। ਇਸ ਉਪਦੇਸ਼ ਨੂੰ ਵਰਤਮਾਨ ਜੀਵਨ ਵਿੱਚ ਲੈ ਕੇ ਅਵਾਂਗੇ ਤਾਂ ਗੁਰੂ ਸਾਡੀ ਅਗਵਾਈ ਕਰਦਾ ਹੈ। ਪਰ ਸਾਖੀ ਨੂੰ ਅਸੀਂ ਕੰਨ ਰਸ ਤੀਕ ਸੀਮਤ ਕਰਕੇ ਰੱਖ ਦਿੱਤਾ ਹੈ।

ਬਾਕੀ ਸਾਰੇ ਸ਼ਬਦ ਵਿੱਚ ਗੁਰਦੇਵ ਪਿਤਾ ਜੀ ਨੇ ਸੀਨਾ-ਬ-ਸੀਨਾ ਤੁਰੇ ਆ ਰਹੇ ਪ੍ਰਚੱਲਤ ਵਿਚਾਰ ਦਿੱਤੇ ਹਨ ਨਾ ਕਿ ਉਹਨਾਂ ਦੀ ਕੋਈ ਪ੍ਰੋੜਤਾ ਕੀਤੀ ਹੈ। ਸਾਡਾ ਦੁਖਾਂਤ ਇਹ ਰਿਹਾ ਹੈ ਕਿ ਪਹਿਲਾਂ ਪਹਿਲ ਜਦੋਂ ਸ਼ਬਦ ਦੀ ਵਿਚਾਰ ਕਰਨ ਦਾ ਸਾਨੂੰ ਸਮਾਂ ਮਿਲਦਾ ਸੀ ਤਾਂ ਸ਼ਬਦ ਦੀਆਂ ਗਹਿਰਾਈਆਂ ਅਤੇ ਉਪਦੇਸ਼ ਨੂੰ

**ਮਨੁੱਖੀ ਜੀਵਨ ਨੇ ਪੜਾਅ ਵਾਰ ਤਰੱਕੀ ਕੀਤੀ ਹੈ। ਸਿਆਣੇ ਮਨੁੱਖਾਂ ਨੇ ਆਪਣੇ ਸਮਾਜ ਨੂੰ ਸਮੇਂ ਸਮੇਂ ਸੇਧ ਦੇਣ ਲਈ ਅਜਿਹੀਆਂ ਕਥਾ ਕਹਾਣੀਆਂ ਸੁਣਾਉਣੀਆਂ ਲਿਖਣੀਆਂ ਸ਼ੁਰੂ ਕੀਤੀਆਂ ਜਿਸ ਨਾਲ ਮਨੁੱਖਤਾ ਦਾ ਭਲਾ ਹੁੰਦਾ ਰਹੇ। ਅਜਿਹੀਆਂ ਕਥਾ ਕਹਾਣੀਆਂ ਦਾ ਪਲਾਟ ਤੇ ਵਿਸ਼ਾ ਵਸਤੂ ਮਿੱਥ, ਦੰਦ ਕਥਾ ਅਤੇ ਲੋਕ ਕਹਾਣੀਆਂ 'ਤੇ ਅਧਾਰਤ ਹੁੰਦਾ ਹੈ। ਕਈ ਵਾਰੀ ਇਹਨਾਂ ਤਿੰਨਾਂ ਦਾ ਪਲਾਟ ਸਾਂਝਾ ਵੀ ਹੁੰਦਾ ਹੈ ਪਰ ਬੁਨਿਆਦੀ ਅੰਤਰ ਇਹਨਾਂ ਦੀ ਪ੍ਰਕਿਰਤੀ ਵਿੱਚ ਹੁੰਦਾ ਹੈ। ਮਿੱਥ ਵਿਸ਼ਵਾਸ 'ਤੇ ਖੜ੍ਹੀ ਹੁੰਦੀ ਹੈ ਜਿਸ ਵਿੱਚ ਮਨੋਕਲਪਤ ਦੇਵੀ ਦੇਵਤਿਆਂ ਨੂੰ ਜੋੜਿਆ ਹੁੰਦਾ ਹੈ। ਪੁਰਾਣਕ ਮਿੱਥਾਂ ਨੂੰ ਏਨੀ ਵਾਰੀ ਸੁਣਾਇਆ ਜਾਂਦਾ ਰਿਹਾ ਹੈ ਕਿ ਜਿਸ ਨਾਲ ਸੁਣਨ ਵਾਲਾ ਇਸ ਨੂੰ ਅਸਲ ਇਤਿਹਾਸ ਹੀ ਸਮਝਣ ਲੱਗ ਜਾਂਦਾ ਹੈ।**

ਛੱਡ ਕੇ ਭਗਤ ਮਾਲਾ ਦੀ ਕਹਾਣੀ ਅਨੁਸਾਰ ਰੱਬ ਨੂੰ ਨਰਸਿੰਘ ਦੇ ਰੂਪ ਵਿੱਚ ਪ੍ਰਗਟ ਕਰਕੇ ਹਰਨਾਖਸ਼ ਦਾ ਪੇਟ ਚੀਰਦਿਆਂ ਖੁਸ਼ੀ ਮਹਿਸੂਸ ਕਰਦੇ ਸੀ। ਤੱਤਿਆਂ ਥੰਮ੍ਹਾਂ ਤੇ ਕੀੜੀ ਤੁਰਦੀ ਦਿਖਾਉਂਦੇ ਰਹੇ ਹਾਂ। ਭਗਤ ਨਾਮਦੇਵ ਜੀ ਪਾਸੋਂ ਪੱਥਰ ਦੀਆਂ ਮੂਰਤੀਆਂ ਨੂੰ ਦੁੱਧ ਵੀ ਪਿਲਾਉਂਦੇ ਰਹੇ ਹਾਂ। ਸਮੇਂ ਸਮੇਂ ਨਾਲ ਜਦੋਂ ਸ਼ਬਦ ਦੀਆਂ ਗਹਿਰਾਈਆਂ ਨੂੰ ਸਮਝਣ ਦਾ ਯਤਨ ਕੀਤਾ ਤਾਂ ਹਰ ਸ਼ਬਦ ਵਿਚੋਂ 'ਸਚਿਆਰ ਮਨੁੱਖ' ਬਣਨ ਦਾ ਸੁਨੇਹਾਂ ਮਿਲਦਾ ਹੈ। ਦੂਸਰਾ ਰੱਬ ਦਾ ਕੋਈ ਰੂਪ ਜਾਂ ਰੰਗ ਨਹੀਂ ਹੈ ਤਾਂ ਫਿਰ ਉਸ ਦੇ ਦਰਸ਼ਨ ਕਿਸ ਤਰ੍ਹਾਂ ਕਰਨੇ ਹਨ? ਜੇ ਰੱਬ ਜੀ ਜਨਮ ਨਹੀਂ ਲੈਂਦੇ ਤਾਂ ਫਿਰ ਪ੍ਰਹਿਲਾਦ ਦੇ ਸਾਹਮਣੇ ਕਿਹੜਾ ਨਰਸਿੰਘ ਪ੍ਰਗਟ ਹੋਇਆ ਜਿਸ ਨੇ ਆਪਣਿਆਂ ਨਹੁੰਆਂ ਨਾਲ ਹਰਨਾਖਸ਼ ਨੂੰ ਚੀਰ ਕੇ ਰੱਖ ਦਿੱਤਾ? ਇਹ ਵਿਚਾਰ ਹਰ ਵੇਲੇ ਅੱਖਾਂ ਸਾਹਮਣੇ ਘੁੰਮਦੇ ਦਿਖਾਈ ਦੇਣ ਲੱਗਦੇ ਹਨ।

ਇਸ ਸ਼ਬਦ ਵਿੱਚ ਇੱਕ ਵਿਚਾਰ ਹੋਰ ਵੀ ਆਉਂਦਾ ਹੈ ਕਿ ਭਗਤ ਪ੍ਰਹਿਲਾਦ ਜੀ ਦੀ ਬੰਦਗੀ ਕਰਕੇ ਇੱਕੀ ਕੁੱਲਾਂ ਤਰ ਗਈਆਂ ਜਾਂ ਭਗਤੀ ਕਰਨ ਵਾਲੇ ਦੀਆਂ ਇੱਕੀ ਕੁੱਲਾਂ ਤਰ ਜਾਂਦੀਆਂ ਹਨ। ਇੱਕੀ ਕੁੱਲਾਂ ਇਕੱਠੀਆਂ ਕਰਨ ਲਈ ਨਾਨਕੇ, ਦਾਦਕੇ ਤੇ ਸਾਹੁਰਾ ਪ੍ਰਵਾਰ ਨੂੰ ਗਿਣਿਆ ਜਾਂਦਾ ਹੈ। ਕੀ ਭਗਤ ਪ੍ਰਹਿਲਾਦ ਦਾ ਪਿਤਾ ਤੇ ਉਸ ਦੀ ਭੂਆ ਇੱਕੀ ਕੁੱਲਾਂ ਵਿੱਚ ਨਹੀਂ ਆਉਂਦੇ? ਫਿਰ ਇਥੇ ਇੱਕੀ ਕੁੱਲਾਂ ਦਾ ਭਾਵ ਅਰਥ ਹੀ ਲਿਆ ਜਾਏਗਾ ਕਿ ਸਿਧਾਂਤ ਦੀ ਗੱਲ ਨੂੰ ਸਮਝਣ ਵਾਲੇ ਲੋਕ ਤਰ ਜਾਂਦੇ ਹਨ।

ਸ਼ਬਦ ਦੀਆਂ ਅਖੀਰਲੀਆਂ ਤੁਕਾਂ ਵਿੱਚ ਗੁਰੂ ਅਮਰਦਾਸ ਜੀ ਸਮਝਾਉਂਦੇ ਹਨ ਕਿ ਸ਼ਬਦ ਦੇ ਗਿਆਨ ਦੀ ਜਦੋਂ ਸਮਝ ਆਉਂਦੀ ਹੈ ਤਾਂ ਉਸ ਦੇ ਅੰਦਰੋਂ ਹਉਮੇ ਮਿਟ ਜਾਂਦੀ ਹੈ। ਹਰਿ ਨਾਮ ਵਿੱਚ ਜੁੜ ਕੇ ਭਾਵ ਸੱਚੇ ਮਾਰਗ ਤੇ ਚੱਲਿਆਂ ਸੰਸਾਰ ਰੂਪੀ ਸਮੁੰਦਰ ਵਿਚੋਂ ਤਰ ਸਕੀਦਾ ਹੈ। ਤਰ ਜਾਣ ਦਾ ਅਰਥ ਹੈ ਜ਼ਿੰਦਗੀ ਜਿਉਣ ਦਾ ਸਲੀਕਾ ਆ ਜਾਣਾ।

ਸਮੁੱਚੇ ਤੌਰ 'ਤੇ ਸਮਝ ਆਉਂਦੀ ਹੈ ਕਿ ਰਹਾਉ ਦੀਆਂ ਤੁਕਾਂ ਵਿੱਚ ਸਮਝਾਇਆ ਹੈ ਕਿ ਗੁਰੂ ਸਾਹਿਬ ਦੀ ਸਿੱਖਿਆ ਤੇ ਤੁਰਨ ਵਾਲੇ ਵਿੱਚ ਦ੍ਰਿੜਤਾ ਦ੍ਰਿੜ੍ਹ ਹੁੰਦੀ ਹੈ। ਸਿਧਾਂਤ ਦੀ ਸਮਝ ਆਉਂਦਿਆਂ ਸੱਚ ਦੀ ਮੰਜ਼ਿਲ ਹਾਸਲ ਕਰਨ ਲਈ ਸੱਚਾਈ ਦੇ ਰਾਹ 'ਤੇ ਹੀ ਤੁਰਦਾ ਹੈ। ਸਰੀਰਕ ਕਸ਼ਟਾਂ ਦਾ ਡਰ ਖਤਮ ਹੋ ਜਾਂਦਾ ਹੈ। ਐਸੀ ਮਾਨਸਿਕ ਅਵਸਥਾ ਦੀ ਪ੍ਰਪੱਕਤਾ ਵਿਚੋਂ ਸ਼ਹੀਦੀਆਂ ਜਨਮ ਲੈਂਦੀਆਂ ਹਨ। ਅਜਿਹੀ ਉੱਚੀ ਆਤਮਿਕ ਅਵਸਥਾ ਕਦੇ ਵੀ ਗੈਰ ਕੁਦਰਤੀ ਸਮਝੌਤੇ ਨਹੀਂ ਕਰਨ ਦਿੰਦੀ। ਹਰ ਵੇਲੇ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਦੀ ਰਹਿੰਦੀ ਹੈ।

ਇਸ ਸ਼ਬਦ ਵਿੱਚ ਪ੍ਰਚੱਲਤ ਸਾਖੀ ਦਾ ਹਵਾਲਾ ਦੇ ਕੇ ਸਾਨੂੰ ਵਰਤਮਾਨ ਜੀਵਨ ਵਿੱਚ ਦ੍ਰਿੜਤਾ ਪੈਦਾ ਕਰਨ ਦਾ ਉਪਦੇਸ਼ ਮਿਲਦਾ ਹੈ। ਇਸ ਸ਼ਬਦ ਨੂੰ ਵਿਚਾਰ ਕੇ ਇਹ ਦੇਖਣ ਦਾ ਯਤਨ ਕਰਨਾ ਹੈ ਕਿ ਸਾਨੂੰ ਆਤਮਿਕ ਤਲ 'ਤੇ ਕੀ ਉਪਦੇਸ਼ ਮਿਲਦਾ ਹੈ।

ਸ਼ਬਦ ਦੇ ਪਹਿਲੇ ਬੰਦ ਵਿੱਚ ਪ੍ਰਹਿਲਾਦ ਰੂਪੀ ਮਤ ਇੱਕ ਵਾਰੀ ਮਨੁੱਖ ਨੂੰ ਉਤੇਜਨ ਕਰਦੀ ਹੈ ਕਿ ਆਪਣੇ ਆਤਮਿਕ ਤਲ 'ਤੇ ਗੁਣਾਂ ਨੂੰ ਲਿਖ ਭਾਵ ਸਮਝਣ ਦਾ ਯਤਨ ਕਰ। ਭਾਵ ਆਪਣੀ ਮਤ ਰੂਪੀ ਫੱਟੀ 'ਤੇ ਗੁਪਾਲ ਦਾ ਨਾਂ ਲਿਖ ਤੇ ਨਿਰਮਲ ਕਰਮਾਂ ਨੂੰ ਤਰਜੀਹ ਦੇਣ ਦਾ ਯਤਨ ਕਰ। "ਮੇਰੀ ਪਟੀਆ ਲਿਖਹੁ ਹਰਿ ਗੋਵਿੰਦ ਗੋਪਾਲਾ" ਫੱਟੀ 'ਤੇ ਹਰਿ ਲਿਖਣ ਦਾ ਭਾਵ ਉਦਮ ਤੇ ਮਿਹਨਤ ਜਿਹੜੀ ਮੈਨੂੰ ਆਪ ਹੀ ਕਰਨੀ ਪੈਣੀ ਹੈ। ਇਸ ਵਿੱਚ ਇੱਕ ਇਹ ਪੱਖ ਵੀ ਦ੍ਰਿੜ ਕਰਾਇਆ ਹੈ ਜਿਹੜੀ ਮਤ ਪਾਖੰਡ, ਕਰਮ-ਕਾਂਡ ਲੋਕ ਵਿਖਾਵੇ ਵਿੱਚ ਫਸੀ ਰਹਿੰਦੀ ਹੈ ਉਸ ਦੇ ਜੀਵਨ ਦਾ ਵਿਕਾਸ ਰੁਕ ਜਾਂਦਾ ਹੈ। "ਦੂਜੈ ਭਾਇ ਫਾਥੇ ਜਮ ਜਾਲਾ" ਗੁਰੂ ਅਮਰਦਾਸ ਜੀ ਮਨੁੱਖਤਾ ਨੂੰ ਸਮਝਾਉਣ ਲਈ ਆਪਣੇ ਰਾਂਹੀ ਦਸ ਰਹੇ ਹਨ ਹੁਣ ਜਦੋਂ ਦੀ ਇਮਾਨਦਾਰੀ ਸਚਾਈ, ਸੰਤੋਖ ਦੀ ਸਮਝ ਆ ਗਈ ਤਾਂ ਇਹ ਦੈਵੀ ਤੇ ਸਦਾਚਾਰਕ ਗੁਣ ਸਦਾ ਮੇਰੇ ਅੰਗ ਸੰਗ ਰਹਿੰਦੇ ਹਨ। "ਸਤਿਗੁਰੁ ਕਰੇ ਮੇਰੀ ਪ੍ਰਤਿਪਾਲਾ॥ ਹਰਿ ਸੁਖਦਾਤਾ ਮੇਰੈ ਨਾਲਾ" ਇਹ ਸਾਰੀ ਸਿੱਖਿਆ ਮਨੁੱਖਤਾ ਨੂੰ ਹੀ ਸਮਝਾਉਣ ਵਾਲੀ ਹੈ।

ਸਾਡੇ ਮਨ ਵਿੱਚ ਹਰ ਵੇਲੇ ਬੁਰੇ ਤੇ ਭਲੇ ਦੋ ਵਿਚਾਰ ਚਲਦੇ ਰਹਿੰਦੇ ਹਨ ਭਲੇ ਵਿਚਾਰ ਸਮਝਣ ਲਈ ਸਮਾਂ ਲਗਦਾ ਹੈ ਜਦ ਕਿ ਬੁਰੇ ਖ਼ਿਆਲ ਹਰ ਵੇਲੇ ਆਪਣਾ ਪ੍ਰਭਾਵ ਪਾਈ ਰੱਖਦੇ ਹਨ। ਇਸ ਤਰ੍ਹਾਂ ਸ਼ਬਦ ਦੇ ਦੂਜੇ ਬੰਦ ਵਿੱਚ ਪੁਰਾਣੀ ਮਿੱਥ ਦੇ ਕੇ ਮਨੁੱਖ ਦੇ ਸੁਭਾਅ ਦੀ ਵਿਚਾਰ ਕੀਤੀ ਹੈ ਕਿ ਬਹੁਤ ਵਾਰੀ ਮਨੁੱਖ ਦੀ ਅੰਦਰਲੀ ਮਾਂ ਰੂਪੀ ਭੈੜੀ ਮਤ ਹੀ ਮਨੁੱਖ ਨੂੰ ਕਹੀ ਜਾਂਦੀ ਹੈ ਕਿ ਕਾਹਨੂੰ ਬਿਪਤਾ ਵਿੱਚ ਪੈਣਾ ਹੈ, ਜਿਸ ਤਰ੍ਹਾਂ ਹਾਕਮ ਆਖਦੇ ਹਨ ਮੈਨੂੰ ਓਸੇ ਤਰ੍ਹਾਂ ਹੀ ਕਰ ਲੈਣਾ ਚਾਹੀਦਾ ਹੈ। ਭਾਵ ਜਿਵੇਂ ਲੋਕ ਚਲਦੇ ਹਨ ਸਾਨੂੰ ਵੀ ਓਸੇ ਤਰ੍ਹਾਂ ਚੱਲਣਾ ਚਾਹੀਦਾ ਹੈ। "ਮਾਤਾ ਉਪਦੇਸੈ ਪ੍ਰਹਿਲਾਦ ਪਿਆਰੇ॥ ਪੁਤ੍ਰ ਰਾਮਨਾਮੁ ਛੋਡਹੁ ਜੀਉ ਲੇਹੁ ਉਬਾਰੇ" ਹੁਣ ਜਦੋਂ ਕਿ ਗੁਰੂ ਦੀ ਮੱਤ ਨੂੰ ਆਪਣੇ ਸੁਭਾਅ ਵਿੱਚ ਬਿਠਾ ਲਿਆ ਹੈ ਤਾਂ ਅੰਦਰਲੀ ਸ਼ੁਭ ਮਤ ਡਿੱਗ ਰਹੇ ਮਨ ਨੂੰ ਤਕੜਾ ਕਰਦਿਆਂ ਆਖਦੀ ਹੈ ਕਿ ਮੈਂ ਰਬ ਦਾ ਨਾਂ ਨਹੀਂ ਛੱਡਾਂਗਾ ਭਾਵ ਗੈਰ-ਕੁਦਰਤੀ ਕੰਮ ਨਹੀਂ ਕਰਾਂਗਾ। "ਪ੍ਰਹਿਲਾਦੁ ਕਹੈ ਸੁਨਹੁ ਮੇਰੀ ਮਾਇ॥ ਰਾਮਨਾਮੁ ਨ ਛੋਡਾ ਗੁਰਿ ਦੀਆ ਬੁਝਾਇ"॥ ਸਿਧਾਂਤ ਨਾਲ ਸਮਝਾਉਤਾ ਨਹੀਂ ਕਰਾਂਗਾ। ਪ੍ਰਹਿਲਾਦ ਅਤੇ ਮਾਂ ਦਾ ਪ੍ਰਤੀਕ ਲੈ ਕੇ ਅੰਦਰਲੀ ਮਤ ਦੀ ਕਸ਼ਮਕਸ਼ ਦੀ ਸਮਝ ਆਉਂਦੀ ਹੈ। ਰਹਾਉ ਵਾਲੀਆਂ ਤੁਕਾਂ ਅਨੁਸਾਰ ਸਰੀਰਕ ਕਸ਼ਟਾਂ ਤੋਂ ਨਹੀਂ ਡਰਾਂਗਾ। ਗੁਰੂ ਦੇ ਗਿਆਨ

ਦੁਆਰਾ ਇਸ ਰਮਜ਼ ਦੀ ਮੈਨੂੰ ਸਮਝ ਲੱਗ ਗਈ ਹੈ ਕਿ ਸਚਾਈ 'ਤੇ ਚੱਲਣ ਨਾਲ ਹੀ ਨਿਰੋਏ ਸਮਾਜ ਦੀ ਸਿਰਜਣਾ ਹੋਣੀ ਹੈ।

ਸ਼ਬਦ ਦੇ ਤੀਜੇ ਬੰਦ ਵਿੱਚ ਪ੍ਰਹਿਲਾਦ ਦੇ ਉਸਤਾਦਾਂ ਅਤੇ ਹੋਰ ਉਹਨਾਂ ਦੇ ਸਹਿਯੋਗੀਆਂ ਨੇ ਹਰਨਾਖਸ਼ ਕੋਲ ਸ਼ਕਾਇਤ ਕੀਤੀ ਕਿ ਜਿੱਥੇ ਪ੍ਰਹਿਲਾਦ ਆਪ ਵਿਗੜਿਆ ਹੈ ਉੱਥੇ ਇਸ ਨੇ ਆਪਣੇ ਦੋਸਤਾਂ ਨੂੰ ਵੀ ਵਿਗਾੜ ਦਿੱਤਾ ਹੈ। "ਸੰਡਾ ਮਰਕਾ ਸਭਿ ਜਾਇ ਪੁਕਾਰੇ॥ ਪ੍ਰਹਿਲਾਦੁ ਆਪਿ ਵਿਗੜਿਆ ਸਭਿ ਚਾਟੜੇ ਵਿਗਾੜੇ"॥ ਹੁਣ ਸਾਰੇ ਦੁਸ਼ਟ ਰਲ ਕੇ ਪ੍ਰਹਿਲਾਦ ਨੂੰ ਮਾਰ ਮੁਕਾਉਣ ਦੀ ਸੋਚਦੇ ਹਨ। ਭਾਵ ਮਨ ਵਿਚਲੇ ਹੰਕਾਰ ਨਾਲ ਹੋਰ ਵਿਕਾਰ ਜੁੜ ਕੇ ਸ਼ੁਭ ਮਤ ਨੂੰ ਲਿਤਾੜਨ ਦਾ ਜ਼ੋਰ ਪਾਉਂਦੇ ਹਨ— "ਦੁਸਟ ਸਭਾ ਮਹਿ ਮੰਤ੍ਰੁ ਪਕਾਇਆ"॥ ਪਰ ਪ੍ਰਹਿਲਾਦ ਹੁਣ ਡਰਨ ਵਾਲਾ ਨਹੀਂ ਰਹਿਆ ਕਿਉਂਕਿ ਉਸ ਦਾ ਰੱਬ ਰਾਖਾ ਹੋ ਗਿਆ ਹੈ— "ਪ੍ਰਹਿਲਾਦ ਕਾ ਰਾਖਾ ਹੋਇ ਰਘੁਰਾਇਆ"॥ ਭਾਵ ਉਸ ਵਿੱਚ ਦ੍ਰਿੜਤਾ ਆ ਗਈ ਹੈ। ਏਸੇ ਵਿਚਾਰ ਨੂੰ ਆਪਣੇ ਜੀਵਨ 'ਤੇ ਲਾਗੂ ਕਰਨਾ ਹੈ ਤਾਂ ਸਮਝ ਆਉਂਦਾ ਹੈ ਕਿ ਲੋਭ ਮੋਹ ਵਰਗੇ ਉਸਤਾਦਾਂ ਨੇ ਹੰਕਾਰੀ ਹਰਨਾਖਸ਼ ਰੂਪੀ ਮਨ ਕੋਲ ਸ਼ਕਾਇਤ ਕੀਤੀ ਕਿ ਪ੍ਰਹਲਾਦ ਭਾਵ ਸ੍ਰਿਸ਼ੇਟ ਮਤ ਨੇ ਕ੍ਰੋਧ ਨੂੰ ਆਪਣਾ ਦੋਸਤ ਬਣਾ ਕੇ ਪਿਆਰ ਵਿੱਚ ਬਦਲ ਦਿੱਤਾ ਹੈ ਤੇ ਕਾਮ ਨੂੰ ਵੀ ਆਪਣਾ ਦੋਸਤ ਬਣਾ ਕੇ ਮਨੁੱਖੀ ਸੇਵਾ ਵਿੱਚ ਲਗਾ ਦਿੱਤਾ ਹੈ। ਜੇ ਏਦਾਂ ਹੀ ਕੰਮ ਚਲਦਾ ਰਿਹਾ ਤਾਂ ਭੈੜੀ ਮਤ ਆਖਦੀ ਹੈ ਕਿ ਆਪਾਂ ਸਾਰੇ ਕੀ ਕਰਾਂਗੇ ਇਸ ਲਈ ਕਿਉਂ ਨਾ ਆਪਾਂ ਸਾਰੇ ਰਲ਼ ਕੇ ਇੱਕ ਜ਼ੋਰਦਾਰ ਹਮਲਾ ਮਾਰ ਕੇ ਭਲੀ ਮਤ ਭਾਵ ਪ੍ਰਹਿਲਾਦ ਨੂੰ ਮਾਰ ਮੁਕਾਈਏ?

ਅੱਗੋਂ ਪ੍ਰਹਿਲਾਦ ਆਖਦਾ ਹੈ ਕਿ ਹੁਣ ਮੇਰਾ ਰਾਖਾ ਰੱਬ ਹੈ ਤੁਸੀਂ ਮੇਰਾ ਕੁੱਝ ਵੀ ਨਹੀਂ ਵਿਗਾੜ ਸਕਦੇ ਭਾਵ ਭਲੀ ਮਤ ਦ੍ਰਿੜਤਾ ਵਿੱਚ ਆ ਗਈ ਹੈ ਭੈੜੀ ਮਤ ਦਾ ਪ੍ਰਭਾਵ ਹੁਣ ਕਦੇ ਵੀ ਨਹੀਂ ਕਬੂਲੇਗੀ। ਇਸ ਨੂੰ ਕਹਿਆ ਹੈ ਕਿ ਪ੍ਰਹਿਲਾਦ ਦਾ ਰਾਖਾ ਰੱਬ ਬਣ ਗਿਆ ਹੈ ਭਾਵ ਗੁਰੂ ਗਿਆਨ ਦੁਆਰਾ ਦੇਵੀ ਗੁਣ ਹੁਣ ਸਦਾ ਹੀ ਮੇਰੇ ਨਾਲ ਰਹਿਣਗੇ।

ਸ਼ਬਦ ਦੇ ਚੌਥੇ ਬੰਦ ਵਿੱਚ ਹੰਕਾਰ ਰੂਪੀ ਮਨ ਭਾਵ ਹਰਨਾਖਸ਼ ਅਜੇ ਵੀ ਨਹੀਂ ਟਲ਼ਿਆ। ਉਹ ਕੋਈ ਵੀ ਮੌਕਾ ਗਵਾਉਣ ਲਈ ਤਿਆਰ ਨਹੀਂ ਹੈ। ਹੰਕਾਰ ਫੂੰਕਾਰਾ ਮਾਰਦਿਆਂ ਕ੍ਰੋਧ ਨੂੰ ਜਗਾਉਣ ਦਾ ਯਤਨ ਕਰਦਾ ਹੈ- "ਹਾਥਿ ਖੜਗੁ ਕਰਿ ਧਾਇਆ ਅਤਿ ਅਹੰਕਾਰਿ॥ ਹਰਿ ਤੇਰਾ ਕਹਾ ਤੁਝੁ ਲਏ ਉਬਾਰਿ"॥ ਪਰ ਹਲੇਮੀ, ਸਹਿਜ, ਮਿਠਾਸ ਨਾਲ ਭਰੀ ਹੋਈ ਮਤ ਭਾਵ ਪ੍ਰਹਿਲਾਦ ਦੇ ਰੂਪ ਵਿੱਚ ਅੰਦਰੋਂ ਸੱਚ ਰੂਪੀ ਰੱਬ ਪ੍ਰਗਟ ਹੁੰਦਾ ਹੈ ਜਿਹੜਾ ਸੱਚ ਦੀਆਂ ਦਲੀਲਾਂ ਨਾਲ ਵਿਕਾਰੀ ਸੋਚ ਨੂੰ ਚੀਰ ਕੇ ਰੱਖ ਦਿੰਦਾ ਹੈ। ਗੁਰੂ ਦੀ ਮਤ ਨੂੰ ਮਾਂ, ਸੰਤੋਖ ਨੂੰ ਪਿਤਾ, ਦੁਨੀਆਂ ਦੀ ਸੇਵਾ ਨੂੰ ਆਤਮਿਕ ਤਲ਼ 'ਤੇ ਭਰਾ, ਮਿਹਨਤ ਕਰਦਿਆਂ ਸੱਚ ਨਾਲ ਜੁੜੇ ਰਹਿਣਾ ਸੱਸ, ਸਹੁਰਾ ਤੇ ਨੇਕ ਕਰਮਾਂ ਵਾਲੀ ਵਹੁਟੀ ਨੂੰ ਜਦੋਂ ਆਪਣੇ ਸੁਭਾਅ ਵਿੱਚ ਲੈ ਕੇ ਆਉਂਦੇ ਹਾਂ ਤਾਂ ਉਦੋਂ ਸੱਚ ਰੂਪੀ ਪੁੱਤਰ ਭਾਵ ਰੱਬ ਜੀ ਸਾਡੇ ਵਿਹਾਰ ਵਿਚੋਂ ਪ੍ਰਗਟ ਹੁੰਦੇ ਹਨ। ਭਾਵ ਸਾਡੀ ਮਤ ਵਿੱਚ ਸੱਚ ਦੀਆਂ ਦਲੀਲਾਂ ਜਨਮ ਲੈਂਦੀਆਂ ਹਨ ਜਿੰਨਾਂ ਨਾਲ ਹੰਕਾਰੀ ਮਤ (ਹਰਨਾਖਸ਼) ਦੀ ਕੋਈ ਪੇਸ਼ ਨਹੀਂ ਜਾਂਦੀ—ਗੁਰੂ ਨਾਨਕ ਸਾਹਿਬ ਦਾ ਰਾਗ ਗਉੜੀ ਵਿੱਚ ਵਾਕ ਹੈ—

**ਮਾਤਾ ਮਤਿ ਪਿਤਾ ਸੰਤੋਖੁ ॥**
**ਸਤੁ ਭਾਈ ਕਰਿ ਏਹੁ ਵਿਸੇਖੁ ॥1॥**
**ਕਹਣਾ ਹੈ ਕਿਛੁ ਕਹਣੁ ਨ ਜਾਇ ॥**
**ਤਉ ਕੁਦਰਤਿ ਕੀਮਤਿ ਨਹੀ ਪਾਇ ॥1॥ ਰਹਾਉ ॥**
**ਸਰਮ ਸੁਰਤਿ ਦੁਇ ਸਸੁਰ ਭਏ ॥**
**ਕਰਣੀ ਕਾਮਣਿ ਕਰਿ ਮਨ ਲਏ ॥2॥**
**ਸਾਹਾ ਸੰਜੋਗੁ ਵੀਆਹੁ ਵਿਜੋਗੁ ॥**
**ਸਚੁ ਸੰਤਤਿ ਕਹੁ ਨਾਨਕ ਜੋਗੁ ॥3॥**

**(151-152)**

ਉਪਰੋਕਤ ਸ਼ਬਦ ਵਿੱਚ ਗੁਰੂ ਸਾਹਿਬ ਜੀ ਨੇ ਆਤਮਿਕ ਗੁਣਾਂ ਨੂੰ ਸਹਿਜ ਨਾਲ ਧਾਰਨ ਕਰਨ ਲਈ ਆਖਿਆ ਹੈ ਤੇ ਇਹਨਾਂ ਗੁਣਾਂ ਵਿੱਚ ਰੱਬ ਨੇ ਜਨਮ ਲੈਣਾ ਹੈ ਭਾਵ ਸਾਡਾ ਵਿਹਾਰਕ ਜੀਵਨ ਘੜਿਆ ਜਾਣਾ ਹੈ।

**ਖਿਨ ਮਹਿ ਭੈਆਨ ਰੂਪੁ ਨਿਕਸਿਆ ਥੰਮ੍ ਉਪਾੜਿ ॥**
**ਹਰਣਾਖਸੁ ਨਖੀ ਬਿਦਾਰਿਆ ਪ੍ਰਹਲਾਦੁ ਲੀਆ ਉਬਾਰਿ॥ (1133)**

ਇਸ ਦੀ ਸਮਝ ਏਦਾਂ ਆਉਂਦੀ ਹੈ ਕਿ ਜਦੋਂ ਗਿਆਨ ਦੁਆਰਾ ਬੁਰੇ ਭਲੇ ਦੀ ਸਮਝ ਆਉਂਦੀ ਹੈ ਤਾਂ ਵਿਕਾਰੀ ਬਿਰਤੀ ਆਪਣੇ ਆਪ ਕਿਨਾਰਾ ਕਰ ਲੈਂਦੀ ਹੈ---ਥੰਮ ਉਪਾੜਿ ਕੇ ਜਿਹੜਾ ਰੱਬ ਪ੍ਰਗਟ ਹੋਣਾ ਹੈ ਉਹ ਸੱਚ ਦੇ ਅਧਾਰਤ ਵਿਹਾਰਕ ਜੀਵਨ ਹੈ।

**ਨਸਿ ਵੰਞਹੁ ਕਿਲਵਿਖਹੁ ਕਰਤਾ ਘਰਿ ਆਇਆ ॥**
**ਦੂਤਹ ਦਹਨੁ ਭਇਆ ਗੋਵਿੰਦੁ ਪ੍ਰਗਟਾਇਆ ॥ (460)**

ਅਖੀਰਲੇ ਬੰਦ ਦੀ ਇੱਕ ਤੁਕ ਰਾਹੀਂ ਸਾਰੀ ਗੱਲ ਸਮਝ ਆਉਂਦੀ ਹੈ ਕਿ— "ਗੁਰ ਕੈ ਸਬਦਿ ਹਉਮੈ ਬਿਖੁ ਮਾਰੇ"॥ ਵਰਤਮਾਨ ਜੀਵਨ ਵਿੱਚ ਅਸੀਂ ਵੀ ਗੁਰੂ ਦੇ ਸ਼ਬਦ ਰਾਹੀਂ ਹਉਮੈ ਰੂਪੀ ਬਿੱਖ ਨੂੰ ਮਾਰ ਸਕਦੇ ਹਾਂ। ਜਿੱਥੇ ਮਨੁੱਖ ਖ਼ੁਦ ਸੁਖੀ ਹੁੰਦਾ ਹੈ ਉਥੇ ਹੋਰਨਾਂ ਨੂੰ ਵੀ ਭਲੇ ਰਸਤੇ 'ਤੇ ਤੁਰਨ ਲਈ ਪ੍ਰੇਤ ਕਰਦਾ ਹੈ। ਇੱਕ ਅਧਿਆਪਕ ਦੇ ਬੱਚੇ ਪੜ੍ਹਨ ਭਾਵੇਂ ਨਾ ਪੜ੍ਹਨ ਪਰ ਉਹ ਆਪਣੇ ਹੁਨਰ ਦੁਆਰਾ ਸਮਾਜ ਦੇ ਸੈਂਕੜੇ ਬੱਚੇ ਪੜ੍ਹਾ ਜਾਂਦਾ ਹੈ। ਇੱਕੀ ਕੁਲਾਂ ਇੱਕ ਮੁਹਾਵਰੇ ਵਜੋਂ ਆਇਆ ਹੈ ਭਾਵ ਜਿਹੜਾ ਗੁਰੂ ਦੀ ਗੱਲ ਨੂੰ ਸਮਝ ਲੈਂਦਾ ਹੈ ਉਹ ਤਰ ਜਾਂਦਾ ਹੈ— "ਸੰਤ ਜਨਾ ਕੇ ਹਰਿ ਜੀਉ ਕਾਰਜ ਸਵਾਰੇ" ਰੱਬ ਜੀ ਆਪਣੇ ਭਗਤਾਂ ਦੇ ਕਾਰਜ ਸਵਾਰ ਦਿੰਦਾ ਹੈ ਭਾਵ ਜ਼ਿੰਦਗੀ ਵਿੱਚ ਸਲੀਕਾ, ਉਦਮ, ਇਮਾਨਦਾਰੀ ਤੇ ਮਿਹਨਤੀ ਬਿਰਤੀ ਜਨਮ ਲੈਂਦੀ ਹੈ। ਅਜਿਹੇ ਜਨ ਨੂੰ ਸ਼ੇਖ਼ ਫ਼ਰੀਦ ਸਾਹਿਬ ਜੀ ਭਗਤ ਆਖਦੇ ਹਨ—

**ਮਤਿ ਹੋਦੀ ਹੋਇ ਇਆਣਾ ॥ ਤਾਣ ਹੋਦੇ ਹੋਇ ਨਿਤਾਣਾ ॥**
**ਅਣਹੋਦੇ ਆਪੁ ਵੰਡਾਏ ॥ ਕੋ ਐਸਾ ਭਗਤੁ ਸਦਾਏ ॥ (1384)**

ਭਲੀ ਮਤ ਜਿੱਥੇ ਆਪਣਾ ਆਪ ਸਵਾਰਦੀ ਹੈ ਓੱਥੇ ਹੋਰਨਾਂ ਵੀ ਚੰਗੇ ਰਸਤੇ ਚਲਣ ਦੀ ਪ੍ਰੇਰਨਾ ਦੇਂਦੀ ਹੈ--- "ਪ੍ਰਹਿਲਾਦ ਜਨ ਕੇ ਇਕੀਹ ਕੁਲ ਉਧਾਰੇ" ਮੁੜ ਵਿਚਾਰ ਫਿਰ ਇਥੇ ਆ ਕੇ ਖੜੀ ਹੁੰਦੀ ਹੈ ਕਿ ਸਾਰੀ ਗੁਰਬਾਣੀ ਨੇ ਵੱਖ ਵੱਖ ਉਦਾਹਰਣਾਂ ਦੇ ਕੇ ਮਨੁੱਖ ਦੇ ਵਰਤਮਾਨ ਜੀਵਨ ਨੂੰ ਸਚਿਆਰ ਬਣਾਉਣ ਦੀ ਵਿਚਾਰਧਾਰਾ ਦਿੱਤੀ ਹੈ। ਇਸ ਸ਼ਬਦ ਵਿੱਚ ਪ੍ਰਹਿਲਾਦ ਅਤੇ ਹਰਨਾਖਸ਼ ਦੀ ਪ੍ਰਚੱਲਤ ਗਾਥਾ ਰਾਂਹੀਂ ਆਪਣੇ ਮਨ ਵਿੱਚ ਦ੍ਰਿੜਤਾ ਲਿਆਉਣ 'ਤੇ ਜ਼ੋਰ ਦਿੱਤਾ ਗਿਆ ਹੈ। ਹਰਨਾਖਸ਼, ਭਾਵ ਹੰਕਾਰ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ ਜਦੋਂ ਗੁਰ-ਗਿਆਨ ਰਾਂਹੀਂ ਸਮਝਣ ਦਾ ਯਤਨ ਕੀਤਾ ਜਾਏਗਾ। ਹਰਨਾਖਸ਼ ਜਾਂ ਪ੍ਰਹਿਲਾਦ ਹੋਇਆ ਹੈ ਜਾਂ ਨਹੀਂ ਇਸ ਦੀ ਕੋਈ ਪ੍ਰੋੜਤਾ ਨਹੀਂ ਕਰ ਰਹੇ। ਸਭ ਤੋਂ ਅਹਿਮ ਗੱਲ ਇਹ ਹੈ ਕਿ ਅਸਾਂ ਸਿੱਖਿਆ ਕੀ ਹਾਸਲ ਕੀਤੀ ਹੈ? ਕੀ ਵਰਤਮਾਨ ਸਮੇਂ ਵਿੱਚ ਕਿਤੇ ਸਾਡਾ ਮਨ ਤਾਂ ਨਹੀਂ ਹਰਨਾਖਸ਼ ਦਾ ਰੂਪ ਧਾਰਨ ਕਰ ਗਿਆ। ਦੂਸਰਾ ਮਾਂ ਆਖਦੀ ਹੈ ਕਿ ਪ੍ਰਹਿਲਾਦ ਪੁੱਤਰ ਤੂੰ ਰੱਬ ਦਾ ਨਾਂ ਲੈਣਾ ਛੱਡ ਇਸ ਦਾ ਭਾਵ ਅਰਥ ਸਮਝ ਵਿੱਚ ਆਉਂਦਾ ਹੈ ਕਿ ਭੈੜੀ ਮੱਤ ਮਨੁੱਖ ਨੂੰ ਸੁਧਰਨ ਦਾ ਮੌਕਾ ਨਹੀਂ ਦਿੰਦੀ। ਭੈੜੀ ਮਤ ਹਰ ਮੋੜ 'ਤੇ ਮਨੁੱਖ ਦੀ ਦ੍ਰਿੜਤਾ ਨੂੰ ਖੋਰਾ ਲਗਾਉਂਦੀ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਇਸ ਸ਼ਬਦ ਵਿੱਚ ਪੁਰਾਣੀ ਮਿੱਥ ਰਾਹੀਂ ਮਨੁੱਖੀ ਸੁਭਾਅ ਵਿੱਚ ਦ੍ਰਿੜਤਾ ਨੂੰ ਪ੍ਰਪੱਕ ਕਰਨ ਲਈ ਪ੍ਰੇਰਤ ਕੀਤਾ ਹੈ।

ਸਾਡੇ ਸਮਾਜ ਵਿੱਚ ਬਹੁਤ ਥਾਈਂ ਰਾਜਨੀਤਿਕ, ਸਮਾਜਿਕ, ਅਫ਼ਸਰ ਸ਼ਾਹੀ, ਧਾਰਮਿਕ ਆਗੂ ਤਥਾ ਪੁਜਾਰੀ ਗੈਰ ਇਖ਼ਲਾਕੀ ਕਰਮ ਕਰਕੇ ਹਰਨਾਖਸ਼ ਦਾ ਰੂਪ ਧਾਰਨ ਕਰ ਚੁੱਕੇ ਹਨ। ਇਹਨਾਂ ਦਾ ਸਾਥ ਪੀਲੀ ਪੱਤਰਕਾਰੀ ਕਰਨ ਵਾਲੇ ਸੱਚ ਨੂੰ ਝੂਠ ਤੇ ਝੂਠ ਨੂੰ ਸੱਚ ਬਣਾਉਣ ਵਿੱਚ ਕਿਤੇ ਸਾਥ ਤਾਂ ਨਹੀਂ ਦੇ ਰਹੇ? —ਸੋਚਣ ਵਾਲਾ ਮੁੱਦਾ ਹੈ। -0-

ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# ਨਾਸਿਰੋ ਮਨਸੂਰ ਗੁਰੂ ਗੋਬਿੰਦ ਸਿੰਘ

**ਸਿੱਖ ਪੰਥ ਦਾ ਨਿਸ਼ਾਨਾ ਗੁਰੂ ਸਾਹਿਬ ਦੀ ਸੋਚ ਨੂੰ ਸਾਕਾਰ ਰੂਪ ਵਿੱਚ ਪ੍ਰਵਾਨ ਚੜਾਉਣਾ ਹੈ। ਜੋ ਓਨਾ ਚਿਰ ਸੰਭਵ ਨਹੀਂ ਹੋ ਸਕੇਗਾ, ਜਿੰਨਾਂ ਚਿਰ ਇਸ ਦੀ ਸਹੀ ਘੋਖ ਕਰਕੇ ਸਹੀ ਅਰਥਾਂ ਵਿੱਚ ਇਸ ਨੂੰ ਲਾਗੂ ਨਹੀਂ ਕੀਤਾ ਜਾਂਦਾ ਅਤੇ ਮਾਨਵ ਸਮਾਜ ਦੇ ਵੱਡੇ ਹਿੱਸੇ ਨੂੰ ਇਸ ਦੇ ਲਾਭਕਾਰੀ ਪ੍ਰਭਾਵਾਂ ਤੋਂ ਜਾਣੂ ਨਹੀਂ ਕਰਵਾਇਆ ਜਾਂਦਾ। ਅਜਿਹਾ ਕਰਕੇ ਹੀ ਅਸੀਂ ਸੱਚੇ ਸ਼ਹਿਨਸ਼ਾਹ ਦੇ ਰੂ- ਬ- ਰੂ ਸੁਰਖਰੂ ਹੋ ਸਕਦੇ ਹਾਂ। ਆਓ, ਖਾਲਸੇ ਬਣੀਏ। ਗੁਰੂ ਗ੍ਰੰਥ ਸਾਹਿਬ ਜੀ ਦੇ ਅਧਾਂਰ ਤੇ ਖਾਲਸਾਈ ਜੀਵਨ ਦੀ ਸਿਰਜਨਾ ਕਰਕੇ ਖਾਲਸਾਈ ਰਿਵਾਇਤਾਂ ਧਾਰਨ ਕਰਕੇ ਗੁਰੂ ਬਖਸ਼ੇ ਚਾਨਣ ਨੂੰ ਦੁਨੀਆ ਦੇ ਅੰਧਕਾਰ ਦੇ ਵਿਨਾਸ਼ ਲਈ ਪ੍ਰਗਟ ਕਰੀਏ।**

**-ਹਰਜਿੰਦਰ ਸਿੰਘ ਸਭਰਾਅ**
**M:** 98555-98833



ਪ੍ਰਚਲਤ ਅਤੇ ਗਲਤ ਧਾਰਨਾਵਾਂ ਦੇ ਵਹਿਣ ਵਿੱਚ ਵਹਿ ਕੇ ਆਪਣਾ ਜੀਵਨ ਜਾਣਾ ਸੰਸਾਰ ਦੇ ਹਰ ਵਿਅਕਤੀ ਦੀ ਫਿਤਰਤ ਬਣੀ ਹੋਈ ਹੈ। ਪਰ ਕੁੱਝ ਜੀਵਨ ਅਜਿਹੇ ਵੀ ਹੁੰਦੇ ਹਨ ਜੋ ਪ੍ਰਚਲਤ ਰੂੜੀਵਾਦੀ ਧਾਰਨਾਵਾਂ ਵਿਚੋਂ ਆਪ ਹੀ ਨਹੀਂ ਉਭਰਦੇ ਬਲਕਿ ਅਜਿਹੀ ਬੋਝਮਈ ਅਵਸਥਾ ਤੋਂ ਸੰਸਾਰ ਦੇ ਬਾਕੀ ਜੀਵਾਂ ਨੂੰ ਵੀ ਮੁਕਤ ਕਰ ਜਾਂਦੇ ਹਨ। ਇਤਿਹਾਸ ਦੀ ਸਿਰਜਣਾ ਕਰਨ ਦੀ ਸਮਰੱਥਾ ਵਾਲੇ ਅਜਿਹੇ ਯੁਗਪੁਰਸ਼ਾਂ ਦਾ ਦਰਸ਼ਨ ਇਹ ਮਾਨਵ-ਜਾਤੀ ਬੜੀਆਂ ਮੁੱਦਤਾਂ ਬਾਅਦ ਕਰਦੀ ਹੈ। ਅਜਿਹੇ ਹੀ ਇਤਿਹਾਸ ਦੇ ਮਹਾਂ ਨਾਇਕ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ। ਉਨ੍ਹਾਂ ਦਾ ਜੀਵਨ ਤਾਂ ਭਾਵੇ ਕੁੱਝ ਸਾਲਾਂ, ਮਹੀਨਿਆਂ ਅਤੇ ਦਿਨਾਂ ਤੱਕ ਸੀਮਤ ਕਰਕੇ ਵੇਖਿਆ ਜਾ ਸਕਦਾ ਹੈ ਅਤੇ ਉਨ੍ਹਾਂ ਦੀ ਕਾਰਜਸ਼ੈਲੀ ਉਪਰ ਵੀ ਮੋਟੇ ਤੌਰ ਤੇ ਨਜ਼ਰ ਮਾਰੀ ਜਾ ਸਕਦੀ ਹੈ ਪਰ ਉਨ੍ਹਾਂ ਦੀ ਆਮਦ ਅਤੇ ਜੀਵਨ ਰਹਿਣੀ ਨੇ ਜਿਨ੍ਹਾਂ ਆਦਰਸ਼ਾਂ ਦੀ ਪਾਲਣਾ ਕੀਤੀ ਅਤੇ ਆਪਣੇ ਮਹਾਨ ਗੁਣਾਂ ਸਦਕਾ ਮਨੁੱਖੀ ਸੱਭਿਅਤਾ ਵਿੱਚ ਬਹਾਰ ਪੈਦਾ ਕੀਤੀ ਉਹ ਆਪਣੀ ਮਿਸਾਲ ਆਪ ਹੈ ਜਿਸ ਦਾ ਕੋਈ ਪਾਰਾਵਾਰ ਵੀ ਨਹੀਂ ਅਤੇ ਸਾਨੀ ਵੀ ਨਹੀਂ। ਉਹ ਗੁਰੂ ਨਾਨਕ ਸਾਹਿਬ ਜੀ ਦੀ ਵੀਚਾਰਧਾਰਾ ਅਤੇ ਉਨ੍ਹਾਂ ਵਲੋਂ ਸੰਗਠਿਤ ਕੀਤੇ ਇਨਕਲਾਬੀ ਮਹਾਂ ਪੁਰਖਾਂ ਦੀ ਵਿਰਾਸਤ ਦੇ ਮਾਲਕ ਅਤੇ ਮਾਨਵਤਾ ਦੇ ਰਾਹ ਦਸੇਰੇ ਸਨ। ਉਨ੍ਹਾਂ ਕੋਲ ਗੁਰਮਤਿ ਵੀਚਾਰਧਾਰਾ ਦਾ ਵੱਡਾ ਜ਼ਖੀਰਾ ਸੀ ਜਿਸਦੀ ਸਾਂਝ ਉਨ੍ਹਾਂ ਦੇ ਪਹਿਲੇ ਰਹਿਬਰ ਦੁਨੀਆਂ ਨੂੰ ਪਵਾਉਂਦੇ ਆਏ ਸਨ। ਇਸੇ ਨੂੰ ਸੰਭਾਲ ਅਤੇ ਨੀਤੀਗਤ ਤਰੀਕੇ ਨਾਲ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਵਰਤਿਆ ਅਤੇ ਇਤਿਹਾਸ ਵਿੱਚ ਮਾਣਯੋਗ ਪ੍ਰਾਪਤੀਆਂ ਕਰਕੇ ਇੱਕ ਵੱਖਰੀ ਮਿਸਾਲ ਪੈਦਾ ਕੀਤੀ ਜਿਸ ਨਾਲ ਮਾਨਵਤਾ ਦੇ ਚਿਹਰੇ ਦੀ ਸੱਚਿਆਰੀ ਨੁਹਾਰ ਨੂੰ ਨਿਖਾਰਨ ਦੇ ਵੱਡੇ ਚਿੰਨ ਦਿਖਾਈ ਦਿੰਦੇ ਹਨ। ਪਰ ਇਸ ਦੇ ਨਾਲ ਇਹ ਵੀ ਵੱਡੀ ਅਤੇ ਨਾ ਝੁਠਲਾਈ ਜਾਣ ਵਾਲੀ ਸੱਚਾਈ ਹੈ ਕਿ ਅਜਿਹੇ ਮਹਾਨ ਨੇਤਾ, ਧਾਰਮਿਕ ਪੁਰਸ਼ ਅਤੇ ਇਨਕਲਾਬ ਦੀ ਪੈਦਾਵਾਰ ਕਰਨ ਵਾਲੀ ਪਵਿੱਤਰ ਰੂਹ ਦੀ ਵੀਚਾਰਧਾਰਾ ਅਤੇ ਆਸ਼ਿਆਂ ਦਾ ਦਾਇਰਾ ਅਸੀਮ ਹੋਣ ਦੇ ਬਾਵਜੂਦ ਵੀ ਉਨ੍ਹਾਂ ਦੇ ਰਾਹ ਤੇ ਚਲਣ ਦਾ ਦਮ ਭਰਨ ਵਾਲਿਆਂ ਵਿੱਚ ਉਹ ਝਲਕ ਕਿਉਂ ਨਹੀਂ ਪਰਤੀਤ ਹੁੰਦੀ ਜਿਸਦੀ ਪੈਦਾਇਸ਼ ਮਰਦ ਅਗੰਮੜੇ ਰਹਿਬਰ ਨੇ ਪੈਦਾ ਕੀਤੀ ਅਤੇ ਮਨੁੱਖੀ ਸਮਾਜ ਵਿੱਚ ਬੇਦਿਲੀ, ਬੇਗ਼ੈਰਤੀ, ਅਵੇਸਲੇਪਨ, ਅਤੇ ਭਟਕਣਾ ਦਾ ਇਹ ਆਲਮ ਕਿਉਂ ਹੈ? ਨਿਸ਼ਚੈ ਹੀ ਕਿਹਾ ਜਾ ਸਕਦਾ ਹੈ ਕਿ ਇਸ ਪਾਏ ਦਾ ਮਹਾਨ ਨਾਇਕ ਕਿਸੇ ਹੋਰ ਦੇਸ਼ ਜਾਂ ਕੌਮ ਵਿੱਚ ਪੈਦਾ ਹੁੰਦਾ ਤਾ ਇਤਿਹਾਸ ਦੀ ਰੁਮਕ ਕੁੱਝ ਹੋਰ ਹੀ ਹੁੰਦੀ। ਇਸ ਸਵਾਲ ਦਾ ਜਵਾਬ ਜੇਕਰ ਅਸੀ ਲੱਭੀਏ ਤਾਂ ਮੂਲ ਰੂਪ ਵਿੱਚ ਕਈ ਕਾਰਨ ਸਾਡੇ ਸਾਹਮਣੇ ਆ ਜਾਂਦੇ ਹਨ। ਗੁਰੂ ਨਾਨਕ ਸਾਹਿਬ ਜੀ ਨੇ ਮਹਾਨ ਘਾਲਨਾਵਾਂ ਘਾਲ ਕੇ ਇੱਕ ਨਰੋਈ ਵੀਚਾਰਧਾਰਾ ਮਾਨਵਤਾ ਦੇ ਸਨਮੁੱਖ ਰੱਖੀ। ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਵੀਚਾਰਧਾਰਾ ਦੀ ਪੈਰਵੀ ਕੀਤੀ ਅਤੇ ਭਾਰਤੀ ਸਮਾਜ ਦੀ ਦਸ਼ਾ ਅਤੇ ਭਾਵਨਾ ਵਿੱਚ ਵੱਡਾ ਪਰਿਵਰਤਨ ਲੈ ਆਂਦਾ, ਪਰ ਇਸ ਪਰਿਵਰਤਨ ਨੂੰ ਨਾ ਸਮਝਣ ਕਰਕੇ ਹੀ ਇਸ ਦੇ ਫੈਲਾਉ ਵਿੱਚ ਵੱਡੀ ਰੁਕਾਵਟ ਪਈ ਹੈ। ਗੁਰੂ ਘਰ ਵਲੋਂ ਸਿਰਜੇ ਮਹਾਨ ਸੱਭਿਆਚਾਰ ਨੂੰ ਪੁਰਾਤਨਤਾ ਅਤੇ ਰੂੜੀਵਾਦੀ ਸੋਚ ਨੇ ਪ੍ਰਵਾਨ ਨਹੀਂ ਕੀਤਾ ਜਿਸਦੀਆਂ ਕਾਰਵਾਈਆਂ ਦੇ ਨਿਸ਼ਾਨ ਇਤਿਹਾਸ ਵਿੱਚ ਲੱਗੇ ਦਿਖਾਈ ਦਿੰਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨੂੰ ਵੀਚਾਰਨ ਤੋਂ ਇਹ ਸਪੱਸ਼ਟ ਹੈ ਕਿ ਉਨ੍ਹਾਂ ਦੇ ਪੁਰਖਿਆਂ ਅਤੇ ਉਨ੍ਹਾਂ ਦੇ ਪਿਤਾ ਜੀ ਦੀ ਸ਼ਹਾਦਤ ਨੇ ਭਾਰਤ ਦੇ ਲੋਕਾਂ ਨੂੰ ਇੱਕ ਵੱਡੀ ਰਾਹਤ ਪ੍ਰਦਾਨ ਕੀਤੀ ਪਰ ਇਸ ਪਰਉਪਕਾਰ ਨੂੰ ਨਜ਼ਰ ਅੰਦਾਜ਼ ਕਰਕੇ ਉਨ੍ਹਾਂ ਨਾਲ ਲੰਬਾ ਸਮਾਂ ਜੰਗਾਂ ਛੇੜ ਕੇ ਭਾਰਤ ਦੇ ਮੂਲ ਨਿਵਾਸੀ ਪਹਾੜੀ ਰਾਜਿਆਂ ਨੇ ਜਿਥੇ ਗੁਰੂ ਸਾਹਿਬਾਨ ਨਾਲ ਵੈਰ ਤਾਂ ਕਮਾਇਆ ਹੀ ਹੈ, ਉਥੇ ਇਹ ਵੀ ਸਾਬਤ ਕੀਤਾ ਹੈ ਕਿ ਉਨਾਂ ਨੂੰ ਗੁਰੂ ਆਸ਼ਿਆਂ ਦੀ ਉੱਕੀ ਹੀ ਸਮਝ ਨਹੀਂ ਆਈ। ਗੁਰੂ ਜੀ ਵਲੋਂ ਕੀਤੇ ਉਪਕਾਰਾਂ ਨੂੰ ਗ਼ਲਤ ਨਜ਼ਰ ਨਾਲ ਵੇਖ ਕੇ ਜਾਂ ਗ਼ਲਤ ਰੰਗਤ ਵਿੱਚ ਪ੍ਰਚਾਰ ਕੇ ਉਨ੍ਹਾਂ ਦੀ ਵੀਚਾਰਧਾਰਾ ਨਾਲ ਧ੍ਰੋਹ ਕਰਨ ਦਾ ਯਤਨ ਕੀਤਾ ਗਿਆ। ਭਾਵੇਂ ਇਸ ਵਿੱਚ ਕੁੱਝ ਵੀ ਸ਼ੱਕ ਨਹੀਂ ਹੈ ਕਿ ਗੁਰੂ ਨੂੰ ਪਿਆਰ ਕਰਨ ਵਾਲੇ ਗੁਰਸਿਖਾਂ ਨੇ ਆਪਣਾ ਆਪਾ ਤੱਕ ਗੁਰੂ ਆਸ਼ਿਆਂ ਤੋਂ ਘੋਲ ਘੁਮਾਇਆ ਪਰ ਕਿਤੇ ਨਾ ਕਿਤੇ ਸਿੱਖ ਧਰਮ ਵਿੱਚ ਅਜਿਹੇ ਤੱਤ ਵੀ ਸ਼ਾਮਲ ਹੁੰਦੇ ਰਹੇ ਜਿਨ੍ਹਾਂ ਗੁਰੂ ਵੀਚਾਰਧਾਰਾ ਨੂੰ ਨਾ ਸਮਝ ਕੇ ਆਪਣੇ ਪੁਰਾਣੇ ਸੰਸਕਾਰਾਂ ਅਤੇ ਹੂੜਮੱਤ ਅਧੀਨ ਇਸ ਦੇ ਨਾਂ ਤੇ ਕੁੱਝ ਹੋਰ ਹੀ ਕਰਮ ਕੀਤੇ ਅਤੇ ਇਸਦੀ ਦਿੱਖ ਨੂੰ ਖ਼ਰਾਬ ਕਰਨ ਦਾ ਕੋਝਾ ਯਤਨ ਕੀਤਾ। ਮਸੰਦਾਂ ਵਾਂਗ ਗੁਰੂ ਬਖਸ਼ੇ ਪਹਿਰਾਵੇ ਹੇਠ ਵੀ ਦੁਨੀਆਂ ਦੀ ਸੋਚ ਹੀ ਵਿਚਰਦੀ ਰਹੀ ਜਿਸ ਦੀ ਝਲਕ ਮਿਸਲਾਂ ਦੀ ਦਿਸ਼ਾਹੀਣ ਸਥਿਤੀ ਤੋਂ ਮਿਲ ਜਾਂਦੀ ਹੈ। ਵਿਚਾਰ ਕਰਨ'ਤੇ ਸ਼ੱਕ ਨਹੀਂ ਰਹੇਗਾ ਕਿ ਮਿਸਲਾਂ ਵਕਤ ਥੋੜੀਆਂ ਅਤੇ ਹੋਛੀਆਂ ਪਰਾਪਤੀਆਂ ਦੇ ਰਸ ਵਿੱਚ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਇਨਕਲਾਬੀ ਅਤੇ ਮਾਨਵਵਾਦੀ ਸੋਚ ਤੋਂ ਹੱਟ ਕੇ ਹੀ ਚੱਲੇ।

ਖਾਲਸੇ ਦੇ ਨਿਆਰੇਪਨ ਦਾ ਜਿਤਨਾ ਜ਼ਿਆਦਾ ਜ਼ਿਕਰ ਕੀਤਾ ਜਾਂਦਾ ਹੈ ਨਿਆਰੇਪਨ ਦੀ ਝਲਕ ਜੀਵਨ ਵਿਚੋਂ ਉਨੀਂ ਹੀ ਮਨਫੀ ਹੋਈ ਪ੍ਰਤੀਤ ਹੁੰਦੀ ਹੈ। ਇਸ ਦਾ ਮਤਲਬ ਇਹ ਬਿਲਕੁਲ ਨਹੀਂ ਹੈ ਕਿ ਗੁਰੂ ਗੋਬਿੰਦ ਸਿੰਘ ਦੇ ਰਾਹ ਰਸਤੇ ਤੇ ਤੁਰਨ ਵਾਲਾ ਕੋਈ ਨਹੀਂ ਸੀ। ਇਤਿਹਾਸ ਵਿੱਚ ਅਜਿਹੇ ਅਨੇਕਾਂ ਨਾਮ ਹਨ ਜਿਨ੍ਹਾਂ ਦੇ ਜੀਵਨ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ੇ ਕੁੱਟ ਕੁੱਟ ਕੇ ਭਰੇ ਹੋਏ ਸਨ। ਸਾਡਾ ਕਹਿਣ ਦਾ ਮੰਤਵ ਇਸ ਮਹਾਨ ਭਾਵਨਾ ਦੇ ਫੈਲਾਅ ਤੋਂ ਹੈ। ਇਸ ਦਾ ਵੱਡਾ ਕਾਰਣ ਇਹ ਵੀ ਹੈ ਕਿ ਸਿੱਖ ਧਰਮ ਦੇ ਆਰੰਭ ਤੋਂ ਹੀ ਇਸ ਨੂੰ ਅਣਸੁਖਾਵੇਂ ਹਾਲਾਤਾਂ ਦਾ ਸਾਹਮਣਾ ਕਰਨਾ ਪਿਆ। ਇਸ ਦੇ ਅਣਸੁਖਾਵੇਂ ਹਲਾਤਾ ਦਾ ਕਾਰਣ ਵੀ ਇਸ ਦੇ ਵਖਰੇ ਨਿਵੇਕਲੇ, ਅਗਾਂਹ ਵਧੂ ਅਤੇ ਸੰਘਰਸ਼ਸ਼ੀਲ ਸਿਧਾਂਤ ਹਨ। ਜਿਨ੍ਹਾਂ ਨੂੰ ਸਮੇਂ ਸਮੇਂ ਤੇ ਹਰ ਵਿਰੋਧੀ ਨੇ ਮੁਕੰਮਲ ਤੌਰ ਤੇ ਦਬਾਉਣਾ ਚਾਹਿਆ। ਦਸਵੇਂ ਗੁਰੂ ਵੇਲੇ ਇਹ ਟਕਰਾਅ ਬਾਹਰੀ ਰੂਪ ਵਿੱਚ ਵੱਡਾ ਰੂਪ ਧਾਰਣ ਕਰ ਗਿਆ। ਪਰ ਇਸ ਵਿੱਚ ਵਿਚਾਰਣ ਯੋਗ ਗੱਲ ਇਹ ਵੀ ਹੈ ਕਿ ਭਾਰਤੀ ਖਿੱਤੇ ਦੀ ਸਭ ਤੋਂ ਵੱਡੀ ਮਜ਼ਲੂਮ ਧਿਰ ਦੇ ਅਖੌਤੀ ਆਗੂਆਂ ਵਲੋਂ ਇਸ ਵਿਰੋਧ ਵਿੱਚ ਹੱਦੋਂ

**ਬਾਕੀ ਸਫਾ 15 'ਤੇ**

## ਮਰਦ ਅਗੰਮੜੇ ਦਾ ਪ੍ਰਕਾਸ਼ ਦਿਹਾੜਾ

# 5 ਜਨਵਰੀ ਜਾਂ 17 ਜਨਵਰੀ?

**ਗੱਲ 5 ਜਾਂ 17 ਤਾਰੀਕ ਦੀ ਨਹੀਂ ਹੈ ਗੱਲ ਹੈ ਸਿੱਖਾਂ ਦੀ ਵੱਖਰੀ ਪਹਿਚਾਣ ਦੀ ਜੋ ਪਹਿਚਾਣ ਕਿਸੇ ਕੌਮ ਦੇ ਕਲੰਡਰ ਬਨਣ ਨਾਲ ਵੀ ਬਣਦੀ ਹੈ। ਸੰਨ 2003 ਵਿੱਚ ਨਾਨਕਸ਼ਾਹੀ ਕੈਲੰਡਰ ਅਕਾਲ ਤਖ਼ਤ ਵਲੋਂ ਲਾਗੂ ਕੀਤਾ ਗਿਆ ਪਰ ਉਸਦਾ ਵਾਰ ਵਾਰ ਕਤਲ ਕੀਤਾ ਗਿਆ ਜਿਸਦੇ ਫਲਸਰੂਪ ਅੱਜ ਅਸੀਂ ਪੰਜ ਤਰ੍ਹਾਂ ਦੇ ਰਲਗੱਡ ਕਲੰਡਰਾਂ ਨਾਲ ਜੂਝ ਰਹੇ ਹਾਂ 1. ਸੂਰਜੀ ਕੈਲੰਡਰ .....ਸੰਗਰਾਂਦ ਦਾ ਸੰਬੰਧ ਸੂਰਜ ਨਾਲ ਹੈ, 2. ਚੰਦਰ ਕੈਲੰਡਰ–ਮੱਸਿਆ ਪੂਰਨਮਾਸੀ ਪੰਚਮੀ ਦਸਵੀਂ ਸੁਦੀ ਵਦੀ ਆਦਿ ਚੰਦਰਮਾਂ ਨਾਲ ਸੰਬੰਧਤ ਦਿਹਾੜੇ ਹਨ, 3. ਨਾਨਕਸ਼ਾਹੀ 2003 ਵਾਲਾ ਕੈਲੰਡਰ, 4. ਅੰਗਰੇਜ਼ੀ ਕੈਲੰਡਰ (ਜਨਵਰੀ ਫਰਵਰੀ ਵਾਲਾ) 5. ਉਪਰਲਿਆਂ ਚੌਹਾਂ ਦਾ ਰੱਲਗਡ ਕੈਲੰਡਰ (ਜਥੇਦਾਰਾਂ ਦਾ ਸੋਧਿਆ ਹੋਇਆ ਨਕਲੀ ਕੈਲੰਡਰ) ਆਹ ਚਾਰ ਪੰਜ ਕੈਲੰਡਰ ਸਿੱਖ ਕੌਮ ਗੁਰਦਵਾਰਿਆਂ ਵਿੱਚ ਚਲਾ ਰਹੀ ਹੈ। ਬੇੜਾ ਕਿਉਂ ਨਾ ਗਰਕ ਹੋਏਗਾ, ਸੂਰਜੀ ਕੈਲੰਡਰ, ਚੰਦਰਮਾਂ ਕੈਲੰਡਰ, ਅੰਗਰੇਜੀ ਕੈਲੰਡਰ, ਨਾਨਕਸ਼ਾਹੀ ਕੈਲੰਡਰ, ਰੱਲਗਡ ਕੈਲੰਡਰ। ਅੱਜ ਚਾਹੀਦਾ ਸੀ ਇਨ੍ਹਾਂ ਤਰੀਕਾਂ ਦੇ ਰੌਲੇ–ਰੱਪੇ ਨੂੰ ਛੱਡ ਕੇ ਸਾਨੂੰ ਜ਼ੋਰ ਲਾਉਣਾ ਚਾਹੀਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕੀ ਕਿਹਾ ਸੀ, ਕੀ ਕੀਤਾ ਸੀ, ਸਾਨੂੰ ਕੀ ਮੰਨਣ ਅਤੇ ਕਮਾਉਣ ਲਈ ਕਹਿ ਗਏ ਸਨ।**




**–ਕੈਪਟਨ ਅਵਤਾਰ ਸਿੰਘ**
**97819–90206**


ਅੱਜ ਸਮੁੱਚੀ ਸਿੱਖ ਕੌਮ ਅਤੇ ਨਾਨਕ ਨਾਮ ਲੇਵਾ ਹਰ ਮਨੁੱਖ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਣ ਵਾਸਤੇ ਉਤਸ਼ਾਹਤ ਦਿਖਾਈ ਦੇ ਰਿਹਾ ਹੈ। ਹੋਵੇ ਵੀ ਕਿਉਂ ਨਾ ਉਸ ਮਰਦ ਅਗੰਮੜੇ ਦਾ ਪ੍ਰਕਾਸ਼ ਦਿਹਾੜਾ ਜੋ ਹੈ। ਜਿਸਨੇ ਆਪਣੇ ਪਿਤਾ, ਮਾਤਾ ਅਤੇ ਪੁੱਤਰ ਜ਼ੁਲਮ ਦਾ ਟਾਕਰਾ ਕਰਦੇ ਹੋਏ ਕੌਮ ਦੀ ਖਾਤਰ ਵਾਰ ਦਿੱਤੇ ਪਰ ਸਿਧਾਂਤ ਤੋਂ ਜ਼ਰਾ ਵੀ ਨਹੀਂ ਥਿੜਕੇ।

ਪਰ ਅੱਜ ਸਾਡੀ ਕੌਮ ਚੁਰਾਹੇ ਤੇ ਖੜੀ ਹੈ ਆਮ ਸਿੱਖ ਵੱਡੇ ਭੰਬਲ ਭੁਸੇ ਵਿੱਚ ਪਿਆ ਹੋਇਆ ਹੈ। 5 ਜਨਵਰੀ ਜਾਂ 17 ਜਨਵਰੀ ਸ਼੍ਰੋਮਣੀ ਗੁ: ਪ੍ਰਬੰਧ: ਕਮੇਟੀ ਦੇ ਸਾਬਕਾ ਪ੍ਰਧਾਨ ਵੱਲੋਂ ਅਕਾਲ ਤਖਤ ਦੇ ਗੁਲਾਮ ਜਥੇਦਾਰ ਨੂੰ 5 ਜਨਵਰੀ ਵਾਸਤੇ ਅਪੀਲ ਕਰਨੀ ਮਹਿੰਗੀ ਪੈ ਗਈ ਜਿਸ ਕਾਰਨ ਸ. ਕ੍ਰਿਪਾਲ ਸਿੰਘ ਬਡੂੰਗਰ ਨੂੰ ਦੁਬਾਰਾ ਪ੍ਰਧਾਨ ਬਣਨ ਦਾ ਮੌਕਾ ਨਹੀਂ ਮਿਲਿਆ ਅਤੇ **RSS** ਵਾਲਿਆਂ ਦੇ ਹੁਕਮਾਂ 'ਤੇ ਫੁੱਲ ਚੜ੍ਹਾਉਂਦਿਆਂ ਰਾਜਨੀਤਕ ਲੀਡਰਾਂ ਦੇ ਪਿੱਠੂ, ਗੁਲਾਮ ਕੌਮ ਦੇ ਜਥੇਦਾਰਾਂ ਨੇ ਕੌਮ ਨੂੰ ਹੁਕਮ ਚਾੜ੍ਹ ਦਿੱਤਾ ਕਿ ਪ੍ਰਕਾਸ਼ ਦਿਹਾੜਾ 25 ਦਸੰਬਰ ਨੂੰ ਹੀ ਮਨਾਇਆ ਜਾਏ। ਇਸ ਸਾਲ ਵੀ ਸੰਗਤਾਂ ਭੰਬਲਭੂਸੇ ਵਿਚ ਹਨ ਕਿ 5 ਜਨਵਰੀ ਜਾਂ ਫਿਰ 17 ਜਨਵਰੀ? ਇਹ ਲੇਖ ਤੁਹਾਡੇ ਹੱਥਾਂ ਵਿੱਚ ਆਉਣ ਤੋਂ ਪਹਿਲਾ ਇਹ ਸਾਫ ਹੋ ਚੁੱਕਾ ਹੋਵੇਗਾ ਕਿ ਕੁੱਝ ਲੋਕਾਂ ਨੇ ਅਕਾਲ ਤੱਖਤ ਦੀ ਮਹਾਨਤਾਂ ਨੂੰ ਸਾਹਮਣੇ ਰੱਖ ਕੇ 17 ਜਨਵਰੀ ਨੂੰ ਅਤੇ ਕੁੱਝ ਲੋਕਾਂ ਨੇ ਜਮੀਰ ਦੀ ਅਵਾਜ਼ ਤੇ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹੁੰਦਿਆ ਹੋਇਆਂ ਗੁਲਾਮ ਜਥੇਦਾਰਾਂ ਦੇ ਹੁਕਮਾਂ ਦੀ ਪ੍ਰਵਾਹ ਨਾ ਕਰਦਿਆਂ 5 ਜਨਵਰੀ ਨੂੰ ਮਨਾਉਣ ਦਾ ਤਹੱਈਆ ਕਰ ਲਿਆ ਹੋਵੇਗਾ।

ਗੱਲ 5 ਜਾਂ 17 ਤਾਰੀਕ ਦੀ ਨਹੀਂ ਹੈ ਗੱਲ ਹੈ ਸਿੱਖਾਂ ਦੀ ਵੱਖਰੀ ਪਹਿਚਾਣ ਦੀ ਜੋ ਪਹਿਚਾਣ ਕਿਸੇ ਕੌਮ ਦੇ ਕਲੰਡਰ ਬਨਣ ਨਾਲ ਵੀ ਬਣਦੀ ਹੈ। ਸੰਨ 2003 ਵਿੱਚ ਨਾਨਕਸ਼ਾਹੀ ਕੈਲੰਡਰ ਅਕਾਲ ਤਖ਼ਤ ਵਲੋਂ ਲਾਗੂ ਕੀਤਾ ਗਿਆ ਪਰ ਉਸਦਾ ਵਾਰ ਵਾਰ ਕਤਲ ਕੀਤਾ ਗਿਆ ਜਿਸਦੇ ਫਲਸਰੂਪ ਅੱਜ ਅਸੀਂ ਪੰਜ ਤਰ੍ਹਾਂ ਦੇ ਰਲਗੱਡ ਕਲੰਡਰਾਂ ਨਾਲ ਜੂਝ ਰਹੇ ਹਾਂ 1. ਸੂਰਜੀ ਕੈਲੰਡਰ ...ਸੰਗਰਾਂਦ ਦਾ ਸੰਬੰਧ ਸੂਰਜ ਨਾਲ ਹੈ, 2. ਚੰਦਰ ਕੈਲੰਡਰ–ਮੱਸਿਆ ਪੂਰਨਮਾਸੀ ਪੰਚਮੀ ਦਸਵੀਂ ਸੁਦੀ ਵਦੀ ਆਦਿ ਚੰਦਰਮਾਂ ਨਾਲ ਸੰਬੰਧਤ ਦਿਹਾੜੇ ਹਨ, 3. ਨਾਨਕਸ਼ਾਹੀ 2003 ਵਾਲਾ ਕੈਲੰਡਰ, 4. ਅੰਗਰੇਜ਼ੀ ਕੈਲੰਡਰ (ਜਨਵਰੀ ਫਰਵਰੀ ਵਾਲਾ) 5. ਉਪਰਲਿਆਂ ਚੌਹਾਂ ਦਾ ਰੱਲਗਡ ਕੈਲੰਡਰ (ਜਥੇਦਾਰਾਂ ਦਾ ਸੋਧਿਆ ਹੋਇਆ ਨਕਲੀ ਕੈਲੰਡਰ) ਆਹ ਚਾਰ ਪੰਜ ਕੈਲੰਡਰ ਸਿੱਖ ਕੌਮ ਗੁਰਦਵਾਰਿਆਂ ਵਿੱਚ ਚਲਾ ਰਹੀ ਹੈ। ਬੇੜਾ ਕਿਉਂ ਨਾ ਗਰਕ ਹੋਏਗਾ, ਸੂਰਜੀ ਕੈਲੰਡਰ, ਚੰਦਰਮਾਂ ਕੈਲੰਡਰ, ਅੰਗਰੇਜੀ ਕੈਲੰਡਰ, ਨਾਨਕਸ਼ਾਹੀ ਕੈਲੰਡਰ, ਰੱਲਗਡ ਕੈਲੰਡਰ। ਅੱਜ ਚਾਹੀਦਾ ਸੀ ਇਨ੍ਹਾਂ ਤਰੀਕਾਂ ਦੇ ਰੌਲੇ–ਰੱਪੇ ਨੂੰ ਛੱਡ ਕੇ ਸਾਨੂੰ ਜ਼ੋਰ ਲਾਉਣਾ ਚਾਹੀਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕੀ ਕਿਹਾ ਸੀ, ਕੀ ਕੀਤਾ ਸੀ, ਸਾਨੂੰ ਕੀ ਮੰਨਣ ਅਤੇ ਕਮਾਉਣ ਲਈ ਕਹਿ ਗਏ ਸਨ। ਕਾਸ਼ ਅਸੀਂ ਉਹਨਾਂ ਦੇ ਜੀਵਨ ਤੇ ਮਨਘੜਤ ਕਹਾਣੀਆਂ ਤੇ ਵਿਚਾਰਾਂ ਕਰਕੇ ਲੋਕਾਂ ਤੱਕ ਸੱਚ ਪਹੁੰਚਾਉਂਦੇ। ਬਹੁਤ ਪ੍ਰਚਲਤ ਸਾਖੀ ਘੜੇ ਤੋੜਨ ਵਾਲੀ 'ਤੇ ਹੀ ਵਿਚਾਰ ਕਰ ਲਵੋ, ਜਿਸ ਤਰ੍ਹਾਂ ਗੁਰੂ ਸਾਹਿਬ ਨੂੰ ਕੁਆਰੀਆਂ ਕੁੜੀਆਂ ਦੇ ਘੜੇ ਤੋੜ ਕੇ ਪਾਣੀ ਉਹਨਾਂ ਦੇ ਸਰੀਰ ਉੱਤੇ ਪਾਇਆ ਅਤੇ ਉਨ੍ਹਾਂ ਦਾ ਮਖੌਲ ਉਡਾਉਂਦਿਆਂ ਦਰਸਾਇਆ ਗਿਆ ਹੈ। ਗੁਰੂ ਤਾਂ ਬਹੁਤ ਵੱਡੀ ਹਸਤੀ ਹੈ ਆਮ ਮਨੁੱਖਾਂ ਵਾਸਤੇ ਵੀ ਇਹ ਸਨਮਾਨ ਵਾਲੀ ਗੱਲ ਨਹੀਂ ਹੈ। ਫਿਰ ਮਾਤਾ ਜੀ ਕੋਲ ਸ਼ਿਕਾਇਤ ਕਰਨ 'ਤੇ ਮਾਤਾ ਜੀ ਵੱਲੋਂ ਕਹਿਣਾ ਕਿ ਤੁਸੀਂ ਗਾਗਰਾਂ ਲੈ ਲਵੋ, ਰਸਤਾ ਬਦਲੀ ਕਰ ਲਵੋ, ਪਰ ਮੇਰਾ ਗੋਬਿੰਦ ਤਾਂ

**ਅੱਜ ਸਾਰੇ ਹੀਲੇ ਵਰਤਣ ਤੋਂ ਬਾਅਦ ਭੇਖੀ ਸਿੱਖ ਬਣਾਉਣੇ ਸ਼ੁਰੂ ਕਰ ਦਿੱਤੇ ਹਨ ਜੋ ਬਾਹਰੀ ਦਿੱਖ ਖਾਲਸੇ ਵਾਲੀ ਬਣਾ ਕੇ ਸਾਡੇ ਘਰਾਂ ਵਿੱਚ ਵੜ ਗਏ ਹਨ ਭਾਵ ਸਾਡੇ ਗੁਰਦੁਆਰਿਆਂ ਦੇ ਗ੍ਰੰਥੀ, ਸੇਵਾਦਾਰ ਅਤੇ ਕਈ ਥਾਈਂ ਪ੍ਰਬੰਧਕ ਕਮੇਟੀ ਦੇ ਮੈਂਬਰ/ ਪ੍ਰਧਾਨ ਵੀ ਬਣ ਚੁੱਕੇ ਹਨ। ਪਰ ਉਨ੍ਹਾਂ ਦੀ ਪਹਿਚਾਣ ਉਦੋਂ ਹੁੰਦੀ ਹੈ ਜਦੋਂ ਗੁਰੂ ਸਾਹਿਬ ਦੇ ਪਾਏ ਪੂਰਨਿਆਂ ਤੇ ਚੱਲਣ ਤੋਂ ਅਸਮਰਥ ਹੋ ਜਾਂਦੇ ਹਨ। ਸਿੱਖ ਰਹਿਤ ਮਰਿਯਾਦਾ ਦੇ ਹੁੰਦਿਆਂ ਹੋਇਆਂ ਉਸ 'ਤੇ ਚੱਲਣ ਦੀ ਬਜਾਏ ਅਣਮਤੀਆਂ ਦੀਆਂ ਰਹੁ–ਰੀਤਾਂ ਗੁਰਦੁਆਰਿਆਂ ਵਿਚ ਵਾੜ ਦਿੱਤੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨੂੰ ਵੀਚਾਰਨ ਤੋਂ ਇਹ ਸ਼ਪੱਸ਼ਟ ਹੈ ਕਿ ਉਨ੍ਹਾਂ ਦੇ ਪੁਰਖਿਆਂ ਅਤੇ ਉਨ੍ਹਾਂ ਦੇ ਪਿਤਾ ਜੀ ਦੀ ਸ਼ਹਾਦਤ ਨੇ ਭਾਰਤ ਦੇ ਲੋਕਾਂ ਨੂੰ ਇੱਕ ਵੱਡੀ ਰਾਹਤ ਪ੍ਰਦਾਨ ਕੀਤੀ ਪਰ ਇਸ ਪਰਉਪਕਾਰ ਨੂੰ ਨਜ਼ਰ ਅੰਦਾਜ਼ ਕਰਕੇ ਉਨ੍ਹਾਂ ਲੋਕਾਂ ਦੇ ਵਾਰਸਾਂ ਨੇ ਗੁਰੂ ਜੀ ਨਾਲ ਲੰਬਾ ਸਮਾਂ ਜੰਗਾਂ ਛੇੜ ਕੇ ਭਾਰਤ ਦੇ ਮੂਲ ਨਿਵਾਸੀ ਪਹਾੜੀ ਰਾਜਿਆਂ ਨੇ ਜਿਥੇ ਗੁਰੂ ਸਾਹਿਬਾਨ ਨਾਲ ਵੈਰ ਤਾਂ ਕਮਾਇਆ ਹੀ ਹੈ, ਉਥੇ ਇਹ ਵੀ ਸਾਬਤ ਕੀਤਾ ਹੈ ਕਿ ਉਨ੍ਹਾਂ ਨੂੰ ਗੁਰੂ ਆਸ਼ਿਆਂ ਦੀ ਉੱਕੀ ਹੀ ਸਮਝ ਨਹੀਂ ਆਈ।**

ਇੱਦਾਂ ਹੀ ਕਰੂਗਾ। ਕੀ ਅੱਜ ਵੀ ਇਹੋ ਜਿਹਾ ਜਵਾਬ ਕਿਸੇ ਸਧਾਰਨ ਮਾਂ ਵੱਲੋਂ ਵੀ ਦਿੱਤਾ ਜਾ ਸਕਦਾ ਹੈ। ਸੋਚਣ ਵਾਲੀ ਗੱਲ ਉਹ ਗੋਬਿੰਦ ਰਾਏ (ਗੁਰੂ ਗੋਬਿੰਦ ਸਿੰਘ ਜੀ) ਜੋ ਫਕੀਰਾਂ ਨੂੰ ਗੁਝੀਆਂ ਰਮਜਾਂ, ਪੰਡਿਤ ਸ਼ਿਵ ਦੱਤ ਵਰਗਿਆਂ ਨੂੰ ਅਤੇ ਰਾਜੇ ਮੈਣੀ ਦੀ ਰਾਣੀ ਵਰਗੇ ਸ਼ਰਧਾਲੂਆਂ ਨੂੰ ਭਟਕਣਾਂ ਤੋਂ ਬਚਾਉਂਦੇ ਸਨ ਭਾਵ ਗਿਆਨ ਦੀਆ ਗੱਲਾਂ ਨਾਲ ਮੋਹਿਤ ਕਰ ਦਿੰਦੇ ਹਨ ਉਹ ਗਰੀਬ ਅਤੇ ਆਮ ਲੋਕਾਂ ਦੀਆਂ ਬੱਚੀਆਂ ਨੂੰ ਘੜੇ ਤੋੜ ਕੇ ਪਰੇਸ਼ਾਨ ਕਰਨ ਵਾਲੀ ਹਰਕਤ ਕਰ ਸਕਦੇ ਹਨ ਕੀ ਉਨ੍ਹਾਂ 'ਤੇ ਜ਼ੁਲਮ ਕਰ ਸਕਦੇ ਹਨ? ਉਹ ਸ਼ਖਸੀਅਤ ਜੋ ਥੋੜ੍ਹੇ ਸਮੇਂ ਬਾਅਦ ਹੀ ਜ਼ੁਲਮ ਦਾ ਮੁਕਾਬਲਾ ਕਰਨ ਵਾਸਤੇ ਆਪਣੇ ਪਿਤਾ ਜੀ ਨੂੰ ਕੁਰਬਾਨੀ ਦੇਣ ਵਾਸਤੇ ਕਹਿਣ ਦਾ ਜਜ਼ਬਾ ਰੱਖਦੇ ਸਨ। ਸੋਚੋ ਅਤੇ ਗਿਆਨਮਈ ਵਿਚਾਰਾਂ ਨਾਲ ਲੋਕਾਂ ਨੂੰ ਸੱਚ ਸਮਝਾਓ ਨਾ ਕਿ 5 ਜਾਂ 17 ਤਾਰੀਕ ਵਿਚ ਹੀ ਉਲਝਾ ਕੇ ਸਮਾਂ ਕੱਢ ਦਿਉ। ਕੌਮ ਦੇ ਜਥੇਦਾਰੋ! ਆਪਣੀ ਜ਼ਮੀਰ ਨੂੰ ਹਲੂਣਾ ਦਿਓ, ਨਹੀਂ ਤਾਂ ਕੌਮ ਤੁਹਾਨੂੰ ਕਦੇ ਮੁਆਫ ਨਹੀਂ ਕਰੇਗੀ।

ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜੀਵਨ ਤਾਂ ਭਾਵੇ ਕੁੱਝ ਸਾਲਾਂ, ਮਹੀਨਿਆਂ ਅਤੇ ਦਿਨਾਂ ਤੱਕ ਸੀਮਤ ਕਰਕੇ ਵੇਖਿਆ ਜਾ ਸਕਦਾ ਹੈ ਅਤੇ ਉਨ੍ਹਾਂ ਦੀ ਕਾਰਜਸ਼ੈਲੀ ਉਪਰ ਵੀ ਮੋਟੇ ਤੌਰ 'ਤੇ ਨਜ਼ਰ ਮਾਰੀ ਜਾ ਸਕਦੀ ਹੈ, ਉਹ ਆਪਣੀ ਮਿਸਾਲ ਆਪ ਹੈ ਜਿਸ ਦਾ ਕੋਈ ਪਾਰਾਵਾਰ ਵੀ ਨਹੀਂ ਅਤੇ ਸਾਨੀ ਵੀ ਨਹੀਂ। ਉਹ ਗੁਰੂ ਨਾਨਕ ਸਾਹਿਬ ਜੀ ਦੀ ਵੀਚਾਰਧਾਰਾ ਅਤੇ ਉਨ੍ਹਾਂ ਵਲੋਂ ਸੰਗਠਿਤ ਕੀਤੇ ਇਨਕਲਾਬੀ ਮਹਾਂ ਪੁਰਖਾਂ ਦੀ ਵਿਰਾਸਤ ਦੇ ਮਾਲਕ ਅਤੇ ਮਾਨਵਤਾ ਦੇ ਰਾਹ ਦਸੇਰੇ ਸਨ। ਉਨ੍ਹਾਂ ਕੋਲ ਗੁਰਮਤਿ ਵੀਚਾਰਧਾਰਾ ਦਾ ਵੱਡਾ ਜ਼ਖੀਰਾ ਸੀ ਜਿਸਦੀ ਸਾਂਝ ਉਨ੍ਹਾਂ ਦੇ ਪਹਿਲੇ ਰਹਿਬਰ ਦੁਨੀਆਂ ਨੂੰ ਪਵਾਉਂਦੇ ਆਏ ਸਨ। ਇਸੇ ਨੂੰ ਸੰਭਾਲ ਕੇ ਨੀਤੀਗਤ ਤਰੀਕੇ ਨਾਲ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਵਰਤਿਆ ਅਤੇ ਇਤਿਹਾਸ ਵਿੱਚ ਮਾਣਯੋਗ ਪ੍ਰਾਪਤੀਆਂ ਕਰਕੇ ਇੱਕ ਵੱਖਰੀ ਮਿਸਾਲ ਪੈਦਾ ਕੀਤੀ ਜਿਸ ਨਾਲ ਮਾਨਵਤਾ ਦੇ ਚਿਹਰੇ ਦੀ ਸੱਚਿਆਰੀ ਨੁਹਾਰ ਨੂੰ ਨਿਖਾਰਨ ਦੇ ਵੱਡੇ ਚਿੰਨ ਦਿਖਾਈ ਦਿੰਦੇ ਹਨ। ਪਰ ਇਸ ਦੇ ਨਾਲ ਇਹ ਵੀ ਵੱਡੀ ਅਤੇ ਨਾ ਝੁਠਲਾਈ ਜਾਣ ਵਾਲੀ ਸੱਚਾਈ ਹੈ ਕਿ ਅਜਿਹੇ ਮਹਾਨ ਨੇਤਾ, ਧਾਰਮਿਕ ਪੁਰਸ਼ ਅਤੇ ਇਨਕਲਾਬ ਦੀ ਪੈਦਾਵਾਰ ਕਰਨ ਵਾਲੀ ਪਵਿੱਤਰ ਰੂਹ ਦੀ ਵੀਚਾਰਧਾਰਾ ਅਤੇ ਆਸ਼ਿਆਂ ਦਾ ਦਾਇਰਾ ਅਸੀਮ ਹੋਣ ਦੇ ਬਾਵਜੂਦ ਵੀ ਉਨ੍ਹਾਂ ਦੇ ਰਾਹ ਤੇ ਚਲਣ ਦਾ ਦਮ ਭਰਨ ਵਾਲਿਆਂ ਵਿੱਚ ਉਹ ਝਲਕ ਕਿਉਂ ਨਹੀਂ ਪਰਤੀਤ ਹੁੰਦੀ ਜਿਸਦੀ ਪੈਦਾਇਸ਼ ਮਰਦ ਅਗੰਮੜੇ ਰਹਿਬਰ ਨੇ ਪੈਦਾ ਕੀਤੀ ਅਤੇ ਮਨੁੱਖੀ ਸਮਾਜ ਵਿੱਚ ਬੇਦਿਲੀ, ਬੇਗ਼ੈਰਤੀ, ਅਵੇਸਲੇਪਨ, ਅਤੇ ਭਟਕਣਾ ਦਾ ਇਹ ਆਲਮ ਕਿਉਂ ਹੈ?

ਅੱਜ ਆਪਣੇ ਆਪ ਨੂੰ ਪੰਥਕ ਲੀਡਰ ਕਹਾਉਣ ਵਾਲੇ ਜਰੂਾਂ ਸੋਚਣ ਦੀ ਪਹਿਲ ਕਰਨਗੇ ਕੀ ਉਹਨਾਂ ਦੇ ਜੀਵਨ ਵਿੱਚੋਂ ਉਹ ਮਹਿਕ ਆਉਂਦੀ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਆਪਣੇ ਖਾਲਸੇ ਵਿੱਚ ਭਰ ਕੇ ਗਏ ਸਨ ਗੁਰਬਾਣੀ ਦਾ ਫੁਰਮਾਨ ਹੈ। **ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥** ਕੀ ਅਸੀਂ ਕਦੀ ਆਪਣੇ ਆਪ ਨੂੰ ਪੜਚੋਲਣ ਦੀ ਕੋਸ਼ਿਸ ਕੀਤੀ ਹੈ ਆਮ ਲੋਕ ਆਪਣੇ ਵੱਡਿਆਂ, ਜਥੇਦਾਰਾਂ ਅਤੇ ਕੌਮ ਦੇ ਲੀਡਰਾਂ ਨੂੰ ਆਪਣਾ ਰੋਲ ਮਾਡਲ ਸਮਝ ਕੇ ਆਪਣਾ ਜੀਵਨ ਜੀਉਂਦੇ ਹਨ ਕੀ ਜੋ ਰੋਲ ਮਾਡਲ ਸਾਡੇ ਗੁਰੂ ਸਾਹਿਬਾਨ, ਸਿੱਖ ਅਤੇ ਸਹਿਬਜ਼ਾਦੇ ਬਣ ਕੇ ਮਿਸਾਲ ਪੈਦਾ ਕਰ ਗਏ ਅਤੇ ਗੁਰੂ ਗੋਬਿੰਦ ਸਿੰਘ ਜੀ ਸਾਨੂੰ ਆਪਣੇ ਪੁੱਤਰ ਕਹਿ ਕੇ ਸਨਮਾਨਯੋਗ ਬਣਾ ਗਏ ਅੱਜ ਅਸੀਂ ਉਹਨਾਂ ਦੇ ਮੁਤਾਬਕ ਨੇੜੇ-ਤੇੜੇ ਹਾਂ?

ਅੱਜ ਸਾਰੇ ਹੀਲੇ ਵਰਤਣ ਤੋਂ ਬਾਅਦ ਭੇਖੀ ਸਿੱਖ ਬਣਾਉਣੇ ਸ਼ੁਰੂ ਕਰ ਦਿੱਤੇ ਹਨ ਜੋ ਬਾਹਰੀ ਦਿੱਖ ਖਾਲਸੇ ਵਾਲੀ ਬਣਾ ਕੇ ਸਾਡੇ ਘਰਾਂ ਵਿੱਚ ਵੜ ਗਏ ਹਨ ਭਾਵ ਸਾਡੇ ਗੁਰਦੁਆਰਿਆਂ ਦੇ ਗ੍ਰੰਥੀ, ਸੇਵਾਦਾਰ ਅਤੇ ਕਈ ਥਾਈਂ ਪ੍ਰਬੰਧਕ ਕਮੇਟੀ ਦੇ ਮੈਂਬਰ/ ਪ੍ਰਧਾਨ ਵੀ ਬਣ ਚੁੱਕੇ ਹਨ। ਪਰ ਉਨ੍ਹਾਂ ਦੀ ਪਹਿਚਾਣ ਉਦੋਂ ਹੁੰਦੀ ਹੈ ਜਦੋਂ ਗੁਰੂ ਸਾਹਿਬ ਦੇ ਪਾਏ ਪੂਰਨਿਆਂ ਤੇ ਚੱਲਣ ਤੋਂ ਅਸਮਰਥ ਹੋ ਜਾਂਦੇ ਹਨ। ਸਿੱਖ ਰਹਿਤ ਮਰਿਯਾਦਾ ਦੇ ਹੁੰਦਿਆਂ ਹੋਇਆਂ ਉਸ 'ਤੇ ਚੱਲਣ ਦੀ ਬਜਾਏ ਅਨਮਤੀਆਂ ਦੀਆਂ ਰਹੁ-ਰੀਤਾਂ ਗੁਰਦੁਆਰਿਆਂ ਵਿਚ ਵਾੜ ਦਿੱਤੀਆਂ ਹਨ।

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨੂੰ ਵੀਚਾਰਨ ਤੋਂ ਇਹ ਸ਼ਪੱਸ਼ਟ ਹੈ ਕਿ ਉਨ੍ਹਾਂ ਦੇ ਪੁਰਖਿਆਂ ਅਤੇ ਉਨ੍ਹਾਂ ਦੇ ਪਿਤਾ ਜੀ ਦੀ ਸ਼ਹਾਦਤ ਨੇ ਭਾਰਤ ਦੇ ਲੋਕਾਂ ਨੂੰ ਇੱਕ ਵੱਡੀ ਰਾਹਤ ਪ੍ਰਦਾਨ ਕੀਤੀ ਪਰ ਇਸ ਪਰਉਪਕਾਰ ਨੂੰ ਨਜ਼ਰ ਅੰਦਾਜ਼ ਕਰਕੇ ਉਨ੍ਹਾਂ ਲੋਕਾਂ ਦੇ ਵਾਰਸਾਂ ਨੇ ਗੁਰੂ ਜੀ ਨਾਲ ਲੰਬਾ ਸਮਾਂ ਜੰਗਾਂ ਛੇੜ ਕੇ ਭਾਰਤ ਦੇ ਮੂਲ ਨਿਵਾਸੀ ਪਹਾੜੀ ਰਾਜਿਆਂ ਨੇ ਜਿਥੇ ਗੁਰੂ ਸਾਹਿਬਾਨ ਨਾਲ ਵੈਰ ਤਾਂ ਕਮਾਇਆ ਹੀ ਹੈ, ਉਥੇ ਇਹ ਵੀ ਸਾਬਤ ਕੀਤਾ ਹੈ ਕਿ ਉਨ੍ਹਾਂ ਨੂੰ ਗੁਰੂ ਆਸ਼ਿਆਂ ਦੀ ਉੱਕੀ ਹੀ ਸਮਝ ਨਹੀਂ ਆਈ। ਗੁਰੂ ਜੀ ਵਲੋਂ ਕੀਤੇ ਉਪਕਾਰਾਂ ਨੂੰ ਗ਼ਲਤ ਨਜ਼ਰ ਨਾਲ ਵੇਖ ਕੇ ਜਾਂ ਗ਼ਲਤ ਰੰਗਤ ਵਿੱਚ ਪ੍ਰਚਾਰ ਕੇ ਉਨ੍ਹਾਂ ਦੀ ਵੀਚਾਰਧਾਰਾ ਨਾਲ ਧ੍ਰੋਹ ਕਰਨ ਦਾ ਯਤਨ ਕੀਤਾ ਗਿਆ। ਭਾਵੇਂ ਇਸ ਵਿੱਚ ਕੁੱਝ ਵੀ ਸ਼ੱਕ ਨਹੀਂ ਹੈ ਕਿ ਗੁਰੂ ਨੂੰ ਪਿਆਰ ਕਰਨ ਵਾਲੇ ਗੁਰਸਿਖਾਂ ਨੇ ਆਪਣਾ ਆਪਾ ਤੱਕ ਗੁਰੂ ਆਸ਼ਿਆਂ ਤੋਂ ਘੋਲ ਘੁਮਾਇਆ ਪਰ ਕਿਤੇ ਨਾ ਕਿਤੇ ਸਿੱਖ ਧਰਮ ਵਿੱਚ ਅਜਿਹੇ ਤੱਤ ਵੀ ਸ਼ਾਮਲ ਹੁੰਦੇ ਰਹੇ ਜਿਨ੍ਹਾਂ ਗੁਰੂ ਵੀਚਾਰਧਾਰਾ ਨੂੰ ਨਾ ਸਮਝ ਕੇ ਆਪਣੇ ਪੁਰਾਣੇ ਸੰਸਕਾਰਾਂ ਅਤੇ ਹੂੜਮੱਤ ਅਧੀਨ ਇਸ ਦੇ ਨਾਂ ਤੇ ਕੁੱਝ ਹੋਰ ਹੀ ਕਰਮ ਕੀਤੇ ਅਤੇ ਇਸਦੀ ਦਿੱਖ ਨੂੰ ਖ਼ਰਾਬ ਕਰਨ ਦਾ ਕੋਝਾ ਯਤਨ ਕੀਤਾ। ਮਸੰਦਾਂ ਵਾਂਗ ਗੁਰੂ ਬਖਸ਼ੇ ਪਹਿਰਾਵੇ ਹੇਠ ਵੀ ਦੁਨੀਆਂ ਦੀ ਸੋਚ ਹੀ ਵਿਚਰਦੀ ਰਹੀ ਜਿਸ ਦੀ ਝਲਕ ਮਿਸਲਾਂ ਦੀ ਦਿਸ਼ਾਹੀਣ ਸਥਿਤੀ ਤੋਂ ਮਿਲ ਜਾਂਦੀ ਹੈ। ਵਿਚਾਰ ਕਰਨ 'ਤੇ ਸ਼ੱਕ ਨਹੀਂ ਰਹੇਗਾ ਕਿ ਮਿਸਲਾਂ ਵਕਤ ਥੋੜੀਆਂ ਅਤੇ ਹੋਛੀਆਂ ਪ੍ਰਾਪਤੀਆਂ ਦੇ ਰਸ ਵਿੱਚ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਇਨਕਲਾਬੀ ਅਤੇ ਮਾਨਵਵਾਦੀ ਸੋਚ ਤੋਂ ਹੱਟ ਕੇ ਹੀ ਚੱਲੇ।

ਬਾਕੀ ਸਫਾ 13 'ਤੇ

## ਨਾਮਿਰੋ ਮਨਸੂਰ ਗੁਰੂ ਗੋਬਿੰਦ ਸਿੰਘ

ਬਾਕੀ ਸਫਾ 13 'ਤੇ

ਵੱਧ ਯੋਗਦਾਨ ਪਾਇਆ ਗਿਆ। ਹਾਲਾਂ ਕਿ ਗੁਰੂ ਘਰ ਉਹਨਾਂ ਲਈ ਸਭ ਤੋਂ ਵੱਡੀ ਫਾਇਦੇਮੰਦ ਥਾਂ ਸੀ। ਦੂਜੇ ਧਰਮਾਂ ਦੀ ਕਟੱੜਵਾਦੀ ਲਾਬੀ ਆਪਣੇ ਏਕਾਧਿਕਾਰ ਅਤੇ ਪਕੜ ਨੂੰ ਬਣਾਈ ਰੱਖਣ ਲਈ ਧਾਰਮਿਕ ਤਾਕਤ ਦੀ ਵਰਤੋਂ ਰੱਬੀ ਰਾਹ ਦੇ ਪਾਂਧੀ ਗੁਰੂ ਸਾਹਿਬਾਂ ਵਿਰੁੱਧ ਵਰਤਦੀ ਰਹੀ। ਅੰਦਰ ਦੇ ਇਸ ਉਬਾਲ ਨੂੰ ਰਾਜਸੀ ਤਾਕਤ ਨੇ ਅੰਜਾਮ ਦੇਣ ਤੋਂ ਕਦੀ ਕੰਨੀ ਨਹੀਂ ਕਤਰਾਈ। ਅਸਲ ਵਿੱਚ ਇਹ ਇਨਕਲਾਬ ਅਤੇ ਰੂੜੀਵਾਦ ਦਾ ਵੱਡਾ ਟਕਰਾਅ ਸੀ। ਜੋ ਕਿਸੇ ਨਾ ਕਿਸੇ ਰੂਪ ਵਿੱਚ ਚੱਲਿਆ ਹੀ ਆ ਰਿਹਾ ਹੈ। ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਕੀਤੇ ਕਾਰਜਾਂ ਵਿੱਚ ਮਹਾਨ ਗੱਲ ਇਹ ਸੀ ਉਹਨਾਂ ਨੇ ਖਾਲਸਾ ਸਾਜ ਕੇ ਧਾਰਮਿਕ ਰਾਜਸੀ, ਆਰਥਕ ਅਤੇ ਸਮਾਜਿਕ ਬਰਾਬਰਤਾ ਅਤੇ ਵੱਡਾ ਪਰਿਵਰਤਨ ਪੈਦਾ ਕੀਤਾ ਜਿਸ ਦੀ ਸਮੇਂ ਦੇ ਵੇਗ ਨਾਲ ਸਹੀ ਤਸਵੀਰ ਧੁੰਦਲੀ ਕਰਨ ਦਾ ਵੱਡਾ ਯਤਨ ਹੋਇਆ ਹੈ ਅਤੇ ਚੰਦ ਕਥਾ ਕਹਾਣੀਆਂ ਤੋਂ ਬਿਨਾਂ ਇਸ ਨੂੰ ਸਮਝਣ ਦਾ ਯਤਨ ਹੀ ਨਹੀਂ ਹੋ ਸਕਿਆ ਅਤੇ ਮਨੁੱਖਤਾ ਦਾ ਆਮ ਹਿੱਸਾ ਜਿਸ ਨੂੰ ਆਪਣੀ ਪਕੜ ਰੱਖਣ ਦੇ ਚਾਹਵਾਨ ਲੋਕਾਂ ਨੇ ਸਦਾ ਹੀ ਇਸ ਤੋਂ ਦੂਰ ਰਖਿਆ। ਜਿਸ ਦੀ ਵਜਹ ਕਰਕੇ 'ਇਨ ਗਰੀਬ ਸਿਖਨ ਕੋ ਦਿਉਂ ਪਾਤਸ਼ਾਹੀ। ਯਹ ਯਾਦ ਕਰੈਂ ਹਮਰੀ ਗੁਰਆਈ'। ਦਾ ਸੰਕਲਪ ਕਹਿਣ ਮਾਤਰ ਹੀ ਰਹਿ ਰਿਹਾ ਹੈ ਅਤੇ ਇਸ ਆਸ਼ੇ ਦੀ ਪ੍ਰਾਪਤੀ ਦਾ ਮਾਮੂਲੀ ਯਤਨ ਵੀ ਨਹੀਂ ਹੋ ਰਿਹਾ। ਅਜੋਕੇ ਸਮੇ ਵਿੱਚ ਖਾਸ ਤੌਰ ਤੇ ਗੁਰੂ ਨਾਨਕ ਪ੍ਰਸਤਾਂ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਵਿਰਾਸਤ ਤੇ ਵਾਰਸਾਂ ਨੂੰ ਇਹ ਸੋਚਣਾ ਪਵੇਗਾ ਕਿ ਅਜਿਹੀ ਅਜ਼ੀਮ ਇਨਕਲਾਬੀ ਸੋਚ ਤੇ ਪਰਦਾ ਪਾਇਆ ਜਾਣਾ ਚਾਹੀਦਾ ਹੈ ਜਾਂ ਇਸ ਨੂੰ ਜੱਗ ਜ਼ਾਹਿਰ ਕਰਨਾ ਚਾਹੀਦਾ ਹੈ?

**"ਜਿਨਾ ਗੁਰੁ ਗੋਪਿਆ ਆਪਣਾ ਤੇ ਨਰ ਬੁਰਿਆਰੀ॥**
**ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ ਪਾਪਿਸਟ ਹਤਿਆਰੀ॥ "**

-0-

# ਗੋਦਾਵਰੀ ਦੀ ਗਾਥਾ

–ਜਗਜੀਤ ਸਿੰਘ ਦੋਦੇ
98142–25671

ਜ਼ਿੰਦਗੀ ਦੇ ਸਫ਼ਰ ਦੌਰਾਨ ਮੈਨੂੰ ਕਈ ਨਹਿਰਾਂ ਤੇ ਨਦੀਆਂ ਦੇ ਡੂੰਘੇ ਪਾਣੀਆਂ ਦੀਆਂ ਦਿਲ ਲੁਭਾਊ ਤਰੰਗਾਂ ਨੂੰ ਤੱਕਣਾ ਨਸੀਬ ਹੋਇਆ। ਗੋਦਾਵਰੀਏ! ਜੋ ਅਨੰਦ ਤੇ ਸਕੂਨ ਮੈਨੂੰ ਤੇਰੀ ਗੋਦ 'ਚ ਬੈਠਿਆਂ ਨਸੀਬ ਹੋਇਆ ਪਹਿਲਾਂ ਕਦੇ ਨਹੀਂ ਮਹਿਸੂਸ ਕੀਤਾ।

ਮੈਂ ਤੇਰੇ ਡੂੰਘੇ ਪਾਣੀ ਤੇ ਤੇਰੀ ਮਹਾਨਤਾ ਨੂੰ ਆਪਣੀਆਂ ਦੋ ਅੱਖਾਂ ਨਾਲ ਮਾਪਣ ਦਾ ਯਤਨ ਕਰਦਾ ਹਾਂ, ਪਰ ਤੇਰੀ ਮਹਾਨਤਾ ਤੇ ਵਿਸ਼ਾਲਤਾ ਮੇਰੀਆਂ ਦੋ ਅੱਖਾਂ ਦੇ ਮਾਪਣ ਤੋਂ ਬਾਹਰ ਹੈ ਕਿਉਂਕਿ ਤੂੰ ਕਰਾਮਾਤੀ ਪੁਰਖ ਦੇ, ਕਹਿਰ ਤੇ ਸੱਚ ਦੇ ਅਲੰਬਰਦਾਰ ਦੀਆਂ ਪੈੜਾਂ ਨੂੰ ਆਪਣੀ ਹੱਕ 'ਚ ਅੱਜ ਤੱਕ ਸਾਂਭੀ ਬੈਠੀ ਹੈ। ਜਦੋਂ ਕਰਾਮਾਤੀ ਮਾਧੋ ਦਾਸ ਬੈਰਾਗੀ ਨੇ ਤੇਰੇ ਕੰਢੇ 'ਤੇ ਬੈਠ ਕੇ 'ਰੱਬ ਦਾ ਸ਼ਰੀਕ' ਬਣਨ ਦਾ ਯਤਨ ਕੀਤਾ ਹੋਵੇਗਾ ਤਾਂ ਤੂੰ ਆਪਣੇ ਆਪ ਨੂੰ ਕਲੰਕਤ ਹੋਣ ਦਾ ਅਹਿਸਾਸ ਜ਼ਰੂਰ ਪਾਲ਼ਿਆ ਹੋਵੇਗਾ। ਤੂੰ ਇਤਿਹਾਸ ਦਾ ਸੁਨਹਿਰੀ ਭਾਗ ਬਣਨ ਲਈ ਅਕਾਲ ਪੁਰਖ ਅੱਗੇ ਅਰਜ਼ੋਈ ਜ਼ਰੂਰ ਕੀਤੀ ਹੋਵੇਗੀ? ਤੇ ਕਿਸੇ ਮਹਾਨ ਪੁਰਖ ਦੀ ਉਡੀਕ ਵਿੱਚ ਪਲਕਾਂ ਵਿਛਾ ਕੇ ਇੰਤਜ਼ਾਰ ਦੀਆਂ ਘੜੀਆਂ ਜ਼ਰੂਰ ਲੰਘਾ ਰਹੀ ਹੋਵੇਗੀ? ਕਿਉਂਕਿ ਉਹ 'ਥਾਨ ਸੁਹਾਵਾ ਤੇ ਧਰਤ ਹਰਿਆਵਲੀ' ਹੋ ਜਾਂਦੀ ਹੈ ਜਿਥੇ ਸਾਧ-ਜਨ ਬੈਠਦੇ ਹਨ।

ਉਹ ਕਿੰਨਾ ਸੁਹਾਵਣਾ ਸਮਾਂ ਹੋਵੇਗਾ ਜਦ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਹਜ਼ਾਰਾਂ ਮੀਲ ਪੈਂਡਾ ਤੈਅ ਕਰ ਕੇ ਤੇਰੀ ਧਰਤ'ਤੇ ਡੇਰਾ ਲਾਇਆ ਹੋਵੇਗਾ? ਮੈਂ ਉਸੇ ਹੀ ਸਮੇਂ ਦੀ ਕਹਾਣੀ ਨੂੰ ਤੇਰੀ ਜ਼ੁਬਾਨ ਤੋਂ ਸੁਣਨ ਲਈ ਬੇਤਾਬ ਹਾਂ, ਜਦੋਂ ਮੇਰੇ ਰਹਿਬਰ ਦਸਮੇਸ਼ ਪਿਤਾ ਜੀ ਤੇਰੀ ਧਰਤ'ਤੇ ਵਿਛੇ ਕਰਾਮਾਤਾਂ ਰੂਪੀ ਕੂੜ ਦੇ ਬਿਸਤਰੇ ਨੂੰ ਗੋਲ਼ ਕਰਨ ਲਈ ਮਾਧੋ ਦਾਸ ਬੈਰਾਗੀ ਦੇ ਪਲੰਘ ਉੱਤੇ ਚੌਕੜਾ ਮਾਰ ਕੇ ਬੈਠੇ ਸਨ।

ਗੋਦਾਵਰੀਏ! ਤੂੰ ਆਪਣਾ ਵੇਗ ਰੋਕ ਕੇ ਇਸ ਅਲੌਕਿਕ ਦ੍ਰਿਸ਼ ਨੂੰ ਤੱਕਿਆ ਵੀ ਤੇ ਉਸ ਦੀ ਜਿਊਂਦੀ ਜਾਗਦੀ ਗਵਾਹ ਵੀ ਤੂੰ ਹੀ ਹੈਂ। ਇਸ ਕੂੜ ਤੇ ਸੱਚ ਦੀ ਜੰਗ ਵਿੱਚ ਜਦੋਂ ਕਲਗੀਧਰ ਪਾਤਸ਼ਾਹ ਜੀ ਦਾ ਪਲੰਘ ਉਲ਼ਟਾਉਣ ਵਿੱਚ ਮਾਧੋ ਦਾਸ ਅਸਫਲ ਰਿਹਾ ਤਾਂ ਤੂੰ ਹੰਕਾਰੀ ਪੁਰਸ਼ ਨੂੰ ਕਲਗੀਧਰ ਪਾਤਸ਼ਾਹ ਜੀ ਦੇ ਚਰਨਾਂ ਤੇ ਢਹਿੰਦਿਆਂ ਤੱਕ ਕੇ ਜ਼ੋਰਦਾਰ ਉਛਾਲ਼ ਜ਼ਰੂਰ ਮਾਰੀ ਹੋਵੇਗੀ? ਕਲਗੀਧਰ ਪਾਤਸ਼ਾਹ ਜੀ ਨੇ ਸ਼ਰਨ ਆਏ ਮਾਧੋ ਦਾਸ ਨੂੰ ਕੰਠ ਲਾ ਕੇ ਇਲਾਹੀ ਬਚਨ ਉਚਾਰੇ ਹੋਣਗੇ ਤੇ ਇਹੋ ਜਾਣਨ ਦੀ ਤਾਂਘ ਨੇ ਮੈਨੂੰ ਤੇਰੀ ਗੋਦੀ ਬਿਠਾ ਲਿਆ, ਜ਼ਰਾ ਸੁਣਾ ਕੂੜ ਵੱਲੋਂ ਹੋੜ ਕੇ ਸੱਚ ਦੇ ਮਾਰਗ ਵੱਲ ਵਧਣ ਦੀ ਪ੍ਰੇਰਨਾ ਕਿਵੇਂ ਦਿੱਤੀ ਹੋਵੇਗੀ?

ਹਨੇਰਾ ਹੋ ਗਿਆ, ਪਰ ਮੇਰਾ ਉੱਠਣ ਨੂੰ ਜੀਅ ਨਹੀਂ ਕਰ ਰਿਹਾ। ਫਿਰ ਮੈਨੂੰ ਗੋਦਾਵਰੀ 'ਚੋਂ' ਅਵਾਜ਼ ਆਉਂਦੀ ਪ੍ਰਤੀਤ ਹੁੰਦੀ ਹੈ:

300 ਸਾਲ ਦੇ ਅਰਸੇ ਦੌਰਾਨ ਮੇਰੇ ਕੋਲ ਬੇਅੰਤ ਸ਼ਰਧਾਲੂ ਆਏ ਤੇ ਚਲੇ ਗਏ, ਪਰ ਤੂੰ ਤਾਂ ਬੜੀ ਦੇਰ ਬਾਅਦ ਮਿਲਿਆ ਸ਼ਰਧਾਲੂ ਹੈਂ, ਜਿਸ ਨੇ ਮੇਰੀ ਗੋਦ ਵਿੱਚ ਬੈਠ ਕੇ 300 ਸਾਲ ਪਹਿਲਾਂ ਵਾਪਰੇ ਇਤਿਹਾਸਕ ਕਾਰਨਾਮੇ ਦੀ ਗਵਾਹੀ ਦੇਣ ਲਈ ਮੇਰੇ'ਤੇ ਸਵਾਲਾਂ ਦੀ ਝੜੀ ਲਾ ਦਿੱਤੀ ਹੈ। ਮੈਂ ਕਲਗੀਧਰ ਪਾਤਸ਼ਾਹ ਜੀ ਦੇ ਮੁਬਾਰਕ ਚਰਨ



**ਗੋਦਾਵਰੀਏ! ਤੂੰ ਆਪਣਾ ਵੇਗ ਰੋਕ ਕੇ ਇਸ ਅਲੌਕਿਕ ਦ੍ਰਿਸ਼ ਨੂੰ ਤੱਕਿਆ ਵੀ ਤੇ ਉਸ ਦੀ ਜਿਊਂਦੀ ਜਾਗਦੀ ਗਵਾਹ ਵੀ ਤੂੰ ਹੀ ਹੈਂ। ਇਸ ਕੂੜ ਤੇ ਸੱਚ ਦੀ ਜੰਗ ਵਿੱਚ ਜਦੋਂ ਕਲਗੀਧਰ ਪਾਤਸ਼ਾਹ ਜੀ ਦਾ ਪਲੰਘ ਉਲ਼ਟਾਉਣ ਵਿੱਚ ਮਾਧੋ ਦਾਸ ਅਸਫਲ ਰਿਹਾ ਤਾਂ ਤੂੰ ਹੰਕਾਰੀ ਪੁਰਸ਼ ਨੂੰ ਕਲਗੀਧਰ ਪਾਤਸ਼ਾਹ ਜੀ ਦੇ ਚਰਨਾਂ ਤੇ ਢਹਿੰਦਿਆਂ ਤੱਕ ਕੇ ਜ਼ੋਰਦਾਰ ਉਛਾਲ਼ ਜ਼ਰੂਰ ਮਾਰੀ ਹੋਵੇਗੀ? ਕਲਗੀਧਰ ਪਾਤਸ਼ਾਹ ਜੀ ਨੇ ਸ਼ਰਨ ਆਏ ਮਾਧੋ ਦਾਸ ਨੂੰ ਕੰਠ ਲਾ ਕੇ ਇਲਾਹੀ ਬਚਨ ਉਚਾਰੇ ਹੋਣਗੇ ਤੇ ਇਹੋ ਜਾਣਨ ਦੀ ਤਾਂਘ ਨੇ ਮੈਨੂੰ ਤੇਰੀ ਗੋਦੀ ਬਿਠਾ ਲਿਆ, ਜ਼ਰਾ ਸੁਣਾ ਕੂੜ ਵੱਲੋਂ ਹੋੜ ਕੇ ਸੱਚ ਦੇ ਮਾਰਗ ਵੱਲ ਵਧਣ ਦੀ ਪ੍ਰੇਰਨਾ ਕਿਵੇਂ ਦਿੱਤੀ ਹੋਵੇਗੀ?**

ਚੁੰਮਣ ਕਰਕੇ 'ਅਭਾਗੀ' ਤੋਂ 'ਭਾਗਾਂ ਵਾਲੀ' ਬਣੀ ਹਾਂ। ਦਸਮੇਸ਼ ਪਿਤਾ ਜੀ ਨੇ ਮੇਰੇ ਵੇਖਦਿਆਂ ਹੀ ਮਾਧੋ ਦਾਸ ਦੇ ਕਰਾਮਾਤੀ ਕਰਮ ਕਾਡਾਂ ਦਾ ਭਾਂਡਾ ਚੌਰਾਹੇ ਤੋੜ ਕੇ, ਅਨੇਕਾਂ ਕਸ਼ਟ ਆਉਣ ਦੇ ਬਾਵਜੂਦ ਵੀ ਸੱਚ'ਤੇ ਅਡੋਲ ਪਹਿਰਾ ਦੇਣ ਦੀ ਗਾਥਾ ਬਿਆਨ ਕਰਦਿਆਂ ਮਾਧੋ ਦਾਸ ਨੂੰ ਕਿਹਾ, "ਗੁਰੂ ਨਾਨਕ ਪਾਤਸ਼ਾਹ ਜੀ ਨੇ ਪੰਜਵੀਂ ਜੋਤ ਦੇ ਮਾਲਕ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਮੇਂ ਦੀ ਜ਼ਾਲਮ ਹਕੂਮਤ ਨੇ ਤੱਤੀ ਤਵੀ'ਤੇ ਉੱਬਲ਼ਦੀ ਵਿੱਚ ਬਿਠਾ ਕੇ ਸ਼ਹੀਦ ਕੀਤਾ। ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਉਹਨਾਂ ਦੇ ਪੈਰੋਕਾਰਾਂ (ਸਿੱਖਾਂ) ਨੂੰ ਆਰੇ ਨਾਲ਼ ਚੀਰ ਕੇ, ਦੇਗ਼ ਵਿੱਚ ਉਬਾਲ ਕੇ ਤੇ ਰੂੰ ਵਿੱਚ ਲਪੇਟ ਕੇ ਸ਼ਹੀਦ ਕਰ ਦਿੱਤਾ। ਇੱਥੇ ਹੀ ਬੱਸ ਨਹੀਂ, ਵੱਡੇ ਸਾਹਿਬਜ਼ਾਦੇ ਜ਼ੁਲਮ ਨਾਲ ਲੜਦੇ ਸ਼ਹੀਦ ਹੋ ਗਏ ਤੇ ਛੋਟੀਆਂ ਮਾਸੂਮ ਜਿੰਦਾਂ ਨੂੰ ਸਰਹਿੰਦ ਦੇ ਸੂਬੇਦਾਰ ਨੇ ਨੀਹਾਂ ਵਿੱਚ ਚਿਣਾ ਕੇ ਸ਼ਹੀਦ ਕਰ ਦਿੱਤਾ।

ਇਹ ਸ਼ਹੀਦੀ ਗਾਥਾ ਸੁਣਦਿਆਂ ਹੀ ਮਾਧੋ ਦਾਸ ਦੀ ਹਿੱਕ 'ਚ ਭਾਂਬੜ ਬਲ਼ ਗਏ। ਉਸ ਨੇ ਕਿਹਾ, 'ਬੱਸ ਪਾਤਸ਼ਾਹ ਜੀਉ ਬੱਸ। ਤੁਸੀਂ ਤਾਂ ਸਭ ਕੁਝ ਆਪਣੇ ਪਿੰਡੇ'ਤੇ ਹੰਢਾਅ ਲਿਆ ਪਰ ਮੈਂ ਇਹ ਸਭ ਸੁਣ ਨਹੀਂ ਸਕਦਾ। ਓਦੋਂ ਤਕ ਮੈਂ ਸ਼ਾਂਤ ਨਹੀਂ ਬੈਠਾਂਗਾ ਜਦੋਂ ਤਕ ਵੈਰੀ ਨੂੰ ਸਬਕ ਨਹੀਂ ਸਿਖਾ ਦਿੰਦਾ। ਕਿਰਪਾ ਕਰੋ ਮੈਨੂੰ ਬਲ ਬਖਸ਼ੋ। ਮੈਂ ਇਸ ਅਰੰਭੇ ਮਿਸ਼ਨ ਵਿੱਚ ਸਫਲ ਹੋਵਾਂ?'

ਮੇਰੇ ਤੱਕਦਿਆਂ ਹੀ ਕਲਗੀਧਰ ਪਾਤਸ਼ਾਹ ਜੀ ਨੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰ ਕੇ ਮਾਧੋ ਦਾਸ ਨੂੰ ਛਕਾ ਕੇ ਨਾਂ ਰੱਖਿਆ 'ਬੰਦਾ ਸਿੰਘ ਬਹਾਦਰ'। ਮੇਰੇ ਵੇਖਦਿਆਂ ਹੀ ਕਲਗੀਧਰ ਪਾਤਸ਼ਾਹ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਚੱਲਣ ਤੇ ਆਚਰਣ ਵਿੱਚ ਪ੍ਰਪੱਕ ਰਹਿਣ ਦਾ ਉਪਦੇਸ਼ ਦੇਣ ਉਪਰੰਤ ਪੰਜ ਤੀਰ, ਨਗਾਰਾ, ਸ਼ਸਤਰ ਤੇ ਸਿੰਘਾਂ ਦੇ ਮੁੱਠੀ ਭਰ ਕਾਫ਼ਲੇ ਨੂੰ ਥਾਪੜਾ ਦੇ ਕੇ ਪੰਜਾਬ ਦੀ ਧਰਤੀ ਤੋਂ ਜ਼ਬਰ-ਜ਼ੁਲਮ ਦਾ ਨਾਮੋ-ਨਿਸ਼ਾਨ ਮਿਟਾਉਣ ਲਈ ਤੋਰ ਦਿੱਤਾ। ਮੈਂ ਪਹਿਲੀ ਵਾਰ ਆਪਣੀ ਜ਼ਿੰਦਗੀ'ਚ 'ਗਿੱਦੜੋਂ ਸ਼ੇਰ' ਬਣਨ ਦਾ ਕਾਰਨਾਮਾ ਆਪਣੀ ਹਿੱਕ'ਤੇ ਵਾਪਰਦਾ ਅੱਖੀਂ ਤੱਕਿਆ।

300 ਸਾਲ ਬੀਤਣ ਬਾਅਦ ਵੀ ਮੇਰੀ ਛਾਤੀ ਮਾਣ ਨਾਲ ਚੌੜੀ ਹੋ ਜਾਂਦੀ ਹੈ, ਜਦੋਂ ਮੈਂ ਇੱਥੋਂ ਦੀਆਂ ਵੱਖ-ਵੱਖ ਸਟੇਜਾਂ ਤੋਂ ਢਾਡੀ ਜਥਿਆਂ ਕੋਲੋਂ ਇਤਿਹਾਸ ਸੁਣਦੀ ਹਾਂ, ਉਹ ਦੱਸਦੇ ਹਨ ਕਿ ਬਾਬਾ ਬੰਦਾ ਸਿੰਘ ਬਹਾਦਰ ਦੇ ਮੁੱਠੀ ਭਰ ਕਾਫ਼ਲੇ ਨੇ ਨਾਢੂ ਖ਼ਾਂ ਬਣੇ ਫਿਰਦੇ ਹੰਕਾਰੀ ਤੇ ਜ਼ੁਲਮੀ ਦਰਿੰਦਿਆਂ ਨੂੰ ਨੱਥ ਪਾਈ ਤੇ ਗੁਰੂ ਮਾਰੀ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਖਾਲਸਾ ਰਾਜ ਦਾ ਕੇਸਰੀ ਨਿਸ਼ਾਨ ਧਰਤੀ ਦੀ ਹਿੱਕ'ਤੇ ਗੱਡ ਦਿੱਤਾ। ਹਰ ਪ੍ਰਕਾਰ ਦੀ ਧੱਕੇਸ਼ਾਹੀ ਤੇ ਬੇਇਨਸਾਫ਼ੀ ਨੂੰ ਰੋਕ ਕੇ ਦੱਬੇ-ਕੁਚਲੇ ਕਿਰਤੀਆਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਦਿੱਤਾ।

ਬੰਦਾ ਸਿੰਘ ਬਹਾਦਰ ਨੇ ਜਿਸ ਦੀ ਹਕੂਮਤ ਵੱਲ ਮੂੰਹ ਕੀਤਾ, ਓਹੀ ਨਜ਼ਰਾਨੇ ਤੇ ਭੇਟਾਵਾਂ ਲੈ ਕੇ ਕਦਮੀਂ ਡਿੱਗ ਪਈ। ਦ੍ਰਿੜਤਾ ਦੀ ਸਿਖਰ ਸੀਮਾਂ ਇੱਥੋਂ ਤੱਕ ਕਿ ਸ਼ਿਕਾਰ ਖੇਡਦਿਆਂ ਹਿਰਨੀ ਦੇ ਪੇਟ ਵਿਚੋਂ ਨਿਕਲੇ ਬੱਚਿਆਂ ਨੂੰ ਵੇਖ ਕੇ ਵੈਰਾਗ ਕਰਨ ਵਾਲੇ ਮਾਧੋ ਦਾਸ ਦੇ ਬੱਚੇ ਦਾ ਕਾਲਜਾ ਕੱਢ ਕੇ ਉਸ ਦੇ ਮੂੰਹ'ਚ ਧੱਕਿਆ ਗਿਆ ਪਰ ਯੋਧੇ ਨੇ ਈਨ ਨਹੀਂ ਮੰਨੀ ਤੇ ਸ਼ਹਾਦਤ ਦਾ ਬਾਟਾ ਛਕਣਾ ਪ੍ਰਵਾਨ ਕਰ ਲਿਆ। ਹਰ ਪ੍ਰਕਾਰ ਦੇ ਹਕੂਮਤੀ ਜਬਰ-ਜ਼ੁਲਮ ਨੂੰ 'ਦ੍ਰਿੜ੍ਹਤਾ' ਨਾਲ ਹੰਢਾਇਆ।

ਪਰ ਸ਼ਰਧਾਲੂਆ! ਮੇਰੀ ਹਿੱਕ 'ਤੇ ਭਾਂਬੜ ਮੱਚਦਾ ਏ ਜਦੋਂ ਮੈਂ ਤੱਕਦੀ ਹਾਂ ਸਿੱਖੀ ਦੇ ਧੁਰੇ ਪੰਜਾਬ ਨੂੰ ਜਿੱਥੇ ਇਹ ਸਭ ਕੁਝ ਵਾਪਰਿਆ, ਉਥੋਂ ਦੇ ਨੌਜਵਾਨ ਗੁਰੂ ਕੀ ਮੋਹਰ ਕੇਸਾਂ ਤੋਂ ਵਿਹੂਣੇ ਕੰਨਾਂ ਵਿੱਚ ਵਾਲ਼ੀਆਂ ਐਵੇਂ ਪਾਈ ਫਿਰਦੇ ਹਨ ਜਿਵੇਂ ਬੈਂਕ ਵਾਲ਼ਿਆਂ ਨੇ ਕਰਜ਼ੇ ਵਾਲੀ ਮੱਝ ਦੇ ਕੰਨ ਵਿੱਚ ਸਰਕਾਰੀ ਮੋਹਰ ਦੀ ਨਿਸ਼ਾਨੀ 'ਵਾਲਾ' ਪਾਇਆ ਹੋਵੇ।

ਪੰਜਾਬ ਦੀ ਧਰਤੀ'ਤੇ ਹੋਏ ਜਬਰ ਜ਼ੁਲਮ ਨਾਲ ਭੰਨੇ ਕੁਝ ਦੁਖਿਆਰੇ ਮੇਰੇ ਆਲੇ-ਦੁਆਲੇ ਰਹਿ ਕੇ ਵੀ ਸਮਾਂ ਬਤੀਤ ਕਰਦੇ ਰਹੇ ਹਨ। ਉਹਨਾਂ ਨੇ ਮੈਨੂੰ ਸਰਕਾਰੀ ਅੱਤਵਾਦ ਵੱਲੋਂ ਪੰਜਾਬ ਵਿੱਚ ਕੀਤੇ ਜ਼ਬਰ-ਜ਼ੁਲਮ ਦੀ ਗਾਥਾ ਸੁਣਾਈ ਤਾਂ ਮੇਰਾ ਰੋਮ ਰੋਮ ਭੁੱਬੀਂ ਰੋਇਆ। ਮੈਂ ਇਹਨਾਂ ਨੌਜਵਾਨਾਂ ਨੂੰ ਆਜ਼ਾਦੀ ਦੀ ਲੜਾਈ ਨੂੰ ਅੱਗੇ ਤੋਰਨ ਲਈ ਹੰਭਲਾ ਮਾਰਨ ਲਈ ਪ੍ਰੇਰਦੀ ਹਾਂ ਤਾਂ ਇਹ ਕਹਿੰਦੇ ਹਨ, 'ਅਜੇ ਹਾਲਾਤ ਠੀਕ ਨਹੀਂ'। ਫਿਰ ਮੈਂ ਇਹਨਾਂ ਨੂੰ ਪੁੱਛਦੀ ਹਾਂ ਕਿ ਕੀ ਉਸ ਦਿਨ ਹਾਲਾਤ ਠੀਕ ਸੀ ਜਦੋਂ ਕਲ਼ਗੀਧਰ ਪਾਤਸ਼ਾਹ ਜੀ ਨੇ ਬੰਦਾ ਸਿੰਘ ਪੰਜਾਬ ਵੱਲ ਤੋਰਿਆ ਸੀ ਤੇ ਉਸ ਨੇ ਮੁੱਠੀ ਭਰ ਕਾਫ਼ਲੇ ਨਾਲ਼ ਹੀ ਖ਼ਾਲਸਾ ਰਾਜ ਕਾਇਮ ਕਰ ਦਿੱਤਾ?

ਹਾਂ! ਹਾਲਾਤ ਕਦੇ ਵੀ ਠੀਕ ਨਹੀਂ ਹੁੰਦੇ, ਹਾਲਾਤਾਂ ਨੂੰ ਬਦਲਣ ਵਾਲ਼ੇ ਯਤਨਸ਼ੀਲ ਕਾਫ਼ਲੇ ਹੀ ਆਜ਼ਾਦੀ ਦੀਆਂ ਮੰਜ਼ਿਲਾਂ ਵੱਲ ਪੁਲਾਘਾਂ ਪੁੱਟਦੇ ਹਨ। ਆਜ਼ਾਦੀ ਕਦੇ ਵੀ ਕਿਸੇ ਨੇ ਥਾਲ ਵਿੱਚ ਪਰੋਸ ਕੇ ਨਹੀਂ ਦਿੱਤੀ। ਇਸ ਦਾ ਜਨਮ ਲਹੂ ਦੇ ਰੰਗ ਵਿਚੋਂ ਹੁੰਦਾ ਹੈ। ਜਿਹੜੀ ਕੌਮ ਦੀ ਪੈਦਾਇਸ਼ ਖੰਡੇ ਦੀ ਧਾਰ'ਚੋਂ ਹੋਈ ਹੋਵੇ, ਜਿਸ ਨੂੰ ਕਲ਼ਗੀਧਰ ਪਾਤਸ਼ਾਹ ਜੀ ਨੇ ਸਾਜ ਕੇ 'ਖ਼ਾਲਸਾ' ਸ਼ਬਦ ਨਾਲ ਨਿਵਾਜ਼ਿਆ ਹੋਵੇ ਉਹ ਗ਼ੁਲਾਮ ਕਿਵੇਂ ਰਹਿ ਸਕਦੀ ਹੈ?

ਮੈਨੂੰ ਲੱਗਦਾ ਹੈ ਕਿ ਸਰਕਾਰੀ ਜਬਰ ਜ਼ੁਲਮ ਨਾਲ਼ ਭੰਨੇ ਲੋਕ 'ਗਿੱਦੜਾਂ ਤੋਂ ਸ਼ੇਰ' ਬਣਨ ਦੀਆਂ ਮਹਾਨ ਗਾਥਾਵਾਂ ਨੂੰ ਭੁੱਲੀ ਜਾਂਦੇ ਹਨ। ਕਈ ਵਾਰ ਪੰਜਾਬ ਤੋਂ ਆਏ ਕਾਫ਼ਲੇ ਮੇਰੀ ਗੋਦ ਬੈਠ ਕੇ ਉਸ ਜੰਡ, ਜਿਸ ਹੇਠ ਕੰਜਰਪੁਣਾ ਕਰਨ ਵਾਲੇ ਮਿਰਜ਼ੇ ਨੂੰ ਵੱਢਿਆ ਸੀ ਤੇ ਉਸ ਨਦੀ ਦੇ ਗੀਤ ਗਾਉਂਦੇ ਹਨ, ਜਿਸ ਵਿੱਚ ਕੱਚੇ ਘੜੇ'ਤੇ ਤਰਦੀ ਹੋਈ ਸੋਹਣੀ ਡੁੱਬ ਮਰੀ ਸੀ। ਮੈਂ ਸੋਚਦੀ ਹਾਂ ਕਿ ਮੇਰੀ ਹਿੱਕ'ਤੇ ਵਾਪਰਿਆ 'ਗਿੱਦੜੋਂ ਸ਼ੇਰ' ਬਣਨ ਦਾ ਅਨੋਖਾ ਕਾਰਨਾਮਾ ਇਹਨਾਂ ਨੂੰ ਵਿਸਰ ਗਿਆ ਹੈ? ਜਾਂ ਕਿਸੇ ਨੇ ਸੁਣਾਉਣਾ ਹੀ ਮੁਨਾਸਿਬ ਨਹੀਂ ਸਮਝਿਆ? ਗੱਲ ਚਿੰਤਾ ਵਾਲ਼ੀ ਜ਼ਰੂਰ ਹੈ। ਜਿਸ ਦਿਨ ਕੋਈ ਮਹਾਨ ਪੁਰਖ ਨੌਜਵਾਨਾਂ ਨੂੰ 'ਗਿੱਦੜੋਂ ਸ਼ੇਰ' ਬਣਨ ਦਾ ਇਤਿਹਾਸ ਸੁਣਾਉਣ ਲੱਗ ਪਿਆ, ਉਸ ਦਿਨ ਤੋਂ ਆਜ਼ਾਦੀ ਰੂਪੀ ਗਵਾਚੇ ਹੀਰੇ ਨੂੰ ਲੱਭਣ ਲਈ ਸ਼ੇਰਾਂ ਦੇ ਕਾਫ਼ਲੇ ਤੁਰ ਪੈਣਗੇ।

ਸਿੰਘਾ! ਤੇਰਾ ਬਹੁਤ ਧੰਨਵਾਦ ਤੂੰ ਆਪਣੇ ਕੀਮਤੀ ਸਮੇਂ ਵਿੱਚੋਂ ਸਮਾਂ ਕੱਢ ਕੇ ਮੇਰੀ ਗੋਦ ਬੈਠ ਕੇ ਮੈਨੂੰ 'ਗਿੱਦੜੋਂ ਸ਼ੇਰ' ਬਣਨ ਵਾਲ਼ੀ ਗਾਥਾ ਸੁਣਾਉਣ ਲਈ ਮਜਬੂਰ ਕੀਤਾ। ਮੈਂ ਤੈਨੂੰ ਕੁਝ ਸੁਣਾਇਆ ਤੇ ਤੂੰ ਮੈਨੂੰ ਕੁਝ ਸੁਣਾਇਆ ਹੈ। ਯਤਨ ਕਰਨਾ ਫਿਰ ਕਦੇ ਸਮਾਂ ਮਿਲਿਆ ਤਾਂ ਮੇਰੀ ਗੋਦ ਆ ਕੇ ਜ਼ਰੂਰ ਬੈਠ ਜਾਣਾ। ਹੁਣ ਇੱਥੇ ਹੀ ਸਮਾਪਤੀ ਕਰਦੀ ਹਾਂ। ਕਲ਼ਗੀਧਰ ਪਾਤਸ਼ਾਹ ਜੀ ਦੀ ਬਖ਼ਸ਼ੀ ਫ਼ਤਹਿ ਦੀ ਮੇਰੇ ਨਾਲ ਸਾਂਝ ਪਾਓ:

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥ -0-

# ਬ੍ਰਹਮਗਿਆਨੀ, ਸੰਤ ਅਤੇ ਸਿੱਖ

**-ਸੁਖਦੇਵ ਸਿੰਘ ਲੁਧਿਆਣਾ # 8360568209**

ਗੁਰੂ ਨਾਨਕ ਸਾਹਿਬ ਨੇ ਫ਼ੁਰਮਾਇਆ ਸੀ:-

**ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ।**
**ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ।**
**ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ॥ (56)**

ਪੰਡਤ ਲੋਕ ਧਾਰਮਿਕ ਪੁਸਤਕਾਂ ਪੜ੍ਹਦੇ ਹਨ ਪਰ ਅੰਦਰੋਂ ਗੁਣ-ਹੀਨ ਹੋਣ ਕਰਕੇ ਉਨ੍ਹਾਂ ਪੁਸਤਕਾਂ ਵਿਚਲੇ ਵਿਚਾਰ ਨਹੀਂ ਸਮਝਦੇ। ਹੋਰਨਾਂ ਨੂੰ ਹੀ ਮੱਤਾਂ ਦੇ ਕੇ ਦੁਨੀਆ ਤੋਂ ਚਲੇ ਜਾਂਦੇ ਹਨ। ਉਨ੍ਹਾਂ ਦਾ ਇਹ ਸਾਰਾ ਉੱਦਮ ਮਾਇਆ ਕਮਾਉਣ ਲਈ ਸਿਰਫ਼ ਇਕ ਵਪਾਰ ਹੀ ਬਣਿਆ ਰਹਿ ਜਾਂਦਾ ਹੈ।

**ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ।**
**ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ।**
**ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ॥ (56)**

ਅਨੇਕਾਂ ਹੀ ਪੰਡਤ ਤੇ ਜੋਤਸ਼ੀ ਵੇਦ ਤੇ ਮੰਤ੍ਰਾਂ ਨੂੰ ਉਚਾਰਦੇ ਹਨ, ਆਪੋ ਵਿਚ ਮਤ-ਭੇਦ ਹੋਣ ਕਾਰਨ ਚਰਚਾ ਕਰਦੇ ਹਨ ਤੇ ਵਿਦਵਤਾ ਕਾਰਨ ਵਾਹ-ਵਾਹ ਅਖਵਾਉਂਦੇ ਹਨ, ਪਰ ਨਿਰੇ ਇਸ ਮਤਭੇਦ ਵਿਚ ਰਹਿ ਕੇ ਹੀ ਉਨ੍ਹਾਂ ਦਾ ਜਨਮ ਮਰਨ ਬਣਿਆ ਰਹਿੰਦਾ ਹੈ। ਕੋਈ ਵੀ ਮਨੁੱਖ ਨਿਰਾ ਵਖਿਆਨ ਕਰ ਕੇ ਜਾਂ ਸੁਣ ਕੇ ਖਲਾਸੀ ਹਾਸਲ ਨਹੀਂ ਕਰ ਸਕਦਾ। ਹਉਮੈ ਜਾਂ ਅਹੰਕਾਰ ਛੱਡ ਕੇ ਗੁਰੂ ਦੀ ਸਰਨ ਪੈ ਕੇ ਗੁਰੂ ਦੀ ਬਖ਼ਸ਼ਿਸ ਹਾਸਲ ਕੀਤੀ ਜਾ ਸਕਦੀ ਹੈ।

ਉਨ੍ਹਾਂ ਸਮਿਆਂ ਵਿਚ ਧਾਰਮਿਕ ਪਾਖੰਡਾਂ ਦਾ ਅਜਿਹਾ ਕ੍ਰਾਂਤੀਕਾਰੀ ਢੰਗ ਨਾਲ ਕੀਤਾ ਵਿਰੋਧ ਕਿਤੇ ਹੋਰ ਨਜ਼ਰੀਂ ਨਹੀਂ ਆਉਂਦਾ।

ਦੁਨੀਆਂ ਦੇ ਹਰ ਹਿੱਸੇ ਵਿਚ ਕੋਈ ਨਾ ਕੋਈ ਹੋਰਨਾਂ ਨੂੰ ਕੀਲਣ ਵਿਚ ਮਾਹਿਰ ਮੰਨ ਲਿਆ ਗਿਆ ਹੈ। ਧਰਮ ਨੂੰ ਤਾਂ ਵੈਸੇ ਵੀ ਅਫ਼ੀਮ ਵਾਂਗ ਕਈ ਸਦੀਆਂ ਤੋਂ ਵਰਤ ਕੇ ਆਪਣਾ ਉੱਲੂ ਸਿੱਧਾ ਕੀਤਾ ਜਾਂਦਾ ਰਿਹਾ ਹੈ।

ਗੁਰੂ ਨਾਨਕ ਸਾਹਿਬ ਜੀ ਨੇ ਸੈਂਕੜੇ ਸਾਲਾਂ ਤੋਂ ਲੋਕਾਂ ਵਿਚ ਪੱਕਾ ਕੀਤਾ ਗਿਆ ਇੱਕ ਵਿਸ਼ਵਾਸ ਤੋੜਿਆ। ਉਹ ਵਿਸ਼ਵਾਸ ਸੀ ਕਿ ਰਾਜੇ ਨੂੰ ਰਬ ਜਾਂ ਦੇਵਤਿਆਂ ਵੱਲੋਂ ਲੋਕਾਂ 'ਤੇ ਰਾਜ ਕਰਨ ਦਾ ਅਧਿਕਾਰ ਹੁੰਦਾ ਹੈ। ਦੁਖ ਹੋਵੇ ਤੇ ਭਾਵੇਂ ਸੁਖ, ਅਮੀਰੀ ਹੋਵੇ ਜਾਂ ਗ਼ਰੀਬੀ, ਖ਼ੁਸ਼ੀ-ਗਮੀ, ਬਿਮਾਰੀ-ਤੰਦਰੁਸਤੀ, ਤਰੱਕੀ-ਬਰਬਾਦੀ, ਸੋਕਾ-ਹੜ੍ਹ, ਜਨਮ-ਮੌਤ ਆਦਿ ਸਭ ਕੁੱਝ ਸਿਰਫ਼ ਦੇਵੀ ਦੇਵਤਿਆਂ ਦੇ ਵਸ ਹੁੰਦੇ ਹਨ ਤੇ ਲੋਕਾਂ ਨੂੰ ਆਪਣਾ ਨਸੀਬ ਮੰਨ ਕੇ ਸਿਰ ਝੁਕਾ ਕੇ ਸਹਿਣ ਕਰਨਾ ਚਾਹੀਦਾ ਹੈ।

ਇਸ ਵਿਸ਼ਵਾਸ ਨੂੰ ਪੱਕਾ ਕਰਦੇ ਰਹਿਣ ਵਿਚ ਰਾਜ ਕਰਨ ਵਾਲਿਆਂ ਤੇ ਧਰਮ ਦੇ ਮੋਢੀਆਂ ਦੀ ਆਪਸੀ ਮਿਲੀਭੁਗਤ ਹੁੰਦੀ ਸੀ। ਦੋਵੇਂ ਇਕ ਦੂਜੇ ਦੀ ਚੌਧਰ ਬਣਾਈ ਰੱਖਣ ਲਈ ਤੇ ਲੋਕਾਂ ਨੂੰ ਇਕਜੁੱਟ ਹੋਣ ਤੋਂ ਰੋਕਣ ਲਈ ਜਾਤ-ਪਾਤ ਦਾ ਰੇੜਕਾ ਵੀ ਪਾਈ ਰੱਖਦੇ ਸਨ।

ਰਾਜੇ ਮਹਾਰਾਜੇ ਆਮ ਲੋਕਾਂ ਨੂੰ ਨਪੀੜ ਕੇ ਆਪਣੇ ਐਸ਼ੋ ਆਰਾਮ ਲਈ ਢੰਗ ਕੱਢਦੇ ਰਹਿੰਦੇ ਤੇ ਧਾਰਮਿਕ ਮੋਢੀ ਉਸੇ ਜ਼ੁਲਮ ਨੂੰ ਸਹਿਣ ਕਰਨ ਲਈ ਪਕਿਆਈ ਕਰਦੇ ਕਿ ਇਹੀ ਉਨ੍ਹਾਂ ਦਾ ਨਸੀਬ ਹੈ।

ਇਸ ਵਿਸ਼ਵਾਸ ਨੂੰ ਤੋੜਨ ਲਈ ਗੁਰੂ ਸਾਹਿਬ ਨੇ ਤਰਕ ਦਾ ਹਵਾਲਾ ਦੇ ਕੇ ਸਮਝਾਇਆ ਕਿ ਹੋਰਨਾਂ ਨੂੰ ਮੱਤਾਂ ਦੇਣ ਵਾਲੇ ਦਰਅਸਲ ਧਰਮ ਦੀ ਓਟ ਵਿਚ ਵੀ ਵਪਾਰ ਹੀ ਕਰ ਰਹੇ ਹੁੰਦੇ ਹਨ ਕਿਉਂਕਿ ਉਨ੍ਹਾਂ ਦਾ ਹੰਕਾਰ ਉਨ੍ਹਾਂ ਨੂੰ ਗੁਣ ਹੀਣ ਬਣਾ ਦਿੰਦਾ ਹੈ।

-0-

# ਖਿਦਰਾਣਾ ਕਰਿ ਮੁਕਤਸਰ

-ਕੈਪਟਨ ਅਵਤਾਰ ਸਿੰਘ
97819-90206

ਸਿੱਖ ਇਤਿਹਾਸ ਨੂੰ ਹਰ ਮੋੜ ਤੇ ਵਿਗਾੜਨ ਦੀ ਭਰਪੂਰ ਕੋਸ਼ਿਸ਼ ਕੀਤੀ ਗਈ ਹੈ ਅਤੇ ਹੁਣ ਉਨ੍ਹਾਂ ਤੱਥਾਂ ਨੂੰ ਲੈ ਕੇ ਕੇਵਲ ਪੜ੍ਹਨ ਸੁਣਨ ਵਾਲੇ ਵੀਰ ਧਾਰਮਿਕ ਸਟੇਜਾਂ ਉਤੇ ਬੜੇ ਜ਼ੋਰ-ਸ਼ੋਰ ਨਾਲ ਪ੍ਰਚਾਰਦੇ ਆ ਰਹੇ ਹਨ। ਉਹ ਕਦੀ ਵੀ ਇਤਿਹਾਸ ਨੂੰ ਸਮਝਣ ਪਰਖਣ ਵਾਲੇ ਪਾਸੇ ਨਹੀਂ ਜਾਂਦੇ ਅਤੇ ਨਾ ਚਾਹੁੰਦੇ ਹੋਏ ਵੀ ਆਪਣੀ ਚੜ੍ਹਦੀ ਕਲਾ ਵਿੱਚ ਰਹਿਣ ਵਾਲੀ ਕੌਮ ਨੂੰ ਢਹਿੰਦੀਆਂ ਕਲਾਂ ਵੱਲ ਲੈ ਜਾਂਦੇ ਹਨ। ਇਸ ਕੌਮ ਦੇ ਮਰਜੀਵੜੇ ਸਿੰਘਾਂ ਨੂੰ ਮੌਤ ਵੇਖ ਕੇ ਚਾਅ ਚੜ੍ਹਦਾ ਹੈ ਪਰ ਘੱਟ ਗਿਆਨ ਵਾਲੇ ਪ੍ਰਚਾਰਕ ਚਲਦੀ ਜੰਗ ਵਿਚੋਂ ਗੁਰੂ ਦਾ ਸਾਥ ਛੱਡਣ ਦਾ ਲੇਬਲ ਮਾਝੇ ਦੇ ਸਿੱਖਾਂ ਤੇ ਲਾਉਂਦੇ ਹਨ ਅਤੇ ਲਿਖ ਕੇ ਦੇ ਦੇਣ ਦੀ ਗੱਲ ਕਰਦੇ ਥੱਕਦੇ ਨਹੀਂ, ਜਦੋਂ ਕਿ ਇਕ ਦੂਜੇ ਨਾਲੋਂ ਤੋੜ ਵਿਛੋੜਾ ਕਰਦੇ ਸਮੇਂ (ਪਤੀ ਪਤਨੀ ਦੇ ਤਲਾਕ ਛੱਡ ਕੇ) ਲਿਖਾ-ਲਿਖਾਈ ਨਹੀਂ ਹੁੰਦੀ। ਇਸ ਸਾਰੇ ਵਰਤਾਰੇ ਦੀ ਅਸਲੀਅਤ ਭਾਈ ਹਰਜਿੰਦਰ ਸਿੰਘ ਸਭਰਾ ਜੀ ਨੇ ਬਹੁਤ ਹੀ ਵਧੀਆ ਤਰੀਕੇ ਨਾਲ ਦੱਸੀ ਹੈ।

ਸਿੱਖ ਇਤਿਹਾਸ ਦੀ ਲਾਮਿਸਾਲ ਘਟਨਾ ਚਮਕੌਰ ਦੀ ਜੰਗ ਤੋਂ ਬਾਅਦ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਾਛੀਵਾੜੇ ਦੇ ਜੰਗਲ ਅਤੇ ਕਈ ਨਗਰਾਂ ਦਾ ਪੈਂਡਾ ਤੈਅ ਕਰਦਿਆਂ ਮੌਜੂਦਾ ਜ਼ਿਲ੍ਹੇ ਮੁਕਤਸਰ ਦੇ ਪਿੰਡ ਰਾਮੇਆਣਾ ਤੋਂ ਅੱਗੇ ਰੂਪੇਆਣਾ ਦੀ ਰੋਹੀ ਪਾਸ 29 ਦਸੰਬਰ 1705 ਈ: ਨੂੰ ਪੁੱਜੇ ਸਨ ਜਿਥੇ ਅੱਜ ਕਲ੍ਹ ਪਿੰਡ ਮੱਲਣ੍ਹ ਵਸਿਆ ਹੋਇਆ ਹੈ।ਇਥੇ ਗੁਰੂ ਸਾਹਿਬ ਜੀ ਨਾਲ ਮੁਖੀ ਸਿੱਖ ਭਾਈ ਦਇਆ ਸਿੰਘ ਪਰੋਹਿਤ, ਭਾਈ ਮਾਨ ਸਿੰਘ ਨਿਸ਼ਾਨਚੀ, ਭਾਈ ਰਾਮ ਸਿੰਘ ਜੋ ਕਿ ਭਾਈ ਬਚਿੱਤਰ ਸਿੰਘ ਦਾ ਪੁੱਤਰ ਤੇ ਭਾਈ ਮਨੀ ਸਿੰਘ ਦਾ ਪੋਤਾ ਸੀ ਆਦਿ ਹੋਰ ਵੀ ਸਿੱਖ ਨਾਲ ਸਨ। ਰੂਪੇਆਣਾ ਪਿੰਡ ਦੀ ਰੋਹੀ ਕੋਲ ਹੀ ਮਾਝੇ ਤੋਂ ਆ ਰਿਹਾ ਸਿੰਘਾਂ ਦਾ ਜਥਾ ਨਜ਼ਰੀਂ ਪੈਣ ਤੇ ਗੁਰੂ ਜੀ ਨੇ ਭਾਈ ਮਾਨ ਸਿੰਘ ਆਦਿਕ ਸਿੱਖਾਂ ਨੂੰ ਡੇਰਾ ਕਰਨ ਦਾ ਹੁਕਮ ਕੀਤਾ। ਮਾਝੇ ਤੋਂ ਆ ਰਿਹਾ ਇਹ ਜਥਾ ਅਸਲ ਵਿਚ ਮਾਝੇ ਦੇ ਮਸ਼ਹੂਰ ਨਗਰ ਪੱਟੀ ਵਿਚ ਇਕੱਠਾ ਹੋਇਆ ਸੀ। ਗੁਰੂ ਘਰ ਦੇ ਸ਼ਰਧਾਲੂ ਭਾਈ ਦੇਸ ਰਾਜ ਦੇ ਚਲਾਣੇ ਦੀਆਂ ਰਸਮਾਂ ਤੇ ਇਨ੍ਹਾਂ ਸਿੰਘਾਂ ਦਾ ਇਕੱਠ ਹੋਇਆ ਸੀ। ਚੌਧਰੀ ਦੇਸ ਰਾਜ ਭਾਈ ਨਿਧਾਨ ਸਿੰਘ ਵੜੈਚ ਦਾ ਪਿਤਾ ਅਤੇ ਮਾਈ ਭਾਗ ਕੌਰ ਦਾ ਸਹੁਰਾ ਸੀ। ਇਸ ਲਈ ਝਬਾਲ ਤੋਂ ਵੀ ਮਾਈ ਭਾਗ ਕੌਰ ਦੇ ਭਰਾ ਭਾਗ ਸਿੰਘ ਅਤੇ ਦਿਲਬਾਗ ਸਿੰਘ ਤੇ ਹੋਰ ਸਿੰਘ ਵੀ ਪਹੁੰਚੇ ਹੋਏ ਸਨ। ਇਥੇ ਹੀ ਗੁਰੂ ਸਾਹਿਬ ਜੀ ਦੇ ਅਨੰਦਪੁਰ ਛੱਡਣ ਅਤੇ ਚਮਕੌਰ ਦੀ ਜੰਗ ਵਰਗੀਆਂ ਮਹੱਤਵਪੂਰਨ ਘਟਨਾਵਾਂ ਦੀ ਸਿੱਖਾਂ ਵਿਚ ਚਰਚਾ ਚੱਲੀ ਅਤੇ ਸਾਰਿਆਂ ਨੇ ਮਿਲ ਕੇ ਮੌਜੂਦਾ ਹਾਲਾਤਾਂ ਉੱਤੇ ਚਰਚਾ ਕੀਤੀ।ਓੜਕ ਮਤਾ ਕੀਤਾ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨ ਕੀਤੇ ਜਾਣ ਅਤੇ ਉਨ੍ਹਾਂ ਦੀ ਸੇਵਾ ਵਿਚ ਹਾਜ਼ਰ ਹੋਇਆ ਜਾਵੇ। ਇਸ ਕਰਕੇ ਵਾਪਸ ਘਰ ਜਾਣ ਦੀ ਕਿਸੇ ਨਾ ਸੋਚੀ ਅਤੇ ਇਹ ਜਥਾ ਜੋ ਮਾਈ ਭਾਗ ਕੌਰ ਸਮੇਤ 41 ਦੀ ਗਿਣਤੀ ਵਿਚ ਸੀ ਪੱਟੀ ਤੋਂ ਚੱਲ ਕੇ ਹਰੀਕੇ ਪੱਤਣ ਰਾਹੀਂ ਜ਼ੀਰੇ ਪੁੱਜਾ।ਇਸ ਇਲਾਕੇ ਵਿਚ ਵੀ ਸਿੱਖ ਸੰਗਤ ਗੁਰੂ ਨਾਨਕ ਸਾਹਿਬ ਜੀ ਦੇ ਵਕਤ ਤੋਂ ਹੀ ਕਾਇਮ ਸੀ।ਇਥੋਂ ਦੇ ਸਿਖਾਂ ਨੇ ਲੋੜ ਮੁਤਾਬਿਕ ਜਥੇ ਦੀ ਸੇਵਾ ਕੀਤੀ ਅਤੇ ਇਹ ਜਥਾ ਮੋਗੇ ਵਲ ਨੂੰ ਵਧਿਆ ਇਥੇ ਮੋਗੇ ਕੋਲ ਹੀ ਇਨ੍ਹਾਂ ਨੂੰ ਗੁਰੂ ਸਾਹਿਬ ਜੀ ਦੇ ਲੱਖੀ ਜੰਗਲ ਦੀ ਤਰਫ ਜਾਣ ਦਾ ਪਤਾ ਲੱਗਾ। ਮਾਲਵੇ ਦੇ ਇਲਾਕੇ ਵਿਚ ਗੁਰ ਸ਼ਖਸੀਅਤਾਂ ਨੇ ਜੋ ਸਿੱਖੀ ਦੀ ਲਾਗ ਲਾਈ ਉਸ ਤੋਂ ਸਿਖਾਂ ਦੀ ਹੋਂਦ ਹਰ ਕਸਬੇ ਅਤੇ ਪਿੰਡ ਵਿਚ ਵੱਡੀ ਪੱਧਰ ਤੇ ਮੌਜੂਦ ਸੀ।



ਸੋ ਸਿੱਖ ਸੰਗਤਾਂ ਤੋਂ ਪਤਾ ਚੱਲਦਾ ਗਿਆ ਅਤੇ ਇਹ ਸਾਰਾ ਜਥਾ ਗੁਰੂ ਜੀ ਨੂੰ ਰੂਪੇਆਣਾ ਪਿੰਡ ਦੀ ਰੋਹੀ ਕੋਲ ਜਾ ਮਿਲਿਆ। ਗੁਰੂ ਸਾਹਿਬ ਜੀ ਨਾਲ ਫਤਿਹ ਸਾਂਝੀ ਹੋਈ ਅਤੇ ਨਮਸ਼ਕਾਰਾਂ ਕੀਤੀਆਂ। ਆਪਣੇ ਪਿਆਰੇ ਸਤਿਗੁਰਾਂ ਦੇ ਦਰਸ਼ਨ ਕੀਤੇ ਅਤੇ ਨਾਲ ਹੀ ਵਾਪਰੇ ਹਾਲਾਤਾਂ ਬਾਰੇ ਵੀਚਾਰ ਵੀ ਹੋਈ। ਵਾਪਰੀਆਂ ਘਟਨਾਵਾਂ ਤੇ ਕੌਣ ਨਾ ਭਾਵੁਕ ਹੁੰਦਾ ਪਰ ਗੁਰੂ ਜੀ ਨੇ ਸਾਰਿਆਂ ਨੂੰ ਧੀਰਜ ਦਿੱਤਾ ਅਤੇ ਸੱਚ ਤੇ ਦ੍ਰਿੜ ਰਹਿਣ ਦੀ ਪ੍ਰੇਰਣਾ ਕੀਤੀ। ਚੱਲਦੀਆਂ ਵੀਚਾਰਾਂ ਵਿਚ ਅਜਿਹਾ ਵੀ ਜ਼ਿਕਰ ਇਸ ਜਥੇ ਦੇ ਸਿੰਘਾਂ ਵਿਚੋਂ ਚੱਲਿਆ ਕਿ ਇਨ੍ਹਾਂ ਭਾਰੀ ਨੁਕਸਾਨ ਹੋਣ ਤੇ ਸਾਨੂੰ ਥੋੜ੍ਹਾ ਬਚਾਉ ਦਾ ਉਪਰਾਲਾ ਅਰੰਭਣਾ ਚਾਹੀਦਾ ਹੈ। ਤਿਨ੍ਹਾਂ ਸਿਖਾਂ ਦੀ ਆਪਸੀ ਇਸ ਵੀਚਾਰ ਪਰ ਗੁਰੂ ਸਾਹਿਬ ਜੀ ਨੇ ਫੁਰਮਾਇਆ ਕਿ "ਸਾਡਾ ਕਿਸੇ ਨਾਲ ਜ਼ਾਤੀ ਜਾਂ ਕਿਸੇ ਸੁਆਰਥ ਕਰਕੇ ਕੋਈ ਟਕਰਾਵ ਨਹੀਂ ਹੈ ਬਲਕਿ ਅਸੀਂ ਤਾਂ ਹੱਕ, ਸੱਚ ਅਤੇ ਇਨਸਾਫ ਦਾ ਸੰਘਰਸ਼ ਲੜ ਰਹੇ ਹਾਂ ਅਤੇ ਇਹ ਮਾਰਗ ਹੀ ਕੁਰਬਾਨੀਆਂ ਦਾ ਮਾਰਗ ਹੈ ਇਸ ਵਿਚ ਨਿਉਣਾਂ ਅਤੇ ਸਮਝੌਤੇ ਦੀਆਂ ਗੱਲਾਂ ਕਰਨਾ ਗੁਲਾਮੀ ਅਤੇ ਜ਼ੁਲਮ ਅੱਗੇ ਝੁਕ ਜਾਣ ਵਾਲੀ ਗੱਲ ਹੈ।ਸੋ ਇਹ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਹੈ ਕਿ ਅਸੀਂ ਮਹਾਨ ਪੁਰਖਿਆਂ ਦੀਆਂ ਅਦੁੱਤੀ ਕੁਰਬਾਨੀਆਂ ਨੂੰ ਛੁਟਿਆਉਣ ਦਾ ਯਤਨ ਕਰੀਏ।ਪਰ ਜਿਨ੍ਹਾਂ ਨੂੰ ਕੋਈ ਖਤਰਾ ਅਨੁਭਵ ਹੁੰਦਾ ਹੈ ਉਹ ਆਪਣਾ ਬਚਾਅ ਕਰ ਸਕਦੇ ਹਨ ਅਤੇ ਜਿਨ੍ਹਾਂ ਨੂੰ ਇਸ ਸੰਘਰਸ਼ ਨਾਲੋਂ ਸਰਕਾਰ ਦਾ ਜ਼ਿਆਦਾ ਹੇਜ ਲਗਾਵ ਹੈ ਉਹ ਸਾਥੋਂ ਦੂਰ ਰਹਿ ਕੇ ਸਰਕਾਰੀ ਧਿਰ ਦੀ ਖੁਸ਼ੀ ਲੈ ਸਕਦਾ ਹੈ। ਪਰ ਯਾਦ ਰੱਖੋ ਗੁਰਮਤਿ ਨੂੰ ਪ੍ਰਣਾਏ ਜੀਵਨ ਇਸ ਮਾਰਗ ਨੂੰ ਤਿਆਗਦੇ ਨਹੀਂ ਸਗੋਂ ਅਗਾਹਾਂ ਕੂ ਤ੍ਰਾਂਘਿਦੇ ਹਨ"।

ਹੋਛਾਪਨ ਕਈ ਵਾਰ ਸੋਚ ਤੇ ਪਰਦਾ ਪਾ ਲੈਂਦਾ ਹੈ ਅਤੇ ਸੋਚ ਤੋਂ ਬਿਨ੍ਹਾਂ ਕਾਹਲ ਵਿਚ ਕੀਤਾ ਫੈਸਲਾ ਬਾਅਦ ਵਿਚ ਚੁਭਦਾ ਹੈ ਜਿਸ ਨੂੰ ਮਨੁੱਖ ਬਾਅਦ ਵਿਚ ਮਹਿਸੂਸ ਕਰਦਾ ਹੈ ਕਿ ਇਹ ਫੈਸਲਾ ਠੀਕ ਨਹੀਂ ਸੀ। ਐਸਾ ਹੀ ਕੁਝ ਇਸ ਜਥੇ ਦੇ ਮੋਹਤਬਰ ਸਿਖਾਂ ਨਾਲ ਹੋਇਆ ਜਿਹੜੇ ਕੁਝ ਸਰਕਾਰੀ ਅਸਰ ਰਸੂਖ ਵੀ ਰੱਖਦੇ ਸਨ।ਹੋਛੇਪਨ ਅਤੇ ਕਾਹਲ ਵਿਚ ਗੁਰੂ ਜੀ ਨੂੰ ਲਿਖ ਦਿੱਤਾ ਕਿ ਇਸ ਸੰਘਰਸ਼ ਨਾਲ ਸਾਡਾ ਕੋਈ ਵਾਸਤਾ ਨਹੀਂ ਹੈ ਅਤੇ ਅਸੀਂ ਆਮ ਸਿਖਾਂ ਵਾਂਗ ਜੀਵਨ ਬਸਰ ਕਰਨਾ ਲੋਚਦੇ ਹਾਂ।ਗੁਰੂ ਕੀਆਂ ਸਾਖੀਆਂ ਮੁਤਾਬਕ ਚਾਰ ਸਿਖਾਂ ਨੇ ਇਕ ਲਿਖਤ ਤੇ ਦਸਤਖਤ ਕੀਤੇ ਸਨ ਬਾਕੀਆਂ ਨੇ ਨਹੀਂ ਉਹ ਸਿਖ ਸਨ ਭਾਈ ਭਾਗ ਸਿੰਘ,ਦਿਲਬਾਗ ਸਿੰਘ,ਘਰਬਾਰਾ ਸਿੰਘ,ਗੰਡਾ ਸਿੰਘ(ਦਰਅਸਲ ਲਿਖਤ ਦਾ ਭਾਵ ਇਹ ਵੀ ਹੁੰਦਾ ਹੈ ਕਿ ਇਹ ਗੱਲ ਪੱਕੀ ਕਰ ਲਵੋ ਕਿ ਇਵੇਂ ਨਹੀਂ ਹੋਵੇਗਾ ਜਾਂ ਇਵੇਂ ਹੋ ਜਾਵੇਗਾ। ਸਾਡੇ ਲਿਖਾਰੀਆਂ ਦੀ ਵਖਰੇਵੇਂ ਭਰੀਆਂ ਲਿਖਤਾਂ ਅਤੇ ਤਰ੍ਹਾਂ ਤਰ੍ਹਾਂ ਦੀ ਵਿਆਖਿਆ ਨੇ ਬਾਤ ਦਾ ਬਤੰਗੜ ਬਣਾਉਣ ਵਾਲੀ ਕਹਾਵਤ ਸੱਚ ਕਰ ਵਿਖਾਈ ਹੈ ਅਤੇ ਗੁਰੂ ਜੀ ਨੂੰ ਸਿੱਖਾਂ ਦਾ ਇਹ ਲਿਖਣਾ ਕਿ ਅਸੀਂ ਤੇਰੇ ਸਿਖ ਨਹੀਂ ਤੂੰ ਸਾਡਾ ਗੁਰੂ ਨਹੀਂ ਵਾਲੀ ਗੱਲ ਨੂੰ ਬਾਰ ਬਾਰ ਪ੍ਰਚਾਰ ਕੇ ਸੱਚ ਸਾਬਤ ਕਰਨ ਦੀ ਕੋਸ਼ਿਸ਼ ਕੀਤੀ।ਹਾਲਾਂ ਕਿ ਇਹ ਕੇਵਲ ਪ੍ਰਤੀਕ ਵਾਚਕ ਸ਼ਬਦ ਹਨ ਜਿਸ ਨੂੰ ਬੇਦਾਵਾ ਕਹਿ ਕੇ ਸੁਣਾਉਣ ਨੂੰ ਪਹਿਲ ਦਿੱਤੀ ਜਾਂਦੀ ਆ ਰਹੀ ਹੈ।

ਇਸ ਸੁਝਾਅ ਰੂਪ ਲਿਖਤ ਤੋਂ ਬਾਅਦ ਇਹ ਜਥਾ ਵਾਪਸ ਆਪਣੇ ਨਗਰਾਂ ਨੂੰ ਤੁਰ ਪਿਆ।ਉਧਰ ਗੁਰੂ ਜੀ ਨੇ ਵੀ ਆਪਣਾ ਸਫਰ ਤਲਵੰਡੀ ਸਾਬੋ ਨੂੰ ਤੈਅ

ਕਰਨਾ ਸ਼ੁਰੂ ਕਰ ਦਿੱਤਾ। ਯਾਦ ਰਹੇ ਬਠਿੰਡੇ ਦਾ ਇਲਾਕਾ ਉਨ੍ਹਾਂ ਸਮਿਆਂ ਵਿਚ ਮੁਲਤਾਨ ਦੇ ਖੇਤਰ ਵਿਚ ਆਉਂਦਾ ਸੀ ਜਿਥੇ ਸਰਹੰਦ ਦੇ ਗਵਰਨਰ ਵਜ਼ੀਰ ਖਾਂ ਦੀ ਪਹੁੰਚ ਨਹੀਂ ਸੀ। ਤਲਵੰਡੀ ਸਾਬ੍ਹੋ ਜਿਥੇ ਨੌਵੇਂ ਗੁਰੂ ਜੀ ਨੇ ਵੀ ਆਪਣਾ ਪੜਾਅ ਰੱਖਿਆ ਅਤੇ ਇਸ ਇਲਾਕੇ ਵਿਚ ਪ੍ਰਚਾਰ ਹਿਤ ਇਸ ਜਗ੍ਹਾ ਨੂੰ ਕੇਂਦਰ ਬਣਾਇਆ ਸੀ ਦਸਵੇਂ ਗੁਰੂ ਜੀ ਇਥੇ ਪਹਿਲਾਂ ਵੀ. 1750 ਬਿ: ਨੂੰ ਆਏ ਸਨ ਅਤੇ ਡੱਲੇ ਚੌਧਰੀ ਨੇ ਅਥਾਹ ਪਿਆਰ ਨਾਲ ਗੁਰੂ ਜੀ ਦਾ ਸਵਾਗਤ ਕੀਤਾ ਸੀ।

ਉਧਰ ਸੂਬਾ ਸਰਹੰਦ ਨੇ ਗੁਰੂ ਜੀ ਦਾ ਪਿੱਛਾ ਕਰਨਾ ਛੱਡਿਆ ਨਹੀਂ ਸੀ। ਪਾਠਕ ਯਾਦ ਰੱਖਣ ਕਿ ਕਿਵੇਂ ਚਮਕੌਰ ਦੀ ਹਵੇਲੀ ਛੱਡਣ ਤੋਂ ਬਾਅਦ ਗੁਰੂ ਜੀ ਨੂੰ ਜੰਗਲਾਂ ਵਿਚ ਦੀ ਆਪਣਾ ਸਫਰ ਕਰਕੇ ਮਾਛੀਵਾੜੇ ਪਹੁੰਚੇ ਸਨ

ਸੂਹ ਖਬਰ ਲੈਂਦਿਆ ਇਹ ਫੌਜ ਵਜ਼ੀਰ ਖਾਂਨ ਦੀ ਅਗਵਾਈ ਵਿਚ ਗੁਰੂ ਸਾਹਿਬ ਜੀ ਦੇ ਪਿੱਛੇ ਪਿਛੇ ਚੱਲ ਪਈ ਸੀ। ਮਝੈਲ ਸਿੱਖਾਂ ਦਾ ਜਥਾ ਜੋ ਗੁਰੂ ਜੀ ਨੂੰ ਮਿਲ ਕੇ ਵਾਪਸ ਆ ਰਿਹਾ ਸੀ ਨੂੰ ਥੋੜ੍ਹੀ ਦੂਰੀ ਤੇ ਫੌਜ ਵਲੋਂ ਗੁਰੂ ਜੀ ਦਾ ਪਿੱਛਾ ਕਰਨ ਦਾ ਪਤਾ ਲੱਗਾ ਤਾਂ ਮਾਈ ਭਾਗ ਕੌਰ ਨੇ ਬਾਕੀ ਸਿੰਘਾਂ ਨੂੰ ਪ੍ਰੇਰਣਾ ਕੀਤੀ ਕਿ ਇਸ ਸਮੇਂ ਸਾਡਾ ਆਪਣੇ ਨਗਰਾਂ ਨੂੰ ਜਾਣਾ ਫੱਬਦਾ ਨਹੀਂ ਕਿਉਂਕਿ ਇਸ ਬਿਖੜੇ ਸਮੇਂ ਵਿਚ ਸਾਨੂੰ ਗੁਰੂ ਜੀ ਦੀ ਸੇਵਾ ਵਿਚ ਹੀ ਰਹਿਣਾ ਚਾਹੀਦਾ ਹੈ।ਆਖਰ ਹਾਂ ਤਾਂ ਅਸੀਂ ਸਿਖ ਹੀ! ਅਸੀਂ ਕਿਵੇਂ ਵੀ ਗੁਰੂ ਦੀ ਸੇਵਾ ਤੋਂ ਮੁੱਖ ਨਹੀਂ ਮੋੜ ਸਕਦੇ !ਯਾਦ ਰੱਖੋ ਆਉ ! ਅਸੀਂ ਕਲਗੀਧਰ ਪਾਤਸ਼ਾਹ ਦੀ ਖੁਸ਼ੀ ਨੂੰ ਮਾਣੀਏ ਅਤੇ ਇਸ ਨਾਪਾਕ ਇਰਾਦਿਆਂ ਵਾਲੀ ਫੌਜ ਅੱਗੇ ਲੋਹੇ ਦੀ ਦੀਵਾਰ ਬਣ ਖਲੋ ਜਾਈਏ ਤਾਂ ਕਿ ਇਹ ਜ਼ਾਲਮ ਗੁਰੂ ਜੀ ਦੀ ਸ਼ਾਨ ਵਿਚ ਕੋਈ ਗੁਸਤਾਖੀ ਨਾ ਕਰ ਸਕਣ। ਸਾਨੂੰ ਆਪਣਾ ਵਿਰਸਾ ਅਤੇ ਗੁਰੂ ਜੀ ਦੀਆਂ ਬਖਸ਼ਿਸ਼ਾਂ ਦਾ ਸਤਿਕਾਰ ਕਰਦਿਆਂ ਮਰਨੋਂ ਵੀ ਗੁਰੇਜ਼ ਨਹੀ ਕਰਨਾ ਚਾਹੀਦਾ। ਮਾਈ ਭਾਗ ਕੌਰ ਦੇ ਬੋਲਾਂ ਨੇ ਸਾਰੇ ਜਥੇ ਨੂੰ ਹੀ ਸੁਚੇਤ ਹੀ ਨਾ ਕੀਤਾ ਸਗੋਂ ਐਸੀ ਗ਼ੈਰਤ ਦੀ ਪਾਣ ਚਾੜ੍ਹ ਦਿੱਤੀ ਕਿ ਅੱਖ ਦੇ ਫੋਰ ਵਿਚ ਹੀ ਜਥੇ ਨੇ ਆਪਣਾ ਰੁਖ ਗੁਰੂ ਜੀ ਵੱਲ ਕਰ ਲਿਆ।

ਉਧਰ ਗੁਰੂ ਜੀ ਆਪਣੇ ਜਥੇ ਸਮੇਤ ਖਿਦਰਾਣੇ ਦੀ ਢਾਬ (ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਵਰਖਾ ਦਾ ਚਾਰੇ ਪਾਸਿਓਂ ਪਾਣੀ ਆਕੇ ਇੱਥੇ ਇਤਨਾ ਜਮਾਂ ਹੁੰਦਾ ਸੀ ਕਿ ਸਾਲ ਭਰ ਦੂਰ ਦੂਰ ਦੇ ਪਿੰਡਾਂ ਦੇ ਆਦਮੀ ਅਤੇ ਪਸ਼ੂ, ਜਲ ਪੀਣ ਲਈ ਇਸ ਥਾਂ ਆਉਂਦੇ ਸਨ) ਤੋਂ ਥੋੜ੍ਹੀ ਦੂਰੀ ਤੇ ਇਕ ਟਿੱਬੇ ਤੇ ਜਾ ਬਿਰਾਜੇ ਜਿਥੇ ਅੱਜ ਕਲ ਗੁਰਦੁਆਰਾ ਟਿੱਬੀ ਸਾਹਿਬ ਹੈ। ਵਾਪਸ ਮੁੜਿਆ ਸਿੰਘਾਂ ਦਾ ਜਥਾਂ ਖਿਦਰਾਣੇ ਦੀ ਢਾਬ ਤੇ ਆ ਪਹੁੰਚਿਆ ਜਿਥੇ ਉਨ੍ਹਾਂ ਦਾ ਸਾਹਮਣਾ ਸਰਹੰਦੀ ਦੀ ਫੌਜ ਜੋ ਵਜ਼ੀਰ ਖਾਂਨ ਦੀ ਅਗਵਾਈ ਵਿਚ ਆ ਰਹੀ ਸੀ ਨਾਲ ਹੋਇਆ। (ਸਿਖਾਂ ਦਾ ਇਹ ਜਥਾ ਖਾਸ ਲੜਾਈ ਵਾਸਤੇ ਹੀ ਮਾਝੇ ਤੋਂ ਨਹੀਂ ਸੀ ਆਇਆ ਇਨ੍ਹਾਂ ਦਾ ਮਕਸਦ ਗੁਰੂ ਜੀ ਦੀ ਸੰਗਤ ਕਰਨਾ ਸੀ ਅਤੇ ਗੁਰੂ ਜੀ ਦੇ ਦਰਸ਼ਨ ਕਰਕੇ ਮੁਲਾਕਾਤ ਕਰਨਾ ਸੀ ਭਾਵੇਂ ਹਾਲਾਤਾਂ ਨੂੰ ਭਾਂਪਦਿਆਂ ਇਹ ਪੂਰੀ ਤਿਆਰੀ ਵਿਚ ਹੀ ਸਨ। ਸੋ ਅਚਾਨਕ ਹੀ ਸਰਹੰਦ ਵਲੋਂ ਆ ਰਹੀ ਫੌਜ ਦਾ ਵੀ ਸਾਹਮਣਾ ਇਨ੍ਹਾਂ ਨਾਲ ਹੋਇਆ) ਇਕ ਪਾਸੇ ਤਨਖਾਹਦਾਰ ਮੁਲਾਜ਼ਮ ਸਿਪਾਹੀ ਤੇ ਦੂਜੇ ਪਾਸੇ ਕਲਗੀਧਰ ਪਾਤਸ਼ਾਹ ਤੋਂ ਕੁਰਬਾਨ ਹੋਣ ਵਾਲੇ ਗੁਰਮਤਿ ਮਾਰਗ ਦੇ ਪਾਂਧੀ ਸਿਖ ਸਨ। ਐਸੇ ਜਜ਼ਬੇ ਅਤੇ ਚੜ੍ਹਦੀ ਕਲਾ ਨਾਲ ਇਸ ਜਥੇ ਨੇ ਸ਼ਾਹੀ ਫੌਜ ਦਾ ਟਾਕਰਾ ਕੀਤਾ ਕਿ ਇਹ ਜੰਗ ਇਤਿਹਾਸ ਦੀ ਇਕ ਲਾ ਮਿਸਾਲ ਜੰਗ ਹੋ ਨਿਬੜੀ। ਤੀਰਾਂ, ਗੋਲੀਆਂ, ਤਲਵਾਰਾਂ, ਨੇਜਿਆਂ ਨੇ ਪਲਾਂ ਵਿਚ ਹੀ ਜੰਗ ਨੂੰ ਮਘਦੀ ਭੱਠੀ ਬਣਾ ਦਿੱਤਾ ਸੀ।

ਸਿੱਖ ਅੱਗੇ ਵਧ ਵਧ ਕੇ ਜਾਨਾਂ ਹੂਲ ਕੇ ਲੜਦੇ ਅਤੇ ਕਈਆਂ ਕਈਆਂ ਤੇ ਭਾਰੂ ਪੈਂਦੇ।ਅਖੀਰ ਸ਼ਾਹੀ ਫੌਜ ਦੇ ਪੈਰ ਮੈਦਾਨੋਂ ਐਸੇ ਉੱਖੜੇ ਕਿ ਉਹ ਬਹੁਤਾ ਸਮਾਂ ਮੈਦਾਨ ਵਿਚ ਸਿਖਾਂ ਸਾਹਮਣੇ ਟਿਕ ਨਾ ਸਕੇ, ਸ਼ਾਮ ਦੇ ਸਮੇਂ ਇਹ ਜੰਗ ਸਮਾਪਤ ਹੋਈ। ਇਸ ਜੰਗ ਵਿਚ ਗੁਰੂ ਜੀ ਵੀ ਤੀਰਾਂ ਦੀ ਵਰਖਾ ਨਾਲ ਜੁਝਾਰੂ ਸਿੱਖਾਂ ਦੀ ਮਦਦ ਕਰਕੇ ਸ਼ਾਹੀ ਫੌਜ ਨੂੰ ਨਿਹਾਲ ਕਰਦੇ ਰਹੇ ਅਤੇ ਜੰਗ ਦਾ ਹਰ ਪਾਸਾ ਬੜੇ ਧਿਆਨ ਨਾਲ ਨਿਹਾਰਦੇ ਰਹੇ। ਸਿਖਾਂ ਦੀ ਰਣਭੂਮੀ ਵਿਚ ਗੁਰੂ ਗੋਬਿੰਦ ਸਿੰਘ ਦੀ ਨਜ਼ਰ ਬਖਸ਼ਿਸ਼ ਸਿਖਾਂ ਨੂੰ ਹੋਰ ਚੜਦੀ ਕਲਾ ਬਖਸ਼ਦੀ ਰਹੀ ਸੀ। ਗੁਰੂ ਜੀ ਟਿੱਬੀ ਤੋਂ ਕੁਰਬਾਨੀ ਦੇ ਪੁਤਲੇ ਜੇਤੂ ਸਿਖਾਂ ਦੇ ਮੈਦਾਨ ਜੰਗ ਵਿਚ ਆਏ ਅਤੇ ਹਰ ਇਕ ਸਿਖ ਦੇ ਸਰੀਰ ਨੂੰ ਹਜ਼ੂਰੀ ਸਿਖਾਂ ਨੂੰ ਨਾਲ ਲੈ ਕੇ ਸੰਭਾਲਣਾ ਸ਼ੁਰੂ ਕੀਤਾ ਇਸ ਜੰਗ ਵਿਚ 37 ਸਿਖ ਸ਼ਹੀਦੀ ਜਾਮ ਪੀ ਚੁੱਕੇ ਸਨ ਅਤੇ 3 ਸਿੱਖ ਭਾਈ ਰਾਇ ਸਿੰਘ, ਮਹਾਂ ਸਿੰਘ, ਤੇ ਸੁੰਦਰ ਸਿੰਘ ਹੀ ਸਹਿਕ ਰਹੇ ਸਨ ਅਤੇ ਮਾਈ ਭਾਗ ਕੌਰ ਵੀ ਖੱਬੇ ਪੱਟ ਵਿਚ ਗੋਲੀ ਲੱਗਣ ਕਾਰਨ ਜ਼ਖਮੀ ਹਾਲਤ ਵਿਚ ਸੀ। ਗੁਰੂ ਜੀ ਨੇ ਇਨ੍ਹਾਂ ਚੌਹਾਂ ਦੀ ਸੰਭਾਲ ਅਰੰਭ ਕਰਵਾਈ ਗੁਰੂ ਜੀ ਨੇ ਇਨ੍ਹਾਂ ਨੂੰ ਪਰਹਮ ਪੱਟੀ ਕਰਵਾਈ ਪਰ ਤਿੰਨ੍ਹਾਂ ਸਿੰਘਾਂ ਦੀ ਹਾਲਤ ਬੜੀ ਨਾਜ਼ੁਕ ਸੀ। ਬਾਕੀ ਸ਼ਹੀਦ ਸਿੰਘਾਂ ਦੇ ਸਰੀਰਾਂ ਨੂੰ ਹਜ਼ੂਰੀ ਸਿੰਘ ਇਕ ਥਾਵੇਂ ਇਕੱਤਰ ਕਰਦੇ ਰਹੇ ਅਤੇ ਗੁਰੂ ਜੀ ਇਨ੍ਹਾਂ ਜ਼ਖਮੀ ਸਿੰਘਾਂ ਪਾਸ ਬਿਰਾਜੇ ਉਨ੍ਹਾਂ ਨੂੰ ਖੁਸ਼ੀਆਂ ਬਖਸ਼ਦੇ ਰਹੇ।

ਅੱਧੀ ਕੁ ਰਾਤ ਨੂੰ ਭਾਈ ਸੁੰਦਰ ਸਿੰਘ ਜੀ ਜ਼ਖਮਾਂ ਦੀ ਤਾਬ ਨਾ ਸਹਾਰਦੇ ਹੋਏ ਸ਼ਹਾਦਤ ਪਾ ਗਏ। ਭਾਈ ਸੁੰਦਰ ਸਿੰਘ ਜੀ ਤੋਂ ਪਿਛੋਂ ਭਾਈ ਰਾਇ ਸਿੰਘ ਜੀ ਨੇ ਸਵਾਸ ਤਿਆਗੇ ਅਤੇ ਸਭ ਤੋਂ ਅਖੀਰ ਤੇ ਭਾਈ ਮਹਾਂ ਸਿੰਘ ਜੀ ਨੇ ਗੁਰੂ ਜੀ ਦੀ ਗੋਦ ਵਿਚ ਹੀ ਪ੍ਰਾਣ ਤਿਆਗੇ। ਇਵੇਂ ਇਸ ਜੰਗ ਦੇ ਸਭ ਤੋਂ ਅਖੀਰ ਵਿਚ ਸ਼ਹੀਦ ਹੋਣ ਵਾਲੇ ਭਾਈ ਮਹਾਂ ਸਿੰਘ ਜੀ ਹੀ ਸਨ। ਭੱਟ ਵਹੀਆਂ ਮੁਤਾਬਿਕ ਭਾਈ ਰਾਇ ਸਿੰਘ ਜੀ ਨੇ ਉਸ ਲਿਖਤ ਨੂੰ ਪਾੜਨ ਵਾਸਤੇ ਗੁਰੂ ਜੀ ਨੂੰ ਬੇਨਤੀ ਕੀਤੀ ਜੋ ਰੁਪੇਆਣਾ ਦੀ ਰੋਹੀ ਤੇ ਮਾਝੇ ਦੇ ਸਿੰਘਾਂ ਦੇ ਜਥੇ ਵਲੋਂ ਗੁਰੂ ਜੀ ਨਾਲ ਕੀਤੀ ਗਈ ਸੀ। ਗੁਰੂ ਜੀ ਨੇ ਉਹ ਲਿਖਤ ਪਾੜ ਕੇ ਸੁੱਟ ਦਿੱਤੀ ਅਤੇ ਸਾਰੇ ਸਿੰਘਾਂ ਨੂੰ ਮੁਕਤੇ ਖਿਤਾਬ ਨਾਲ ਸਤਿਕਾਰਿਆ ਅਤੇ ਸਾਡੇ ਇਤਿਹਾਸਕ ਸੋਮਿਆਂ ਮੁਤਾਬਕ ਗੁਰੂ ਜੀ ਨੇ ਸਿੰਘਾਂ ਨੂੰ ਪੰਜ ਹਜ਼ਾਰੀ, ਦਸ ਹਜ਼ਾਰੀ ਆਦਿ ਦੇ ਮਨਸਬਾਂ ਨਾਲ ਨਿਵਾਜਿਆ।

ਭਾਈ ਮਾਨ ਸਿੰਘ ਤੇ ਹੋਰ ਸਿੰਘਾਂ ਨੇ ਰਲ ਮਿਲ ਕੇ ਸ਼ਹੀਦ ਸਿੰਘਾਂ ਦੇ ਸਰੀਰਾਂ ਦਾ ਇਸ਼ਨਾਨ ਕਰਵਾ ਕੇ ਉਨ੍ਹਾਂ ਦੇ ਸਰੀਰਾਂ ਨੂੰ ਲਕੜਾਂ ਚਿਣ ਕੇ ਇਕੋ ਅੰਗੀਠੇ ਤੇ ਟਿਕਾਇਆ ਅਤੇ ਅਰਦਾਸਾ ਸੋਧਣ ਤੋਂ ਬਾਅਦ ਗੁਰੂ ਜੀ ਨੇ ਸਰੀਰਾਂ ਨੂੰ ਆਪ ਅਗਨ ਭੇਟ ਕੀਤਾ।

ਇਸ ਸਾਰੇ ਕਾਰਜ ਵਿਚ ਖਿਦਰਾਣੇ ਦੀਆ ਸਿਖ ਸੰਗਤਾਂ ਨੇ ਵੀ ਭਰਪੂਰ ਸਹਿਯੋਗ ਕੀਤਾ ਅਤੇ ਹੋਰ ਆਲੇ ਦੁਆਲੇ ਦੀਆਂ ਸੰਗਤਾਂ ਨੇ ਵੀ ਗੁਰੂ ਜੀ ਦੀ ਸੰਗਤ ਰੂਪ ਦਰਸ਼ਨਾਂ ਨੂੰ ਮਾਣਿਆ। 31 ਦਸੰਬਰ ਦੀ ਰਾਤ ਨੂੰ ਖਿਦਰਾਣਾ ਪਿੰਡ ਦੀਆਂ ਸੰਗਤਾਂ ਦੀ ਬੇਨਤੀ ਤੇ ਗੁਰੂ ਜੀ ਖਿਦਰਾਣੇ ਜਾ ਰਹੇ ਅਤੇ 1 ਜਨਵਰੀ ਨੂੰ ਗੁਰੂ ਜੀ ਨੇ ਤਲਵੰਡੀ ਸਾਬ੍ਹੋ ਵਾਲੇ ਪਾਸੇ ਨੂੰ ਜਥੇ ਸਮੇਤ ਰੁਖ ਕੀਤਾ।

**ਮੁਕਤੇ ਲਫਜ਼ ਬਾਰੇ ਵੀਚਾਰ:–** ਮੁਕਤਾ ਕੌਣ ਹੈ? ਇਸ ਬਾਰੇ ਗੁਰਬਾਣੀ ਵਿਚ ਫੁਰਮਾਇਆ ਗਿਆ ਹੈ ਕਿ:–

**ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ॥ ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ ॥ (੧੧੫੩–੧੨, ਭੈਰਉ, ਮਃ ੧)**

**ਮੁਕਤੇ ਸੇਵੇ ਮੁਕਤਾ ਹੋਵੈ ॥ ਹਉਮੈ ਮਮਤਾ ਸਬਦੇ ਖੋਵੈ ॥ ਅਨਦਿਨੁ ਹਰਿ ਜੀਉ ਸਚਾ ਸੇਵੀ ਪੂਰੈ ਭਾਗਿ ਗੁਰੁ ਪਾਵਣਿਆ ॥ (੧੧੬–੧੧, ਮਾਝ, ਮਃ ੩)**

ਹਉਮੈ, ਵਿਕਾਰ, ਅਗਿਆਨਤਾ ਅਤੇ ਅਧਰਮ ਤੋਂ ਖਲਾਸੀ ਪਾ ਜਾਣ ਵਾਲਾ ਗੁਰਬਾਣੀ ਅਨੁਸਾਰ ਮੁਕਤਾ ਹੈ।ਮਾੜੀ ਅਵਸਥਾ ਤੋਂ ਰਹਿਤ ਹੋਣਾ ਹੀ ਮੁਕਤੇ ਦੀ ਅਵਸਥਾ ਹੈ। ਗੁਰਬਾਣੀ ਅਨੁਸਾਰ ਮਰਨ ਮੁਕਤੀ ਨਹੀਂ ਬਲਕਿ ਜੀਵਨ ਮੁਕਤੀ ਦਾ ਰਸਤਾ ਦੱਸਿਆ ਅਤੇ ਮੰਨਿਆਂ ਗਿਆ ਹੈ। ਇਤਿਹਾਸਕਾਰਾਂ ਦਾ ਵੀਚਾਰ ਹੈ ਕਿ ਖਿਦਰਾਣੇ ਦੀ ਢਾਬ ਤੇ ਸ਼ਹੀਦ ਹੋਣ ਵਾਲਿਆਂ ਨੂੰ ਸਤਿਗੁਰਾਂ ਨੇ ਮੁਕਤੇ ਲਫਜ਼ ਬਖਸ਼ਿਸ਼ ਕੀਤਾ।ਦਰਅਸਲ ਅਜਿਹਾ ਲਫਜ਼ ਸਤਿਗੁਰੂ ਜੀ ਵਲੋਂ ਵਰਤਿਆ ਜਾਣਾ ਇਕ ਖਿਤਾਬ ਅਤੇ ਸਨਮਾਨ ਦਾ ਪਰਤੀਕ ਹੈ ਇਸਦਾ ਸੰਬੰਧ ਮਰਨ ਮੁਕਤੀ ਨਾਲ ਨਹੀਂ ਹੈ। ਖੰਡੇ ਕੀ ਪਾਹੁਲ ਪ੍ਰਾਪਤ ਕਰਨ ਵਾਲਿਆਂ ਨੂੰ ਗੁਰੂ ਜੀ ਨੇ ਪੰਜ ਪਿਆਰੇ ਦਾ ਖਿਤਾਬ ਬਖਸ਼ਿਸ਼ ਕੀਤਾ ਸੀ।

–0–

**ਜਨਮ ਦਿਹਾੜੇ 'ਤੇ ਵਿਸ਼ੇਸ਼**

# ਕਲਮ ਅਤੇ ਤੇਗ ਦੇ ਧਨੀ ਬਾਬਾ ਦੀਪ ਸਿੰਘ ਜੀ ਸ਼ਹੀਦ

**ਡਾ. ਚਰਨਜੀਤ ਸਿੰਘ ਗੁੰਮਟਾਲਾ 0019375739812**

ਬਾਬਾ ਦੀਪ ਸਿੰਘ ਜੀ ਦਾ ਜਨਮ 14 ਮਾਘ ਸੰਮਤ 1739 ਬਿਕਰਮੀ ਨੂੰ ਪਿੰਡ ਪਹੂਵਿੰਡ ਜ਼ਿਲ੍ਹਾ ਤਰਨਤਾਰਨ ਵਿੱਚ ਮਾਤਾ ਜਿਉਣੀ ਜੀ ਦੀ ਕੁੱਖੋਂ ਪਿਤਾ ਭਗਤਾ ਜੀ ਦੇ ਗ੍ਰਹਿ ਵਿੱਚ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਦੀਪਾ ਸੀ। ਛੋਟੇ ਹੁੰਦਿਆਂ ਹੀ ਉਨ੍ਹਾਂ ਨੇ ਗੁਰਮੁੱਖੀ ਪੜ੍ਹੀ ਤੇ ਗੁਰਬਾਣੀ ਦਾ ਪਾਠ ਕਰਨਾ ਸਿੱਖਿਆ। ਵਾਹੀ ਵੀ ਕੀਤੀ , ਨੇਜ਼ਾ ਸੁੱਟਣ ਅਤੇ ਘੋੜ ਸਵਾਰੀ ਵੀ ਕੀਤੀ। ਸਰੀਰਕ ਤੌਰ 'ਤੇ ਉਹ ਰਿਸ਼ਟ ਪੁਸ਼ਟ, ਚੰਗੇ ਕੱਦ ਕਾਠ ਵਾਲੇ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ।

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਸਾਜਿਆ ਤਾਂ ਇਸ ਦੀ ਚਰਚਾ ਪਿੰਡ ਪਿੰਡ ਹੋਣ ਲੱਗੀ। ਜਦ ਆਪ ਨੇ ਵੀ ਇਸ ਬਾਰੇ ਸੁਣਿਆ ਤਾਂ ਆਪ ਵੀ ਮਾਤਾ ਪਿਤਾ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿੱਚ ਜਾ ਨਿਵਾਜੇ। ਉਨ੍ਹਾਂ ਨੇ ਵੀ ਗੁਰੂ ਜੀ ਪਾਸੋਂ ਅੰਮ੍ਰਿਤਪਾਨ ਕੀਤਾ। ਉਸ ਸਮੇਂ ਆਪ ਜੀ ਦੀ ਉਮਰ 18 ਸਾਲ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਕੁਝ ਸਮਾਂ ਅਨੰਦਪੁਰ ਸਾਹਿਬ ਰਹਿਣ ਲਈ ਕਿਹਾ। ਉੱਥੇ ਰਹਿ ਕੇ ਆਪ ਲੰਗਰ ਦੀ ਸੇਵਾ ਦੇ ਨਾਲ ਛੋਟੇ ਬੱਚਿਆਂ ਨੂੰ ਗੁਰਬਾਣੀ ਪੜ੍ਹਾਉਣ ਤੇ ਅਰਥ ਸਮਝਾਉਣ ਦੀ ਸੇਵਾ ਕਰਦੇ ਰਹੇ। ਸਤਿਗੁਰੂ ਜੀ ਨੇ ਆਪ ਨੂੰ ਗੁਰਮੁੱਖੀ, ਅਰਬੀ, ਫਾਰਸੀ ਭਾਸ਼ਾ ਦੀ ਪੜ੍ਹਾਈ ਕਰਾਕੇ ਇੱਕ ਸੁਘੜ ਵਿਦਵਾਨ ਬਣਾ ਦਿੱਤਾ।



ਅਨੰਦਪੁਰ ਵਿਖੇ ਰਹਿੰਦੇ ਹੋਏ ਉਨ੍ਹਾਂ ਭਾਈ ਮਨੀ ਸਿੰਘ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ ਤੇ ਨਾਲ ਹੀ ਸ਼ਸਤਰ ਯੁੱਧ ਵਿੱਚ ਵੀ ਜੂਝਣ ਦੀ ਸਿੱਖਿਆ ਗ੍ਰਹਿਣ ਕੀਤੀ। ਇਸ ਤਰ੍ਹਾਂ 20-22 ਸਾਲ ਦੀ ਉਮਰ ਵਿੱਚ ਆਪ ਇੱਕ ਸੂਝਵਾਨ ਵਿਦਵਾਨ ਤੇ ਸੂਰਬੀਰ ਜੋਧੇ ਬਣ ਗਏ। ਇੱਕ ਪਾਸੇ ਪਵਿੱਤਰ ਗੁਰਬਾਣੀ ਦਾ ਗਿਆਨ ਕਰਵਾਉਂਦੇ ਗੁਰੂ ਜੀ ਦੇ ਆਦੇਸ਼ ਅਨੁਸਾਰ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਾਕੇ ਸਿੱਖਾਂ ਵਿੱਚ ਨਵਾਂ ਧਾਰਮਿਕ ਜੋਸ਼ ਭਰਦੇ, ਦੂਜੇ ਪਾਸੇ ਸਿੰਘ ਸੂਰਮਿਆਂ ਦੇ ਜਥੇ ਤਿਆਰ ਕਰਕੇ ਲੋੜ ਸਮੇਂ ਮੈਦਾਨੇ ਜੰਗ ਭੇਜਦੇ।

ਮੁਕਤਸਰ ਦੀ ਜੰਗ ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਈ ਪਿੰਡਾਂ ਤੋਂ ਹੁੰਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਜੀ ਨਾਲ ਇਸ ਥਾਂ ਗੁਰੂ ਜੀ ਨੂੰ ਮਿਲੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭਾਈ ਮਨੀ ਸਿੰਘ ਤੋਂ ਲਿਖਵਾਉਂਦਿਆਂ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਣੀ ਨੂੰ ਵੀ ਸ਼ਾਮਿਲ ਕਰਵਾਇਆ। ਅੰਤਮ ਰੂਪ ਦਿੰਦਿਆਂ ਬਾਬਾ ਦੀਪ ਸਿੰਘ ਜੀ ਨੇ ਵੀ ਸਹਾਇਤਾ ਕੀਤੀ, ਜਿਨ੍ਹਾਂ ਨੂੰ ਇੱਕ ਸਿੰਘ ਭਾਈ ਸ਼ੇਰ ਸਿੰਘ ਨੂੰ ਪਹੁੰਵਿੰਡ ਭੇਜ ਕੇ ਬੁਲਾਇਆ ਗਿਆ ਸੀ। ਆਪ ਕਲਮਾਂ, ਸਿਆਹੀ ਅਤੇ ਕਾਗਜ਼ ਆਦਿ ਤਿਆਰ ਕਰਦੇ ਸਨ। ਇਸ ਬੀੜ ਨੂੰ ਦਮਦਮੇ ਸਾਹਿਬ ਵਾਲੀ ਬੀੜ ਕਿਹਾ ਜਾਂਦਾ ਜੋ ਇਸ ਸਮੇਂ ਗੁਰਦੁਆਰਿਆਂ ਵਿੱਚ ਸੁਸ਼ੋਭਿਤ ਹੈ।

ਬਾਬਾ ਦੀਪ ਸਿੰਘ ਦੀ ਲਿਖਾਈ ਅਤੇ ਅੱਖਰਾਂ ਦੀ ਬਨਾਵਟ ਬਹੁਤ ਸੁੰਦਰ ਸੀ। ਗੁਰੂ ਜੀ ਨੇ ਆਪ ਨੂੰ ਚਾਰ ਹੱਥ ਲਿਖਤਾਂ ਬੀੜ ਤਿਆਰ ਕਰਨ ਲਈ ਕਿਹਾ। ਇਹ ਕੰਮ ਬਾਬਾ ਦੀਪ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸੰਪੂਰਨ ਕੀਤਾ ਤੇ ਇਸ ਉਪਰ 1716 ਤੋਂ 1726 ਈ. ਤੱਕ ਦਾ ਸਮਾਂ ਲੱਗਾ ਤੇ ਇਨ੍ਹਾਂ ਬੀੜਾਂ ਨੂੰ ਚਾਰੇ ਤਖ਼ਤਾਂ ਨੂੰ ਭੇਜਿਆ ।

ਬਾਬਾ ਦੀਪ ਸਿੰਘ ਅਰਬੀ ਫ਼ਾਰਸੀ ਦੇ ਵੀ ਵਿਦਵਾਨ ਸਨ। ਆਪ ਜੀ ਨੇ ਲਗਾਤਾਰ ਮਿਹਨਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਰਬੀ ਭਾਸ਼ਾ ਵਿੱਚ ਤਰਜਮਾ ਕੀਤਾ। ਇਹ ਪਵਿੱਤਰ ਬੀੜ ਸ. ਕ੍ਰਿਪਾਲ ਸਿੰਘ ਦੇ ਕਥਨ ਅਨੁਸਾਰ ਅੱਜ ਕੱਲ੍ਹ ਬਗ਼ਦਾਦ ਯੂਨੀਵਰਸਿਟੀ ਵਿੱਚ ਸੰਭਾਲ ਕੇ ਰੱਖੀ ਹੋਈ ਹੈ।

ਜਦ ਬੰਦਾ ਸਿੰਘ ਬਹਾਦਰ 1709 ਈ. ਵਿੱਚ ਪੰਜਾਬ ਆਇਆ ਤਾਂ ਗੁਰੂ ਸਾਹਿਬ ਦੇ ਅਨੁਯਾਈਆਂ ਵਿੱਚ ਬਾਬਾ ਦੀਪ ਸਿੰਘ ਵੀ ਸਾਬੋ ਕੀ ਤਲਵੰਡੀ ਤੋਂ ਆਣ ਮਿਲੇ। ਉਨ੍ਹਾਂ ਨੇ ਵੱਖ ਵੱਖ ਇਲਾਕਿਆਂ ਨੂੰ ਜਿੱਤਣ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਮਦਦ ਕੀਤੀ। ਬਾਬਾ ਦੀਪ ਸਿੰਘ ਜੀ ਨੇ ਸਿਆਲਕੋਟ ਦੇ ਕੁਝ ਇਲਾਕੇ 'ਤੇ ਕਬਜ਼ਾ ਲਿਆ ਜਿਹੜਾ ਮੁਹੰਮਦ ਅਮੀਨ ਖਾਂ ਕੋਲ ਸੀ ਤੇ ਫਿਰ ਆਪਣੇ ਸਾਥੀਆਂ ਦਯਾਲ ਸਿੰਘ ਤੇ ਨੱਥਾ ਸਿੰਘ ਨੂੰ ਸੌਂਪ ਦਿੱਤਾ। ਸੰਨ 1708 ਤੋਂ 1715 ਸੰਨ ਤੀਕ ਆਪ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦਿੱਤਾ।

ਬਾਬਾ ਬੰਦਾ ਸਿੰਘ ਬਹਾਦਰ ਨੂੰ ਪਿੰਡ ਗੁਰਦਾਸ ਨੰਗਲ (ਨੇੜੇ ਗੁਰਦਾਸਪੁਰ) ਵਿੱਚ ਸ਼ਾਹੀ ਫੌਜਾਂ ਘੇਰ ਲਿਆ। ਉਸ ਦਾ ਸਾਥ ਆਪਣੇ ਹੀ ਕਈ ਸਾਥੀ ਛੱਡ ਗਏ। ਹਵੇਲੀ ਅੰਦਰ ਖਾਣ ਪੀਣ ਦਾ ਸਾਮਾਨ ਖ਼ਤਮ ਹੋ ਗਿਆ। ਉਸ ਨੂੰ ਸਾਥੀਆਂ ਸਮੇਤ 7 ਦਸੰਬਰ ਸੰਨ 1715 ਈ. ਨੂੰ ਗ੍ਰਿਫ਼ਤਾਰ ਕਰ ਲਿਆ ਤੇ ਦਿੱਲੀ ਲਿਜਾ ਕੇ 700 ਸਾਥੀਆਂ ਸਮੇਤ ਸ਼ਹੀਦ ਕਰ ਦਿੱਤਾ ਗਿਆ।

17 ਵੀਂ ਸਦੀ ਵਿੱਚ ਸਾਰਾ ਖ਼ਾਲਸਾ ਪੰਥ ਜੰਗਲਾਂ ਅਤੇ ਪਹਾੜਾਂ ਵਿੱਚੋਂ ਬਾਹਰ ਆ ਕੇ ਇਕੱਠਾ ਹੋ ਗਿਆ। ਖ਼ਾਲਸਾ ਪੰਥ 12 ਮਿਸਲਾਂ ਵਿੱਚ ਵੰਡਿਆ ਗਿਆ ਜਿਸ ਦੇ 12 ਮੁੱਖ ਜਥੇਦਾਰ ਥਾਪੇ ਗਏ। ਇਨ੍ਹਾਂ ਵਿੱਚੋਂ ਇੱਕ ਮਿਸਲ ਸੀ ਸ਼ਹੀਦ ਮਿਸਲ ਸੀ । ਬਾਬਾ ਦੀਪ ਸਿੰਘ ਸ਼ਹੀਦ ਮਿਸਲ ਦੇ ਮੁੱਖ ਜਥੇਦਾਰ ਥਾਪੇ ਗਏ। ਇਸ ਸਦੀ ਅੰਦਰ ਭਾਰਤ ਨੂੰ ਵਿਦੇਸ਼ੀ ਹਮਲਾਵਰਾਂ ਨੇ ਖ਼ੂਬ ਲੁਟਿਆ ਤੇ ਇੱਥੋਂ ਦੀਆਂ ਬਹੁ-ਬੇਟੀਆਂ ਦੀ ਇੱਜ਼ਤ ਦਾ ਵੀ ਖਿਲਵਾੜ ਕੀਤਾ। ਮਿਸਲਾਂ ਦੇ ਜਥੇਦਾਰਾਂ ਨੇ ਇਕੱਠੇ ਹੋ ਕੇ ਅਫ਼ਗਾਨ ਧਾੜਵੀਆਂ ਦਾ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ ਤੇ ਭਾਰਤ ਦਾ ਲੁਟਿਆ ਬਹੁਤ ਕੀਮਤੀ ਸਾਮਾਨ ਵਾਪਿਸ ਦਿਵਾਇਆ ਜਾਂਦਾ ਰਿਹਾ।

ਅਹਿਮਦ ਸ਼ਾਹ ਦੁਰਾਨੀ ਜੋ ਸਿੱਖਾਂ ਦੇ ਸਖ਼ਤ ਵਿਰੁੱਧ ਸੀ ਅਤੇ ਸਿੱਖਾਂ ਨੂੰ ਖ਼ਤਮ ਕਰਨ ਉੱਤੇ ਤੁਲਿਆ ਹੋਇਆ ਸੀ, ਆਪਣੇ 1757 ਈ: ਦੇ ਹਿੰਦੁਸਤਾਨ ਦੇ ਹਮਲੇ ਵੇਲੇ ਦਿੱਲੀ ਤੋਂ ਵਾਪਿਸ ਜਾਂਦਾ ਹੋਇਆ ਕੁਝ ਦੇਰ ਲਈ ਲਾਹੌਰ ਠਹਿਰਿਆ। ਉਸ ਨੇ ਅੰਮ੍ਰਿਤਸਰ ਸ਼ਹਿਰ ਨੂੰ ਲੁੱਟਿਆ ਅਤੇ ਸ਼ਹਿਰ ਦੀਆਂ ਇਮਾਰਤਾਂ ਨੂੰ ਢਾਹਿਆ। ਇਸ ਹਮਲੇ ਸਮੇਂ ਅੰਮ੍ਰਿਤਸਰ ਸ਼ਹਿਰ ਦੇ ਇਨਚਾਰਜ ਜਮਾਲ ਖਾਨ ਦੁਆਰਾ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਕਰਨ, ਪਵਿੱਤਰ ਸਰੋਵਰ ਨੂੰ ਪੂਰ ਦੇਣ ਦੀ ਖ਼ਬਰ ਜਦੋਂ ਬਾਬਾ ਦੀਪ ਸਿੰਘ ਜੀ ਨੂੰ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਦੇ ਅਸਥਾਨ 'ਤੇ ਪੁੱਜੀ ਤਾਂ ਆਪ ਦੇ ਦਿਲ 'ਤੇ ਅਸਹਿ ਸੱਟ ਵੱਜੀ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿੱਤ੍ਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਫੈਸਲਾ ਕਰ ਲਿਆ। ਆਸ-ਪਾਸ ਦੇ ਨਗਰਾਂ ਤੇ ਟਿਕਾਣਿਆਂ 'ਤੇ ਇਤਲਾਹ ਦਿੱਤੀ ਗਈ।

ਵੱਖ-ਵੱਖ ਨਗਰਾਂ ਤੋਂ ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਵਿੱਚ ਪਾਵਨ ਧਰਮ ਅਸਥਾਨ ਦੀ ਰੱਖਿਆ ਲਈ ਹਾਜ਼ਰ ਹੋਏ। ਇਸ ਤਰ੍ਹਾਂ ਦਲ ਖਾਲਸਾ ਦੀ ਗਿਣਤੀ ਅਣਗਿਣਤ ਹੋ ਗਈ। ਬਿਆਸ ਦਰਿਆ ਪਾਰ ਕਰਕੇ

ਸਿੰਘਾਂ ਦਾ ਜੱਥਾ ਮਾਝੇ ਦੇ ਇਲਾਕੇ ਅੰਦਰ ਦਾਖਲ ਹੋਇਆ। ਤਰਨਤਾਰਨ ਸਾਹਿਬ ਦੇ ਪਾਵਨ ਅਸਥਾਨ ਵਿਖੇ ਪਹੁੰਚ ਕੇ ਸਿੰਘਾਂ ਦੇ ਸਾਰੇ ਸਮੂਹ ਨੇ ਅਰਦਾਸ ਕੀਤੀ। । ਇਸ ਸ਼ਹਿਰ ਤੋਂ ਬਾਹਰ ਆ ਕੇ ਬਾਬਾ ਦੀਪ ਸਿੰਘ ਜੀ ਨੇ ਇੱਕ ਲਕੀਰ ਖਿੱਚੀ ਅਤੇ ਕਿਹਾ ਕਿ ਜੋ ਸ਼ਹੀਦੀ ਪਾਉਣ ਲਈ ਤਿਆਰ ਹੈ, ਉਹ ਇਸ ਲਕੀਰ ਨੂੰ ਪਾਰ ਕਰੇ, ਜਿਹੜਾ ਸ਼ਹੀਦ ਨਹੀਂ ਹੋਣਾ ਚਾਹੁੰਦਾ ਉਹ ਵਾਪਸ ਚਲਿਆ ਜਾਵੇ। ਸਾਰੇ ਸਿੰਘ ਜੈਕਾਰੇ ਗਜਾਉਂਦੇ ਹੋਏ ਲਕੀਰ ਪਾਰ ਕਰਕੇ ਅੰਮ੍ਰਿਤਸਰ ਵੱਲ ਵਧਣ ਲੱਗੇ।

ਤਰਨ ਤਾਰਨ ਤੋਂ 10 ਕਿਲੋਮੀਟਰ ਦੀ ਦੂਰੀ ’ਤੇ ਸਥਿਤ ਗੋਹਲਵੜ ਪਿੰਡ ਕੋਲ ਜਾ ਕੇ ਬਾਬਾ ਜੀ ਨੇ ਆਪਣੇ ਸਿੰਘਾਂ ਦੇ ਜਥੇ ਨਾਲ ਦੁਸ਼ਮਣ ਦੀ ਫ਼ੌਜ ਨੂੰ ਲੜਾਈ ਲਈ ਲਲਕਾਰਿਆ। ਇਸ ਜਗ੍ਹਾ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ। ਗੋਹਲਵੜ ਵਿੱਚ ਬਾਬਾ ਜੀ ਦਾ ਸਾਹਮਣਾ ਜਮਾਲ ਖ਼ਾਨ ਨਾਲ ਹੋਇਆ। ਬਾਬਾ ਦੀਪ ਸਿੰਘ ਜੀ ਦੋ-ਧਾਰਾ ਖੰਡਾ ਖੜਕਾਉਂਦੇ ਵੈਰੀਆਂ ਨੂੰ ਸਦਾ ਦੀ ਨੀਂਦ ਸੁਆਉਂਦੇ ਹੋਏ ਅੱਗੇ ਵਧਦੇ ਜਾ ਰਹੇ ਸਨ। ਜਮਾਲ ਖਾਨ ਅੱਗੇ ਵਧਿਆ ਤੇ ਬਾਬਾ ਜੀ ‘ਤੇ ਵਾਰ ਕਰਨ ਲੱਗਾ। ਅੱਗੋਂ ਬਾਬਾ ਜੀ ਨੇ ਵੀ ਵਾਰ ਕੀਤਾ। ਇਸ ਸਾਂਝੇ ਵਾਰ ਵਿੱਚ ਬਾਬਾ ਜੀ ਨੇ ਉਸ ਮੁਗ਼ਲ ਕਮਾਂਡਰ ਨੂੰ ਤਾਂ ਥਾਂ ‘ਤੇ ਹੀ ਖ਼ਤਮ ਕਰ ਦਿੱਤਾ ਪਰ ਨਾਲ ਹੀ ਇਨ੍ਹਾਂ ਦੀ ਧੌਣ ਉੱਤੇ ਇੱਕ ਘਾਤਕ ਘਾਉ ਲੱਗਾ, ਭਾਰੀ ਸੱਟ ਲੱਗਣ ਦੇ ਬਾਵਜੂਦ ਬਾਬਾ ਜੀ ਨੇ ਕਈ ਪਠਾਣ ਤੇ ਅਫ਼ਗਾਨ ਮਾਰ ਮੁਕਾਏ ਸਨ। ਇਸ ਤਰ੍ਹਾਂ ਇਸ ਘਮਸਾਨ ਦੀ ਜੰਗ ਅੰਦਰ ਅਫ਼ਗਾਨ ਜਰਨੈਲਾਂ ਦੇ ਮਾਰੇ ਜਾਣ ਨਾਲ ਅਫ਼ਗਾਨੀ ਫ਼ੌਜ ਦੇ ਹੌਸਲੇ ਟੁੱਟ ਗਏ ਤੇ ਬਾਬਾ ਦੀਪ ਸਿੰਘ ਜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਅੰਦਰ ਪਹੁੰਚ ਕੇ ਸ਼ਹੀਦੀ ਪ੍ਰਾਪਤ ਕਰ ਗਏ।

ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿੱਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਨੇੜੇ ਇੱਕ ਥੜ੍ਹੇ ਉੱਪਰ ਨਿਸ਼ਾਨ ਸਾਹਿਬ ਝੁਲਾਇਆ ਹੋਇਆ ਹੈ। ਉਸ ਥੜ੍ਹੇ ਉਂਪਰ ਕੁਝ ਸਿੰਘਾਂ ਦੇ ਨਾਮ ਹੇਠ ਲਿਖੇ ਅਨੁਸਾਰ ਲਿਖੇ ਹੋਏ ਹਨ:

1. ਬਾਬਾ ਦੀਪ ਸਿੰਘ ਜੀ ਸਹੀਦ ਹੈੱਡ ਜਥੇਦਾਰ
2. ਬਾਬਾ ਬਲਵੰਤ ਸਿੰਘ ਜੀ ਸਹੀਦ ਜਥੇਦਾਰ
3. ਬਾਬਾ ਹੀਰਾ ਸਿੰਘ ਜੀ ਸਹੀਦ ਜਥੇਦਾਰ
4. ਬਾਬਾ ਗੰਡਾ ਸਿੰਘ ਜੀ ਸਹੀਦ ਜਥੇਦਾਰ
5. ਬਾਬਾ ਲਹਿਣਾ ਸਿੰਘ ਜੀ ਸਹੀਦ ਜਥੇਦਾਰ
6. ਬਾਬਾ ਰਣ ਸਿੰਘ ਜੀ ਸਹੀਦ ਜਥੇਦਾਰ
7. ਬਾਬਾ ਗੁਪਾਲ ਸਿੰਘ ਜੀ ਸਹੀਦ ਜਥੇਦਾਰ
8. ਬਾਬਾ ਭਾਗ ਸਿੰਘ ਜੀ ਸਹੀਦ ਜਥੇਦਾਰ
9. ਬਾਬਾ ਸੱਜਣ ਸਿੰਘ ਜੀ ਸਹੀਦ ਜਥੇਦਾਰ
10. ਬਾਬਾ ਬਹਾਦਰ ਸਿੰਘ ਜੀ ਸਹੀਦ ਜਥੇਦਾਰ

ਇਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਜ਼ਾਲਮਾਂ ਤੋਂ ਬਦਲਾ ਲੈਂਦੇ ਹੋਏ ਅਤੇ ਧਰਮ ਤੇ ਕੌਮ ਦੀ ਸ਼ਾਨ ਬਦਲੇ 13 ਨਵੰਬਰ 1757 ਈ ਨੂੰ ਆਪਣੀਆਂ ਜਾਨਾਂ ਕੁਰਬਾਨ ਕਰ ਗਏ।

ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਅਸਥਾਨ ਗੁਰਦੁਆਰਾ ਰਾਮਸਰ ਸਾਹਿਬ ਦੇ ਨੇੜੇ ਹੈ, ਜਿੱਥੇ ਅੱਜਕਲ੍ਹ ‘ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ’ ਸੁਸ਼ੋਭਿਤ ਹੈ। ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਵਿੱਚ ਜਿੱਥੇ ਬਾਬਾ ਜੀ ਨੇ ਸੀਸ ਭੇਟ ਕੀਤਾ ਸੀ, ਉਥੇ ਵੀ ਪਾਵਨ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ। ਬਾਬਾ ਦੀਪ ਸਿੰਘ ਜੀ ਦਾ ਉਹ ਦੋ-ਧਾਰਾ ਖੰਡਾ ਸ੍ਰੀ ਅਕਾਲ ਤਖਤ ਸਾਹਿਬ ਦੇ ਸ਼ਸਤਰਾਂ ਵਿੱਚ ਸੰਭਾਲ ਕੇ ਰੱਖਿਆ ਗਿਆ, ਜਿਸ ਦੇ ਹਰ ਰੋਜ਼ ਸ਼ਾਮ ਨੂੰ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਸੰਗਤਾਂ ਵੱਲੋ ਆਪ ਜੀ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਮ ਮਨਾਇਆ ਜਾ ਰਿਹਾ ਹੈ।

-0-

# ਆਤਮਿਕ ਜੀਵਨ ਤੇ ਆਤਮਿਕ ਮੌਤ

**-ਸੁਖਦੇਵ ਸਿੰਘ ਲੁਧਿਆਣਾ # 8360568209**

ਗੁਰਬਾਣੀ ਵਿਚ ਆਤਮਿਕ ਜੀਵਨ ਨੂੰ 'ਸ਼ਬਦ ਮਰੈ' ਅਤੇ 'ਜੀਵਤ ਮਰੈ' ਆਦਿ ਅੱਖਰਾਂ ਦੁਆਰਾ ਵੀ ਪ੍ਰਗਟਾਇਆ ਗਿਆ ਹੈ। ਇਨ੍ਹਾਂ ਦਾ ਭਾਵ-ਅਰਥ ਸਮਝਾਉਣ ਲਈ ਗੁਰਬਾਣੀ ਵਿਚ ਅਨੇਕਾਂ ਫੁਰਮਾਨ ਵਰਤੇ ਗਏ ਹਨ, ਜਿਨ੍ਹਾਂ ਨੂੰ ਵਿਚਾਰਨ ਨਾਲ ਭਾਵ-ਅਰਥ ਆਪਣੇ ਆਪ ਹੀ ਸਮਝ ਆ ਜਾਂਦੇ ਹਨ। ਜਿਵੇਂ:

**-ਸਬਦਿ ਮੁਆ ਵਿਚਹੁ ਆਪੁ ਗਵਾਇ॥ (ਪੰਨਾ 361)**

ਭਾਵ: ਆਪਣੇ ਅੰਦਰੋਂ ਆਪਾ ਭਾਵ (ਹਉਮੈ) ਦਾ ਗੁਆਉਣਾ ਹੀ 'ਸ਼ਬਦੇ ਮਰਨਾ (ਅਰਥਾਤ ਆਤਮਿਕ ਜੀਵਨ) ਹੈ। ਗੁਰੂ ਅਮਰਦਾਸ ਜੀ ਪਾਵਨ ਫੁਰਮਾਨ ਰਾਹੀ 'ਜੀਵਤ ਮਰੈ' ਤੇ 'ਸ਼ਬਦ ਮੂਏ' ਦੇ ਭਾਵਾਂ ਨੂੰ ਇਸ ਤਰ੍ਹਾਂ ਸਪੱਸ਼ਟ ਕਰਦੇ ਹਨ:

**ਆਪੁ ਛੋਡਿ ਜੀਵਤ ਮਰੈ ਗੁਰ ਕੈ ਸਬਦਿ ਵੀਚਾਰ॥ (ਪੰਨਾ 34)**
**-ਇਕਿ ਗ੍ਰਿਹ ਕੁਟੰਬ ਮਹਿ ਸਦਾ ਉਦਾਸੀ॥**
**ਸਬਦਿ ਮੁਏ ਹਰਿ ਨਾਮਿ ਨਿਵਾਸੀ॥**
**ਅਨਦਿਨ ਸਦਾ ਰਹਹਿ ਰੰਗਿ ਰਾਤੇ ਭੈ ਭਾਇ ਭਗਤਿ ਚਿਤੁ ਲਾਈ ਹੇ॥**
**(ਪੰਨਾ 1046)**

ਇਸ ਪ੍ਰਕਾਰ 'ਜੀਵਤ ਮਰਨਾ', 'ਜੀਵਤ ਮਰੈ' ਅਤੇ 'ਸ਼ਬਦ ਮਰੈ' ਆਦਿ ਲਫਜ਼ਾਂ ਦਾ ਭਾਵ ਹੋਇਆ ਗੁਰੂ ਦੇ ਸ਼ਬਦ ਦੀ ਵੀਚਾਰ ਦੁਆਰਾ ਆਪਣੇ ਆਪਾ-ਭਾਵ (ਹਉਮੈ) ਦਾ ਤਿਆਗ ਕਰਨਾ। ਇਨ੍ਹਾਂ ਲਫਜ਼ਾਂ ਦੀ ਗੁਰਬਾਣੀ ਵਿਚ ਬਹੁਤ ਵਰਤੋਂ ਕੀਤੀ ਗਈ ਹੈ। ਜਿਵੇਂ:

**ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ॥ (58)**
**ਗੁਰ ਕੈ ਸਬਦਿ ਜੀਵਤ ਮਰੈ ਗੁਰਮੁਖਿ ਭਵਜਲੁ ਤਰਣਾ॥ ( 69)**
**ਸੇ ਭਗਤ ਹਰਿ ਭਾਵਦੇ ਜੋ ਗੁਰਮੁਖਿ ਭਾਇ ਚਲੰਨਿ॥**
**ਆਪੁ ਛੋਡਿ ਸੇਵਾ ਕਰੰਨਿ ਜੀਵਤ ਮੁਏ ਰਹੰਨਿ॥ (ਪੰਨਾ 233)**
**ਜੀਵਤ ਮਰੈ ਗੁਰ ਸਬਦੁ ਬੀਚਾਰੈ ਹਉਮੈ ਮੈਲੁ ਚੁਕਾਵਣਿਆ॥**
**(129)**
**ਗੁਰ ਕੈ ਸਬਦਿ ਜੀਵਤੁ ਮਰੈ ਹਰਿ ਨਾਮੁ ਵਸੈ ਮਨਿ ਆਇ॥ ( 33)**

ਅਰਥਾਤ ਹਰਿ ਨਾਮ ਦਾ ਹਿਰਦੇ ਵਿਚ ਵੱਸ ਜਾਣਾ ਹੀ ਆਤਮਿਕ ਜੀਵਨ ਹੈ।

**ਆਤਮਿਕ ਮੌਤ**

ਆਤਮਿਕ ਮੌਤ ਇਸ ਤੋਂ ਉਲਟ ਹੈ। ਆਤਮਿਕ ਮੌਤ ਬਾਰੇ ਗੁਰਬਾਣੀ ਵਿਚ ਕਈ ਥਾਈਂ ਜ਼ਿਕਰ ਆਇਆ ਹੈ। ਮਿਸਾਲ ਲਈ:

**ਹਰਿ ਕੇ ਨਾਮ ਵਿਟਹੁ ਬਲਿ ਜਾਉ॥**
**ਤੂੰ ਵਿਸਰਹਿ ਤਦ ਹੀ ਮਰਿ ਜਾਉ ॥ ਰਹਾਉ॥ (ਪੰਨਾ 159)**
**ਨਾਨਕ ਸੇਈ ਮੂਏ ਜਿ ਨਾਮੁ ਨ**
**ਚੇਤਹਿ ਭਗਤ ਜੀਵੇ ਵੀਚਾਰੀ॥ (611)**

ਪੰਜਵੇਂ ਪਾਤਸ਼ਾਹ ਜੀ ਦਾ ਇਹ ਫੁਰਮਾਨ ਆਤਮਕ ਮੌਤ ਦੇ ਅਰਥਾਂ ਨੂੰ ਸਮਝਣ ਵਿਚ ਕਿਸੇ ਪ੍ਰਕਾਰ ਦਾ ਸ਼ੱਕ ਨਹੀਂ ਰਹਿਣ ਦਿੰਦਾ: **-ਜਿਨ ਕਉ ਬਿਸਰੈ ਮੇਰੋ ਰਾਮੁ ਪਿਆਰਾ ਸੇ ਮੂਏ ਮਰਿ ਜਾਹੀਂ॥ (ਪੰਨਾ 1268)**

ਭਾਵ ਪ੍ਰਭੂ ਦੇ ਨਾਮ ਨੂੰ ਵਿਸਾਰ ਦੇਣਾ ਹੀ ਆਤਮਕ ਮੌਤ ਹੈ। ਸਾਰੰਸ਼ ਇਹ ਨਿਕਲਦਾ ਹੈ ਕਿ ਗੁਰੂ ਸ਼ਬਦ ਦੀ ਵੀਚਾਰ ਦੁਆਰਾ (ਹਉਮੈ ਦਾ ਤਿਆਗ ਕਰਕੇ) ਹਰਿ ਨਾਮ ਹਿਰਦੇ ਵਿਚ ਵਸਾਉਣਾ 'ਆਤਮਿਕ ਜੀਵਨ' ਹੈ ਅਤੇ ਇਸ ਤੋਂ ਉਲਟ ਹਰਿ ਨਾਮ ਨੂੰ ਹਿਰਦੇ ਵਿਚੋਂ ਵਿਸਾਰ ਦੇਣਾ ਆਤਮਕ ਮੌਤ ਹੈ।

-0-




## ਅੱਗ ਦੀ ਲਾਟ ਉੱਪਰ ਵੱਲ ਕਿਉਂ ਜਾਂਦੀ ਹੈ?

**ਜੱਗਾ ਸਿੰਘ ਆਦਮਕੇ 94178-32908**

ਬੱਚਿਓ! ਜਦੋਂ ਵੀ ਤੁਸੀਂ ਬਲਦੀ ਅੱਗ ਨੂੰ ਵੇਖਦੇ ਹੋ ਤਾਂ ਅਕਸਰ ਹੀ ਬਹੁਤਿਆਂ ਦੇ ਮਨਾਂ ਵਿੱਚ ਇਹ ਸਵਾਲ ਪੈਦਾ ਹੁੰਦਾ ਹੋਏਗਾ ਕਿ ਬਲਦੀ ਅੱਗ ਦੀ ਲਾਟ ਉੱਪਰ ਵੱਲ ਹੀ ਕਿਉਂ ਜਾ ਰਹੀ ਹੈ? ਕਿਸੇ ਬਲਦੀ ਵਸਤੂ ਦੇ ਹੇਠਾਂ ਥਾਂ ਹੋਣ ਦੇ ਬਾਵਜੂਦ ਵੀ ਅੱਗ ਦੀ ਲਾਟ ਹੇਠਾਂ ਵੱਲ ਕਿਉਂ ਨਹੀਂ ਜਾਂਦੀ? ਜਾਂ ਹਵਾ ਨਾ ਵਗਦੀ ਹੋਣ ਦੀ ਸੂਰਤ ਵਿੱਚ ਇਹ ਆਸੇ ਪਾਸੇ ਕਿਉਂ ਨਹੀਂ ਜਾਂਦੀ? ਅਜਿਹਾ ਹੋਣ ਪਿੱਛੇ ਗੈਸਾਂ ਹਨ। ਜਦੋਂ ਕਿਸੇ ਬਲਣਸ਼ੀਲ ਪਦਾਰਥ ਨੂੰ ਜਲਾਇਆ ਜਾਂਦਾ ਹੈ ਤਾਂ ਇਸ ਵਿੱਚੋਂ ਕਾਰਬਨ, ਹਾਈਡਰੋਜਨ ਵਰਗੀਆਂ ਜਲਣਸ਼ੀਲ ਗੈਸਾਂ ਨਿਕਲਦੀਆਂ ਹਨ। ਇਹ ਗੈਸਾਂ ਹਲਕੀਆਂ ਹੋਣ ਕਾਰਨ ਬਲਦੀਆਂ ਹੋਈਆਂ ਉੱਪਰ ਉੱਠਦੀਆਂ ਹਨ ਅਤੇ ਲਾਟ ਦੇ ਰੂਪ ਵਿੱਚ ਵਿਖਾਈ ਦਿੰਦੀਆਂ ਹਨ। ਅਜਿਹਾ ਹੋਣ ਕਾਰਨ ਹੀ ਸਾਡੇ ਵੱਲੋਂ ਮਾਰੀ ਫੂਕ ਜਾਂ ਵਗਦੀ ਹੋਈ ਹਵਾ ਕਾਰਨ ਲਾਟ ਦਾ ਡੋਲਣਾ ਵੀ ਇਨ੍ਹਾਂ ਗੈਸਾਂ ਕਾਰਨ ਹੀ ਹੁੰਦਾ ਹੈ। ਜਦੋਂ ਹਵਾ ਨਹੀਂ ਵਗ ਰਹੀ ਹੁੰਦੀ ਤਾਂ ਇਹ ਗੈਸਾਂ ਸਿੱਧੀਆਂ ਉੱਪਰ ਵੱਲ ਉੱਠਦੀਆਂ ਹਨ। ਵੱਖ ਵੱਖ ਬਲਣਸ਼ੀਲ ਪਦਾਰਥਾਂ ਦੀਆਂ ਲਾਟਾਂ ਦੇ ਰੰਗਾਂ ਵਿੱਚ ਵੀ ਅੰਤਰ ਹੁੰਦਾ ਹੈ। ਅਜਿਹਾ ਉਸ ਬਲਣਸ਼ੀਲ ਪਦਾਰਥ ਵਿੱਚੋਂ ਨਿਕਲਦੀਆਂ ਗੈਸਾਂ 'ਤੇ ਨਿਰਭਰ ਕਰਦਾ ਹੈ। ਕਈ ਪਦਾਰਥਾਂ ਦੇ ਜਲਣ 'ਤੇ ਕਈ ਨਾ ਬਲਣਯੋਗ ਗੈਸਾਂ ਦੀ ਬਹੁਤਤਾ ਹੁੰਦੀ ਹੈ। ਇਹ ਨਾ ਬਲਣਯੋਗ ਪਦਾਰਥ ਗਰਮ ਹੋ ਕੇ ਚਮਕਦੇ ਹਨ। ਇਨ੍ਹਾਂ ਦੀ ਲਾਟ ਪੀਲੀ ਚਮਕਦਾਰ ਹੁੰਦੀ ਹੈ। ਮੋਮਬੱਤੀ, ਲੱਕੜ, ਮਿੱਟੀ ਦਾ ਤੇਲ ਆਦਿ ਤੋਂ ਚਮਕਦਾਰ ਲਾਟ ਪੈਦਾ ਹੁੰਦੀ ਹੈ। ਅਜਿਹਾ ਇਨ੍ਹਾਂ ਪਦਾਰਥਾਂ ਦੇ ਜਲਣ ਤੋਂ ਪੈਦਾ ਗੈਸਾਂ ਵਿੱਚ ਕੁਝ ਨਾ ਬਲਣਯੋਗ ਪਦਾਰਥਾਂ ਕਾਰਨ ਹੁੰਦਾ ਹੈ। ਜਦੋਂਕਿ ਪੂਰੀ ਤਰ੍ਹਾਂ ਜਲਣਸ਼ੀਲ ਗੈਸਾਂ ਪੈਦਾ ਕਰਨ ਵਾਲੇ ਪਦਾਰਥਾਂ ਦੀ ਲਾਟ ਨੀਲੇ ਰੰਗ ਦੀ ਹੁੰਦੀ ਹੈ।

-0-

## ਕਿਉਂ ਘੱਟ ਰਹੀ ਹੈ ਜਾਨਵਰਾਂ ਦੀ ਗਿਣਤੀ

**-ਗੁਰਵੀਨ ਕੌਰ**

ਜਾਨਵਰ ਜਿਵੇਂ ਸ਼ੇਰ, ਚੀਤਾ ਤੇ ਹੋਰ ਕਈ ਜਾਨਵਰਾਂ ਦੀ ਗਿਣਤੀ ਘਟਦੀ ਜਾ ਰਹੀ ਹੈ। ਮਨੁੱਖਾਂ ਨੇ ਜੰਗਲਾਂ ਨੂੰ ਕੱਟ ਕੇ ਕਈ ਇਮਾਰਤਾਂ ਬਣਾ ਲਈਆਂ ਹਨ ਜਿਸ ਕਰ ਕੇ ਜਾਨਵਰ ਜੰਗਲ ਵਿਚ ਨਹੀਂ ਰਹਿ ਸਕਦੇ। ਜਾਨਵਰ ਅਪਣੇ ਖ਼ੂਬਸੂਰਤ ਚਮੜੇ ਲਈ ਵੀ ਮਾਰੇ ਜਾਂਦੇ ਹਨ। ਜਾਨਵਰਾਂ ਦਾ ਸ਼ਿਕਾਰ ਪੈਸਿਆਂ ਲਈ ਹੁੰਦਾ ਹੈ। ਕਈ ਜਾਨਵਰ ਜਿਵੇਂ ਹਿਰਨ ਸ਼ਾਕਾਹਾਰੀ ਨੇ। ਜੇ ਮਨੁੱਖ ਦਰੱਖ਼ਤਾਂ ਨੂੰ ਕੱਟ ਦੇਣਗੇ ਤਾਂ ਇਹ ਜਾਨਵਰ ਭੁੱਖ ਤੋਂ ਮਰ ਜਾਣਗੇ। ਮਨੁੱਖ ਦਰਖ਼ਤਾਂ ਨੂੰ ਕੱਟ ਰਿਹਾ ਹੈ ਤੇ ਉਹ ਭੁੱਲ ਗਿਆ ਹੈ ਕਿ ਆਕਸੀਜਨ ਜਿਸ ਤੋਂ ਬਿਨਾਂ ਮਨੁੱਖ ਜਿਉਂਦਾ ਨਹੀਂ ਰਹਿ ਸਕਦਾ, ਉਹ ਦਰਖ਼ਤਾਂ ਤੋਂ ਮਿਲਦੀ ਹੈ। ਮਨੁੱਖ ਪਾਣੀ ਨੂੰ ਵੀ ਬਹੁਤ ਗੰਦਾ ਕਰ ਰਹੇ ਹਨ। ਇਸੇ ਕਰ ਕੇ ਜਾਨਵਰਾਂ ਨੂੰ ਪੀਣ ਦਾ ਸਾਫ਼ ਪਾਣੀ ਨਹੀਂ ਮਿਲਦਾ। ਜਾਨਵਰ ਵੀ ਕੁਦਰਤ ਦੇ ਬਣਾਏ ਹੋਏ ਹਨ। ਇਸ ਲਈ ਸਾਨੂੰ ਜਾਨਵਰਾਂ ਨੂੰ ਮਾਰਨਾ ਨਹੀਂ ਚਾਹੀਦਾ ਜਾਂ ਉਨ੍ਹਾਂ ਨੂੰ ਤੰਗ-ਪ੍ਰੇਸ਼ਾਨ ਨਹੀਂ ਕਰਨਾ ਚਾਹੀਦਾ।

## ਰੌਚਿਕ ਜਾਣਕਾਰੀ

**ਕਰਨੈਲ ਸਿੰਘ ਰਾਮਗੜ੍ਹ**

1. ਸਾਰਸ ਇਕ ਅਜਿਹਾ ਪੰਛੀ ਹੈ ਜਿਹੜਾ ਅਪਣੇ ਸਾਥੀ ਦੀ ਜੁਦਾਈ ਵਿਚ ਪ੍ਰਾਣ ਤਿਆਗ ਦਿੰਦਾ ਹੈ।
2. ਰੋਬਿਨ ਪੰਛੀ ਦਾ ਬੱਚਾ ਹਰ ਰੋਜ਼ 14 ਫੁੱਟ ਗੰਡੋਏ ਖਾ ਸਕਦਾ ਹੈ।
3. ਉੱਡਣ ਲੂੰਬੜੀ ਇਕ ਚਮਗਿਦੜ ਹੈ। ਇਸ ਦੇ ਖੰਭਾਂ ਦੀ ਲੰਬਾਈ 5 ਫੁੱਟ ਹੁੰਦੀ ਹੈ।
4. ਦੇਂਤ ਇਸੋਪੋਡ (ਇਕ ਕੀੜਾ) 30 ਸੈਂਟੀਮੀਟਰ ਲੰਮਾ ਹੁੰਦਾ ਹੈ। ਉਹ 4 ਸਾਲਾਂ ਤਕ ਭੋਜਨ ਤੋਂ ਬਿਨਾਂ ਰਹਿ ਸਕਦਾ ਹੈ।

ਸਮੁੰਦਰੀ ਸੂਰ ਦੇ 5 ਤੋਂ 10 ਜੋੜੇ ਲੱਤਾਂ ਦੇ ਹੁੰਦੇ ਹਨ। ਇਹ ਸਮੁੰਦਰੀ ਤਲ ਤੇ ਪਾਣੀ ਹੇਠਾਂ ਰਹਿੰਦੇ ਹਨ। ਇਹ ਸੈਂਕੜਿਆਂ ਦੀ ਗਿਣਤੀ ਵਿਚ ਇਕ ਦਿਸ਼ਾਂ ਵਿਚ ਚਲਦੇ ਹਨ। ਇਹ ਉਪਰ ਤੋਂ ਡਿੱਗੇ ਹੋਏ ਕਿਸੇ ਜੀਵ ਦੇ ਮਾਸ ਦੇ ਟੁਕੜਿਆਂ ਨੂੰ ਖਾਂਦੇ ਹਨ।

**ਬਾਲ ਕਵਿਤਾ:**

## ਸਿੱਖ ਦੀ ਪਹਿਚਾਨ

ਪੱਗ ਸੋਹਣੀ, ਗੁਰਮੁਖੀ ਦਾੜੀ, ਗਲ ਦੇ ਵਿੱਚ ਕਿਰਪਾਨ ਹੈ ਹੁੰਦੀ,
ਖੰਡੇ ਦੇ ਬਾਟੇ ਵਿਚੋਂ ਅੰਮ੍ਰਿਤ ਦੀ ਲਈ ਪਾਨ ਹੈ ਹੁੰਦੀ।
ਗੁਰਬਾਣੀ ਦੇ ਸ਼ਬਦਾਂ ਵਰਗੀ, ਮਿੱਠੀ ਸ਼ਹਿਦ ਮੁਸਕਾਨ ਹੈ ਹੁੰਦੀ,
ਦੁੱਖ ਵਿਚੋਂ ਸੁੱਖ ਵਿਚੋਂ ਇਕੋ ਜਿਹੀ, ਬੁੱਲਾਂ ਤੇ ਮੁਸਕਾਨ ਹੈ ਹੁੰਦੀ।
ਕਿਤੇ ਵੀ ਵਿੱਚ ਸੰਸਾਰ ਦੇ ਜਾਵੇ, ਵੱਖਰੀ ਇਸਦੀ ਸ਼ਾਨ ਹੈ ਹੁੰਦੀ।
ਸਭ ਸਰਦਾਰ ਜੀ ਆਖ ਬੁਲਾਵਣ, ਸਿੱਖ ਦੀ ਇਹ ਪਹਿਚਾਨ ਹੈ ਹੁੰਦੀ।
ਅੰਮ੍ਰਿਤ ਵੇਲੇ ਉੱਠ ਕੇ ਤੜਕੇ, ਬਾਣੀ ਗਾਵੇ ਗੁਰਸਿੱਖ ਪੂਰਾ।
ਆਪ ਜਪੇ ਅਰ ਅਵਰਾਂ ਤਾਈਂ, ਨਾਮ ਜਪਾਵੇ ਗੁਰਸਿੱਖ ਪੂਰਾ।
ਹੱਕ ਕਿਸੇ ਦਾ ਨਹੀਂ ਮਾਰਦਾ, ਆਪਣਾ ਹੱਕ ਗਵਾਂਦਾ ਨਾਹੀਂ
ਨਾ ਹੱਕ ਰੋਅਬ ਕਿਸੇ ਦੇ ਉਤੇ, ਕਦੀ ਵੀ ਭੁਲ ਕੇ ਪਾਂਦਾ ਨਾਹੀਂ।
ਚੁਗਲੀ ਨਿੰਦਾ ਵਲ ਰੂਹ ਇਸਦੀ, ਕਦੇ ਵੀ ਨਹੀਂ ਗਲਤਾਨ ਹੈ ਹੁੰਦੀ।
ਸਿੱਧਾ ਸਾਦਾ ਨਿਰਮਲ ਜੀਵਨ, ਸਿੱਖ ਦੀ ਇਹ ਪਹਿਚਾਨ ਹੈ ਹੁੰਦੀ। -0-

# ਮਿੱਤਰ ਜੀਵ ਹੈ ਨਿਓਲਾ

**-ਗੁਰਮੀਤ ਸਿੰਘ**

ਨਿਓਲਾ ਆਮ ਤੌਰ 'ਤੇ ਖੁੱਲ੍ਹੇ ਜੰਗਲਾਂ, ਖੇਤਾਂ ਅਤੇ ਅਕਸਰ ਮਨੁੱਖੀ ਇਲਾਕਿਆਂ ਦੇ ਨੇੜੇ ਖੁੱਡਾਂ ਬਣਾ ਕੇ ਰਹਿੰਦਾ ਹੈ। ਇਹ ਝਾੜੀਆਂ, ਦਰੱਖ਼ਤਾਂ ਦੀਆਂ ਦਰਾਰਾਂ ਅਤੇ ਛੋਟੀਆਂ ਚਟਾਂਂ ਵਿੱਚ ਲੁਕਿਆ ਰਹਿੰਦਾ ਹੈ। ਇਹ ਆਮ ਤੌਰ 'ਤੇ ਇਕੱਲਾ ਜਾਂ ਜੋੜੇ ਵਿੱਚ ਵੇਖਣ ਨੂੰ ਮਿਲਦਾ ਹੈ। ਇਹ ਚੂਹੇ, ਸੱਪ, ਪੰਛੀਆਂ ਦੇ ਅੰਡਿਆਂ, ਉਨ੍ਹਾਂ ਦੇ ਨਵ ਜੰਮੇ ਬੱਚਿਆਂ ਤੇ ਕਿਰਲੀਆਂ ਨੂੰ ਖਾਂਦਾ ਹੈ। ਭਾਰਤੀ ਨਿਓਲੇ ਦਾ ਰੰਗ ਮਿੱਟੀ ਰੰਗਾ ਹੁੰਦਾ ਹੈ। ਲੱਤਾਂ ਸਰੀਰ ਤੋਂ ਗਹਿਰੇ ਭੂਰੇ ਰੰਗ ਦੀਆਂ ਹੁੰਦੀਆਂ ਹਨ। ਮੂੰਹ ਅਤੇ ਅੱਖਾਂ ਦੇ ਆਲੇ ਦੁਆਲੇ ਵਾਲ ਵੀ ਭੂਰੇ ਹੁੰਦੇ ਹਨ। ਉਨ੍ਹਾਂ ਦੀ ਪੂੰਛ ਦੀ ਲੰਬਾਈ, ਸਰੀਰ ਦੀ ਲੰਬਾਈ ਦੇ ਬਰਾਬਰ ਹੁੰਦੀ ਹੈ। ਪੂੰਛ ਦੀ ਲੰਬਾਈ 36-45 ਸੈਂਟੀਮੀਟਰ ਹੁੰਦੀ ਹੈ। ਸਰੀਰ ਦੀ ਲੰਬਾਈ 45 ਸੈਂਟੀਮੀਟਰ ਤੇ ਭਾਰ 0.9-1.7 ਕਿਲੋਗ੍ਰਾਮ ਹੁੰਦਾ ਹੈ। ਨਰ, ਮਾਦਾ ਨਿਓਲੇ ਨਾਲੋਂ ਵੱਡਾ ਹੁੰਦਾ ਹੈ। ਇੱਕ ਆਮ ਜਾਂਵਰ ਹੋਣ ਦੇ ਬਾਵਜੂਦ, ਇਸ ਨੂੰ ਘੱਟ ਜਾਣਿਆ ਜਾਂਦਾ ਹੈ। ਨਿਓਲਾ ਅਲੱਗ-ਅਲੱਗ ਥਾਵਾਂ 'ਤੇ ਕਬਜ਼ਾ ਕਰਨ ਦਾ ਆਦੀ ਹੈ, ਪਰ ਇਹ ਘਾਹ ਦੇ ਮੈਦਾਂ, ਖੁੱਲ੍ਹੇ ਖੇਤਰਾਂ, ਅਰਧ-ਮਾਰੂਥਲ, ਕਾਸ਼ਤ ਵਾਲੇ ਖੇਤਾਂ ਅਤੇ ਏਕਾਂਤ ਇਲਾਕਿਆਂ, ਝੀਲਾਂ ਦੇ ਖੇਤਰ, ਜੰਗਲੀ ਵਨਸਪਤੀ, ਸੁੱਕੇ ਵਣਾਂ ਅਤੇ ਮਨੁੱਖੀ ਇਲਾਕਿਆਂ ਦੇ ਨੇੜੇ ਜ਼ਿਆਦਾ ਵਾਸ ਕਰਦਾ ਹੈ। ਇਹ ਇੱਕ ਮੌਕਾ ਪ੍ਰਸਤ ਸ਼ਿਕਾਰੀ ਜੰਗਲੀ ਜਾਨਵਰ ਹੈ। ਇਹ ਕਈ ਹਾਿਕਾਰਕ ਜੀਵਾਂ ਜਿਵੇਂ ਚੂਹੇ, ਚੁਕੰਦਰ, ਕਿਰਲੀਆਂ, ਸੱਪ ਦੀ ਗਰਦਨ ਜਾਂ ਸਿਰ 'ਤੇ ਚੱਕ ਮਾਰ ਕੇ ਉਨ੍ਹਾਂ ਨੂੰ ਜ਼ਖ਼ਮੀ ਕਰਕੇ ਬਾਅਦ ਵਿੱਚ ਖਾ ਜਾਂਦਾ ਹੈ। ਇਹ ਜਾਨਵਰਾਂ ਦੇ ਆਂਡੇ ਵੀ ਨਹੀਂ ਛੱਡਦਾ। ਬਿੱਛੂ, ਸਹੇ, ਬਗਲੇ, ਫ਼ਲ ਅਤੇ ਪੌਦਿਆਂ ਦੀਆਂ ਜੜਾਂ ਆਦਿ ਨੂੰ ਵੀ ਇਹ ਖਾ ਜਾਂਦਾ ਹੈ।



ਨਿਓਲਾ ਅਕਸਰ ਖੁੱਡਾਂ ਵਿੱਚ ਰਹਿੰਦਾ ਹੈ। ਸੰਸਾਰ ਭਰ ਵਿੱਚ ਲਗਭਗ 34 ਕਿਸਮਾਂ ਦੇ ਨਿਓਲੇ ਹੁੰਦੇ ਹਨ। ਭਾਰਤੀ ਭੂਰੇ ਨਿਓਲੇ ਦੇ ਗੁਣਾਂ ਨੂੰ ਵੇਖਦੇ ਹੋਏ ਚੰਡੀਗੜ੍ਹ ਪ੍ਰਸ਼ਾਸਨ ਨੇ ਇਸ ਨੂੰ ਆਪਣਾ ਰਾਜ ਜੰਗਲੀ ਜਾਨਵਰ ਐਲਾਨਿਆ ਹੋਇਆ ਹੈ। ਇਹ ਜ਼ਹਿਰੀਲੇ ਸੱਪਾਂ ਨਾਲ ਨਜਿੱਠਣ ਦੀ ਸਮਰੱਥਾ ਲਈ ਜਾਣਿਆ ਜਾਂਦਾ ਹੈ। ਇਹ ਆਪਣੇ ਤੋਂ ਵੱਡੇ ਸੱਪਾਂ ਨੂੰ ਆਪਣੀ ਫੁਰਤੀ ਨਾਲ ਟਪੂਸੀਆਂ ਮਾਰ -ਮਾਰ ਕੇ ਥਕਾ ਦਿੰਦਾ ਹੈ। ਇਸ ਦੇ ਕਠੋਰ ਤਿੱਖੇ ਵਾਲਾਂ 'ਤੇ ਸੱਪ ਦੇ ਜ਼ਹਿਰੀਲੇ ਦੰਦ ਕੋਈ ਅਸਰ ਨਹੀਂ ਕਰਦੇ। ਇਸ ਤਰ੍ਹਾਂ ਹੀ ਇਹ ਜ਼ਹਿਰੀਲੇ ਬਿੱਛੂਆਂ ਨਾਲ ਨਿਪਟਦਾ ਹੈ।

ਭਾਰਤੀ ਭੂਰਾ ਨਿਓਲਾ ਵਿਲੱਖਣ ਜੰਗਲੀ ਜਾਨਵਰ ਹੈ, ਇਹ ਆਕਾਰ ਜਾਂ ਸ਼ਕਤੀ ਦੇ ਰੂਪ ਵਿੱਚ ਬਹੁਤ ਤਾਕਤਵਰ ਨਹੀਂ ਹੈ, ਪਰ ਇਸ ਹੁਨਰ ਦੇ ਰੂਪ ਵਿੱਚ ਇਹ ਸਪੱਸ਼ਟ ਤੌਰ 'ਤੇ ਸੱਪਾਂ ਨੂੰ ਮਾਰ ਸਕਦਾ ਹੈ। ਇਹ ਮਾਰਚ ਅਤੇ ਅਕਤੂਬਰ ਵਿੱਚ ਹਰ ਸਾਲ ਦੋ ਤੋਂ ਤਿੰਨ ਵਾਰ ਪ੍ਰਜਣਨ ਕਰਦੇ ਹਨ। ਇਨ੍ਹਾਂ ਦੇ ਗਰਭ ਦਾ ਸਮਾਂ 60 ਤੋਂ 65 ਦਿਨ ਤਕ ਰਹਿੰਦਾ ਹੈ। ਮਾਦਾ ਦੋ ਤੋਂ ਚਾਰ ਬੱਚਿਆਂ ਨੂੰ ਜਨਮ  ਦਿੰਦੀ ਹੈ। ਨਿਓਲੇ ਦਾ ਜੀਵਨ ਕਾਲ ਸੱਤ ਸਾਲ ਦਾ ਹੁੰਦਾ ਹੈ। ਨਿਓਲੇ ਦੇ ਬੱਚਿਆਂ ਨੂੰ ਸਾਰੀ ਕਾਲੋਨੀ ਵਾਲੇ ਵੱਡੇ ਨਿਓਲਿਆਂ ਵੱਲੋਂ ਸੁਰੱਖਿਅਤ ਰੱਖਿਆ ਜਾਂਦਾ ਹੈ। ਜਦੋਂ ਨਿਓਲੇ ਖ਼ੁਰਾਕ ਦੀ ਭਾਲ ਵਿੱਚ ਬਾਹਰ ਜਾਂਦੇ ਹਨ ਤਾਂ ਬੱਚਿਆਂ ਦੀ ਪੂਰੀ ਸੁਰੱਖਿਆ ਕਾਲੋਨੀ ਵਿੱਚ ਰਹਿ ਰਹੇ ਵੱਡੇ ਨਿਓਲੀਆਂ ਵੱਲੋਂ ਕੀਤੀ ਜਾਂਦੀ ਹੈ।

ਨਿਓਲੇ ਦੀ ਹਾਨੀਕਾਰਕ ਜੰਗਲੀ ਜਾਂਵਰਾਂ ਨੂੰ ਸੁੰਘਣ, ਦੇਖਣ ਅਤੇ ਸੁਣਨ ਦੀ ਸ਼ਕਤੀ ਬਹੁਤ ਤੇਜ਼ ਹੁੰਦੀ ਹੈ। ਧਰਤੀ ਉੱਤੇ ਸਭ ਤੋਂ ਵੱਧ ਖ਼ਤਰਨਾਕ ਜਾਨਵਰ ਸੱਪ ਕਿੰਗ ਕੋਬਰਾ ਮੰਨਿਆ ਜਾਂਦਾ ਹੈ। ਇਸ ਦੀ ਇੱਕ ਦੰਦੀ 30 ਮਿੰਟ ਤੋਂ ਵੀ ਘੱਟ ਸਮੇਂ ਵਿੱਚ ਇੱਕ ਬਾਲਗ ਨੂੰ ਮਾਰ ਸਕਦੀ ਹੈ, ਪਰ ਨਿਓਲਾ ਉਸ ਨੂੰ ਵੀ ਨਹੀਂ ਛੱਡਦਾ। ਇਹ ਸੱਪਾਂ ਦਾ ਪੱਕਾ ਦੁਸ਼ਮਣ ਹੈ।

ਕਈ ਲੋਕ ਨਿਓਲੇ ਨੂੰ ਅਕਸਰ ਪਾਲਤੂ ਜਾਨਵਰ ਦੇ ਤੌਰ 'ਤੇ ਵੀ ਰੱਖਦੇ ਹਨ ਤਾਂ ਜੋ ਉਹ ਹਾਨੀਕਾਰਕ ਜੀਵ ਚੂਹਿਆਂ, ਚੁਕੰਦਰ ਅਤੇ ਸੱਪਾਂ ਨੂੰ ਮਾਰ ਸਕਣ। ਨਿਓਲੇ ਦੀਆਂ ਪ੍ਰਜਾਤੀਆਂ ਭਾਰਤ ਵਿੱਚ ਸੁਰੱਖਿਅਤ ਹਨ, ਪਰ ਹਰ ਸਾਲ ਮਨੁੱਖ ਵੱਲੋਂ ਹਜ਼ਾਰਾਂ ਦੀ ਗਿਣਤੀ  ਵਿੱਚ ਇਨ੍ਹਾਂ ਨੂੰ ਮਾਰ ਕੇ ਉਨ੍ਹਾਂ ਦੀ ਖੱਲ ਉਤਾਰ ਲਈ ਜਾਂਦੀ ਹੈ। ਇਨ੍ਹਾਂ ਨੂੰ ਮਾਰ ਕੇ ਇਨ੍ਹਾਂ ਦੇ ਵਾਲਾਂ ਤੋਂ ਰੰਗ ਕਰਨ ਵਾਲੇ ਬੁਰਸ਼ ਤਿਆਰ ਕੀਤੇ ਜਾਂਦੇ ਹਨ। ਇਹੀ ਇਨ੍ਹਾਂ ਲਈ ਸਭ ਤੋਂ ਵੱਡਾ ਖ਼ਤਰਾ ਬਣਿਆ ਹੋਇਆ ਹੈ। ਭਾਰਤੀ ਨਿਓਲਾ ਜੰਗਲੀ ਜੀਵ (ਸੁਰੱਖਿਆ) ਐਕਟ 1972 ਦੀ ਧਾਰਾ 2 ਦੇ ਭਾਗ 2 ਵਿੱਚ ਆਉਂਦਾ ਹੈ। ਇਸ ਨੂੰ ਮਾਰਨ 'ਤੇ ਘੱਟ ਤੋਂ ਘੱਟ 3 ਸਾਲ ਦੀ ਕੈਦ ਅਤੇ 25,000 ਰੁਪਏ ਜੁਰਮਾਨਾ ਹੋ ਸਕਦਾ ਹੈ। ਸ਼ੇਰ ਜਾਂ ਹਾਥੀ ਮਾਰਨ 'ਤੇ ਵੀ ਇਹੋ ਸਜ਼ਾ ਰੱਖੀ ਗਈ ਹੈ।

-0-

**ਬਾਲ ਕਵਿਤਾ:**

# ਸਿਆਣੀ ਹਰਨੂਰ

**ਅਮਰੀਕ ਸਿੰਘ ਜੰਗਪੁਰਾ 98145-89721**

ਹਰਨੂਰ ਅਸਾਡੀ ਬਹੁਤ ਸਿਆਣੀ।
ਸਦਾ ਬੋਲਦੀ ਮਿੱਠੀ ਬਾਣੀ।
ਵੱਡਿਆਂ ਦਾ ਕਰਦੀ ਸਤਿਕਾਰ,
ਸਭ ਤੋਂ ਲੈਂਦੀ ਖ਼ੂਬ ਪਿਆਰ,
ਗੱਲਾਂ ਕਰਦੀ ਦਿਲ ਲੁਭਾਣੀ।
ਚਾਵਾਂ ਨਾਲ ਸਕੂਲੇ ਜਾਂਦੀ,
ਨਿੱਤ ਨਵਾਂ ਕੁਝ ਸਿੱਖ ਕੇ ਆਂਦੀ,
ਖ਼ੁਸ਼ ਇਸ ਤੋਂ ਸਾਡੇ ਘਰ ਦੀ ਢਾਣੀ।
ਬਸਤਾ ਆਪਣਾ ਸਾਂਭ ਕੇ ਰੱਖਦੀ,
'ਹੋਮ ਵਰਕ' ਤੋਂ ਕਦੇ ਨਾ ਅੱਕਦੀ,
ਪੜ੍ਹਦੀ ਹੈ ਜਿਉਂ ਪੀਂਦੀ ਪਾਣੀ।
ਪਹਿਨੇ ਜਦ ਲਹਿੰਗਾ-ਫੁਲਕਾਰੀ,
ਸਭਨਾਂ ਨੂੰ ਲੱਗਦੀ ਹੈ ਪਿਆਰੀ,
ਕੋਈ ਆਖੇ ਪਰੀਆਂ ਦੀ ਰਾਣੀ।
ਰਲ-ਮਿਲ ਖੇਡੇ ਬਾਲਾਂ ਨਾਲ,
ਹੱਸੇ-ਨੱਚੇ  ਪਾਏ ਧਮਾਲ,
ਭੁੱਲਦੀ ਨਾ ਪਰ 'ਚੀਜ਼ੀ' ਖਾਣੀ।
ਹਰਨੂਰ ਅਸਾਡੀ ਬਹੁਤ ਸਿਆਣੀ।
ਸਦਾ ਬੋਲਦੀ ਮਿੱਠੀ ਬਾਣੀ।

-0-

# ਅਨਮੋਲ ਬਚਨ

**ਬਲਵਿੰਦਰ ਜੀਤ ਕੌਰ**

- ❖ ਪ੍ਰੀਖਿਆ ਇਕ ਅਜਿਹੀ ਚੀਜ਼ ਹੈ, ਜੋ ਜ਼ਿੰਦਗੀ ਵਿਚ ਵਾਰ-ਵਾਰ ਮਿਲਦੀ ਹੈ।
- ❖ ਔਰਤ ਕਦੇ ਵੀ ਕਮਜ਼ੋਰ ਨਹੀਂ ਹੁੰਦੀ, ਸਗੋਂ ਮਜਬੂਰ ਹੁੰਦੀ ਹੈ।
- ❖ ਮਾਂ ਦੀ ਮਮਤਾ ਇਕ ਅਜਿਹੀ ਚੀਜ਼ ਹੈ, ਜਿਸ ਦੀ ਇਨਸਾਂ ਜ਼ਿੰਦਗੀ ਭਰ ਕੀਮਤ ਨਹੀਂ ਚੁਕਾ ਸਕਦਾ।
- ❖ ਜਿਥੇ ਔਰਤ ਦਾ ਆਦਰ ਨਹੀਂ ਹੁੰਦਾ, ਪਰਮਾਤਮਾ ਵੀ ਉਥੇ ਖ਼ੁਸ਼ ਨਹੀਂ ਹੁੰਦਾ।
- ❖ ਸੁੰਦਰਤਾ ਲਈ ਖ਼ੁਸ਼ੀ ਤੋਂ ਵੱਡਾ ਹੋਰ ਕੋਈ ਸ਼ਿੰਗਾਰ ਨਹੀਂ।

# ਲਿਬਾਸ ਅਤੇ ਗਹਿਣੇ


-ਡਾ. ਹਰਸ਼ਿੰਦਰ ਕੌਰ
ਐਮ.ਡੀ.
0175-2216783




ਖੋਜੀ ਵੀ ਕਈ ਵਾਰ ਕਮਾਲ ਦੇ ਤੱਥ ਲੱਭ ਲਿਆਉਂਦੇ ਹਨ। ਪੁਰਾਣੇ ਸਮਿਆਂ ਦੀਆਂ ਮਿਲੀਆਂ ਲਾਸ਼ਾਂ ਨਾਲ ਚੰਬੜੀਆਂ ਮਰ ਚੁੱਕੀਆਂ ਜੂੰਆਂ ਦਾ ਅਧਿਐਨ ਕੀਤਾ ਗਿਆ ਤਾਂ ਪਤਾ ਲੱਗਿਆ ਕਿ ਜਿਨ੍ਹਾਂ ਜੂੰਆਂ ਦੇ ਅੰਦਰ ਉਨ੍ਹਾਂ ਦੇ ਵੰਸ਼ਜਾਂ ਵੱਲੋਂ ਮਿਲਿਆ ਕਪੜੇ ਦਾ ਅੰਸ਼ ਲੱਭਿਆ, ਉਹ ਲਗਭਗ ਇੱਕ ਲੱਖ 70 ਹਜ਼ਾਰ ਸਾਲ ਪੁਰਾਣਾ ਹੈ।

ਇਸ ਤੋਂ ਇਹ ਤਾਂ ਅੰਦਾਜ਼ਾ ਹੋ ਗਿਆ ਕਿ ਬਾਂਦਰਾਂ ਤੋਂ ਉਪਜੇ ਮਨੁੱਖ ਨੇ ਆਪਣੇ ਆਪ ਨੂੰ ਘੱਟੋ ਘੱਟ ਠੰਡ ਤੋਂ ਬਚਾਉਣ ਲਈ ਕੋਈ ਉਪਾਅ ਤਾਂ ਲੱਭ ਹੀ ਲਿਆ ਸੀ।

ਇਹ ਵੀ ਮੰਨ ਲਿਆ ਗਿਆ ਹੈ ਕਿ ਇਹ ਪਹਿਲੇ ਮਨੁੱਖ ਅਫਰੀਕਾ ਦੇ ਇਲਾਕੇ ਵਿੱਚੋਂ ਸਨ। ਜਿਨ੍ਹਾਂ ਵਿਚ ਮਾੜੀ ਮੋਟੀ ਸੋਝੀ ਪੈਦਾ ਹੋਈ, ਉਹ ਪੱਤੇ ਅਤੇ ਝਾੜ ਫੂਸ ਨਾਲ ਆਪਣੇ ਢਿੱਡ ਹੇਠੋਂ ਅੱਧਾ ਕੁ ਧੜ ਕੱਜਣ ਲੱਗ ਪਏ ਜਿੱਥੇ ਲੱਗੀ ਸੱਟ ਬਹੁਤ ਜ਼ਿਆਦਾ ਪੀੜ ਕਰਦੀ ਸੀ। 'ਮੌਲੀਕਿਊਲਰ ਬਾਇਓਲੋਜੀ ਅਤੇ ਐਵੋਲਿਊਸ਼ਨ' ਜਰਨਲ ਵਿਚ ਛਪੀ ਇਹ ਖੋਜ ਬਹੁਤ ਕੁੱਝ ਸਪਸ਼ਟ ਕਰਦੀ ਹੈ ਕਿ ਕਿਵੇਂ ਹੌਲੀ ਹੌਲੀ ਬਹਾਦਰੀ ਵਿਖਾਉਣ ਲਈ ਸ਼ਿਕਾਰੀ ਆਪਣੇ ਸ਼ਿਕਾਰ ਦੀ ਚਮੜੀ ਕਮਰ ਦੁਆਲੇ ਬੰਨ੍ਹ ਲੈਂਦੇ ਤੇ ਗਲ ਦੁਆਲੇ ਹੱਡੀਆਂ ਪਿਰੋ ਕੇ ਰੱਖਦੇ। ਇਨ੍ਹਾਂ ਨੂੰ ਸ਼ਿੰਗਾਰਨ ਲਈ ਅਤੇ ਆਪਣੇ ਚਮੜੀ ਉੱਤੇ ਰਗੜ ਲੱਗਣ ਤੋਂ ਬਚਾਉਣ ਲਈ ਕਈ ਤਰ੍ਹਾਂ ਦੇ ਪੱਤੇ ਅਤੇ ਘਾਹ ਜਾਂ ਦਰਖਤ ਦੀ ਛਾਲ ਤੋਂ ਇਲਾਵਾ ਮਲੂਕ ਜਾਨਵਰਾਂ ਦੀ ਖੱਲ ਵੀ ਵਰਤੀ ਜਾਂਦੀ।

ਇਸ ਸਾਰੇ ਵਰਤਾਰੇ ਵਿਚ ਸ਼ਰਮ ਜਾਂ ਹਯਾ ਉੱਕਾ ਹੀ ਨਹੀਂ ਸੀ। ਸਿਰਫ਼ ਵਿਖਾਵਾ ਜਾਂ ਸੱਟ ਫੇਟ ਤੋਂ ਬਚਣ ਲਈ ਜਾਂ ਠੰਡ ਵਿਚ ਪੂਰਾ ਕੱਜ ਕੇ ਆਪਣਾ ਬਚਾਓ ਕਰਨ ਲਈ ਹੀ ਸਰੀਰ ਢਕਣ ਦੀ ਲੋੜ ਹੁੰਦੀ ਸੀ।

ਪੈਰਾਂ ਨੂੰ ਬਚਾਉਣ ਲਈ ਵੀ ਖੱਲ ਜਾਂ ਲੱਕੜਾਂ ਅਤੇ ਘਾਹ ਫੂਸ ਵਰਤਿਆ ਜਾਣ ਲੱਗ ਪਿਆ। ਜਿਸ ਨੂੰ ਕਿਸੇ ਔਰਤ ਨਾਲ ਪਿਆਰ ਹੁੰਦਾ, ਉਹ ਆਪਣੇ ਸ਼ਿਕਾਰ ਵਿੱਚੋਂ ਹੱਡੀਆਂ ਦੀ ਮਾਲਾ ਜਾਂ ਬਾਂਹ ਉੱਤੇ ਕੁੱਝ ਪਾਉਣ ਨੂੰ ਤੋਹਫ਼ੇ ਵਜੋਂ ਭੇਟ ਕਰ ਦਿੰਦਾ ਤੇ ਉਸ ਉੱਤੇ ਆਪਣੀ ਮਲਕੀਅਤ ਵੀ ਸਾਬਤ ਕਰ ਦਿੰਦਾ। ਇਹ ਤੋਹਫ਼ਾ ਪਛਾਣ ਦਾ ਕੰਮ ਵੀ ਦਿੰਦਾ ਕਿ ਕੋਈ ਹੋਰ ਉਸ ਉੱਤੇ ਅੱਖ ਨਾ ਰੱਖੇ।

ਫਿਰ ਦੌਰ ਸ਼ੁਰੂ ਹੋਇਆ ਗ਼ੁਲਾਮੀ ਦਾ, ਅਮੀਰੀ ਦਾ, ਰਾਜਿਆਂ ਦਾ! ਉਦੋਂ ਮਾਨਸਿਕਤਾ ਉੱਤੇ ਵਿਖਾਵਾ ਬਹੁਤ ਜ਼ਿਆਦਾ ਭਾਰੀ ਪੈ ਗਿਆ। ਜਿੱਥੇ ਇੱਕ ਪਾਸੇ ਮਹਿੰਗੇ ਕਪੜੇ, ਹੀਰੇ ਜਵਾਹਰਾਤ ਰਾਜਿਆਂ ਮਹਾਰਾਜਿਆਂ ਦੀ ਮਲਕੀਅਤ ਬਣ ਗਏ, ਉੱਥੇ ਗੁਲਾਮਾਂ ਦੇ ਪੈਰਾਂ ਵਿਚਲੀਆਂ ਬੇੜੀਆਂ, ਵਿੰਨ੍ਹੇ ਹੋਏ ਨੱਕ ਅਤੇ ਕੰਨ, ਨੱਚਣ ਵਾਲੀਆਂ ਦੇ ਪੈਰੀਂ ਘੁੰਗਰੂ, ਇੱਕ ਨੀਵੀਂ ਜਾਤ ਦੀ ਨਿਸ਼ਾਨੀ ਮੰਨ ਲਏ ਗਏ। ਜਿੰਨਾ ਜ਼ਿਆਦਾ ਪੈਸਾ, ਓਨੀ ਮਹਿੰਗੀ ਪੁਸ਼ਾਕ ਉੱਤੇ ਹੀਰੇ ਅਤੇ ਸੋਨੇ ਦੀਆਂ ਤਾਰਾਂ ਦਾ ਕੰਮ! ਸਿਰ ਉੱਤੇ ਸਜੇ ਤਾਜ ਵਿਚ ਵੀ ਮਹਿੰਗੇ ਹੀਰੇ ਜੜ੍ਹਨੇ ਸ਼ੁਰੂ ਹੋ ਗਏ।

ਹੋਰ ਲਾਲਸਾ ਵਧੀ ਤਾਂ ਸੌਣ ਵਾਲੇ ਪਲੰਘਾਂ, ਕੰਧਾਂ, ਦਰਵਾਜ਼ਿਆਂ ਉੱਤੇ ਵੀ ਸੋਨਾ ਥੱਪ ਦਿੱਤਾ ਗਿਆ। ਰਾਜਿਆਂ ਤੇ ਦਰਬਾਰੀਆਂ ਦੀਆਂ ਕੁਰਸੀਆਂ ਉੱਤੇ ਵੀ ਸੋਨਾ ਲੱਗ ਪਿਆ। ਫਿਰ ਪਲੇਟਾਂ, ਚਮਚ, ਗਿਲਾਸ ਵੀ ਸੋਨੇ ਚਾਂਦੀ ਦੇ ਹੋ ਗਏ। ਹਾਥੀ ਅਤੇ ਘੋੜਿਆਂ ਦੁਆਲੇ ਵੀ ਸੋਨੇ ਚਾਂਦੀ ਬੰਨ੍ਹੇ ਜਾਣ ਲੱਗੇ।

ਮਨੁੱਖੀ ਲਾਲਸਾ ਨੂੰ ਠੱਲ ਨਹੀਂ ਪਈ ਤੇ ਹੋਰਨਾਂ ਰਾਜਾਂ ਉੱਤੇ ਹੱਲਾ ਬੋਲ ਕੇ, ਬੇਕਸੂਰ ਲੋਕਾਂ ਦੀ ਜਾਨ ਲੈ ਕੇ ਦੂਜੇ ਰਾਜਾਂ ਦੀ ਜਾਇਦਾਦ ਵੀ ਖੋਹੀ ਜਾਣ ਲੱਗ ਪਈ ਕਿ ਖਜ਼ਾਨੇ ਹੋਰ ਭਰੇ ਜਾ ਸਕਣ। ਕੁੱਝ ਰਾਜਿਆਂ ਦੀ ਲਾਲਸਾ ਸਿਰਫ਼ ਖਜ਼ਾਨੇ ਤਕ ਸੀਮਤ ਨਾ ਰਹੀ ਬਲਕਿ ਔਰਤਾਂ ਵੀ ਚੁੱਕ ਕੇ ਲਿਆਉਣ ਵੱਲ ਜੁਟ ਗਏ। ਫਿਰ ਵੀ ਰੱਜ ਨਾ ਪਿਆ ਤਾਂ ਆਪਣਾ ਰਾਜ ਤਿਆਗ ਪੂਰੀ ਦੁਨੀਆ ਫਤਿਹ ਕਰਨ ਵੱਲ ਚਾਲੇ ਪਾ ਲਏ। ਲੁੱਟ ਖਸੁੱਟ ਕਰਦਿਆਂ ਅਣਗਿਣਤ ਰਾਜੇ ਵਾਪਸ ਆਪਣੇ ਰਾਜ ਵੱਲ ਪਹੁੰਚ ਹੀ ਨਾ ਸਕੇ ਤੇ ਰਾਹ ਵਿਚ ਹੀ ਮਾਰੇ ਗਏ। ਨਾ ਉਹ ਆਪਣੇ ਰਾਜ ਵਿਚਲੀ ਦੌਲਤ ਦਾ ਆਨੰਦ ਮਾਣ ਸਕੇ ਤੇ ਨਾ ਹੀ ਆਪਣੀ ਔਰਤ ਦਾ ਸਾਥ।

ਇਸ ਵਰਤਾਰੇ ਵਿਚ ਠੱਲ ਨਹੀਂ ਪਈ। ਹਰ ਅਗਲਾ ਰਾਜਾ ਪਿਛਲੇ ਤੋਂ ਵੱਧ ਤਾਕਤਵਰ ਤੇ ਵੱਧ ਅਮੀਰ ਬਣਨ ਵੱਲ ਤੁਰਦਾ ਹੀ ਦੁਨੀਆ ਤੋਂ ਕੂਚ ਕਰ ਗਿਆ। ਕਿਸੇ ਦਾ ਨਾਮੋ ਨਿਸ਼ਾਨ ਨਹੀਂ ਬਚਿਆ। ਮਹਿੰਗੇ ਲਿਬਾਸ ਅਤੇ ਹੀਰੇ ਜਵਾਹਰਾਤ ਲੁੱਟੇ ਗਏ ਜਾਂ ਮਿਊਜ਼ੀਅਮ ਦਾ ਸ਼ਿੰਗਾਰ ਬਣ ਗਏ।

ਜਿੰਨੀ ਵੱਧ ਕਿਸੇ ਰਾਜੇ ਦੀ ਲਾਲਸਾ ਹੁੰਦੀ, ਓਨਾ ਹੀ ਉਹ ਵੱਧ ਕਰੂਰ ਹੋ ਜਾਂਦਾ। ਉਸ ਨੂੰ ਗ਼ੁਲਾਮਾਂ ਅਤੇ ਬੰਦੀਆਂ ਉੱਤੇ ਅਣਮਨੁੱਖੀ ਤਸੀਹੇ ਦੇ ਕੇ ਮਾਰਨ ਨਾਲ ਆਨੰਦ ਮਹਿਸੂਸ ਹੁੰਦਾ। ਔਰਤਾਂ ਅਤੇ ਬੱਚਿਆਂ ਉੱਤੇ ਤਸ਼ੱਦਦ ਇਕ ਆਮ ਘਟਨਾ ਬਣ ਜਾਂਦੀ ਜੋ ਸਦੀਆਂ ਤੱਕ ਅੱਗੇ ਤੁਰਦਾ ਅੱਜ ਤਕ ਉਸੇ ਤਰ੍ਹਾਂ ਦਾ ਵਰਤਾਰਾ ਚੱਲ ਰਿਹਾ ਹੈ।

ਹੌਲੀ ਹੌਲੀ ਲੋਕ ਵੱਖੋ ਵੱਖ ਥਾਵਾਂ ਮਲ ਕੇ ਬਹਿ ਗਏ ਤੇ ਉੱਥੋਂ ਦੇ ਪਹਿਰਾਵੇ ਅਤੇ ਗਹਿਣਿਆਂ ਨੂੰ ਆਪਣੀ ਵੱਖਰੀ ਪਛਾਣ ਮੰਨ ਲਿਆ।

ਪੱਥਰ ਯੁਗ ਵਿਚ ਜਾਨਵਰਾਂ ਦੀਆਂ ਹੱਡੀਆਂ ਤੋਂ ਸ਼ੁਰੂ ਹੋਇਆ ਬਹਾਦਰੀ ਦੀ ਪਛਾਣ ਦਾ ਮੁੱਦਾ ਹੌਲੀ-ਹੌਲੀ ਰਾਜਸੀ ਮੁੰਦਰੀਆਂ ਦੀ ਪਛਾਣ ਦਾ ਆਧਾਰ ਬਣ ਗਿਆ। ਲਗਭਗ 25,000 ਸਾਲ ਪਹਿਲਾਂ ਹਾਥੀ ਦੰਦ, ਤਾਂਬਾ, ਚਾਂਦੀ, ਲੋਹਾ, ਪਿੱਤਲ ਆਦਿ ਵਰਤੇ ਜਾਂਦੇ ਰਹੇ। ਚਾਂਦੀ ਵਿਚ ਨੀਲੇ ਨਗ ਪਾਉਣੇ ਬਹੁਤ ਉੱਚ ਬਿਰਾਦਰੀ ਅਤੇ ਰਾਈਸੀ ਨੂੰ ਸਾਬਤ ਕਰਨ ਦੀ ਨਿਸ਼ਾਨੀ ਬਣਾ ਦਿੱਤੇ ਗਏ ਸਨ।

ਇੱਕ ਲੱਖ 30 ਹਜ਼ਾਰ ਸਾਲ ਪਹਿਲਾਂ ਨੈਂਡਰਥਲ ਵੱਲੋਂ ਜਾਨਵਰਾਂ ਦੇ ਦੰਦ, ਸਮੁੰਦਰੀ ਜੀਵਾਂ ਦੇ ਸ਼ੈੱਲ, ਬਾਜ਼ ਦੀ ਚੁੰਝ ਆਦਿ, ਤੋਂ ਬਣਾਏ ਗਏ ਗਲੇ ਦੇ ਹਾਰ ਤੇ ਬਾਹਵਾਂ ਦੇ ਕੜੇ ਲੱਭੇ ਜਾ ਚੁੱਕੇ ਹਨ।

ਹੌਲੀ-ਹੌਲੀ ਈਜਿਪਟ ਦੇ ਲੋਕਾਂ ਨੇ ਭੂਤ ਪ੍ਰੇਤਾਂ ਤੋਂ ਬਚਣ ਲਈ ਇਹੋ ਚੀਜ਼ਾਂ ਦੁਬਾਰਾ ਵਰਤਣੀਆਂ ਸ਼ੁਰੂ ਕਰ ਦਿੱਤੀਆਂ। ਕਮਾਲ ਤਾਂ ਇਹ ਹੈ ਕਿ ਇੱਕੀਵੀਂ ਸਦੀ ਵਿਚ ਉਸੇ ਤਰ੍ਹਾਂ ਦੀਆਂ ਚੀਜ਼ਾਂ ਦਾ ਫਿਰ ਫੈਸ਼ਨ ਉਭਰਦਾ ਵੇਖਿਆ ਗਿਆ ਹੈ ਜਿੱਥੇ ਫੈਸ਼ਨ ਦੇ ਮਹਾਰਥੀਆਂ ਨੇ ਘਾਹ ਪੱਤੀਆਂ ਦੇ ਕਪੜੇ ਅਤੇ ਖੋਪੜੀ ਦੀ ਸ਼ਕਲ ਦੇ ਲੋਹੇ ਤੇ ਚਾਂਦੀ ਦੇ ਗਹਿਣੇ ਬਣਾ ਦਿੱਤੇ ਹਨ ਜਿਨ੍ਹਾਂ ਨੂੰ ਚੋਟੀ ਦੇ ਅਮੀਰ ਲੋਕ ਪਾ ਕੇ ਤੁਰਦੇ ਵੇਖੇ ਗਏ ਹਨ।

ਇੱਕ ਵੇਲਾ ਅਜਿਹਾ ਵੀ ਆਇਆ ਜਿੱਥੇ ਔਰਤ ਨੂੰ ਕਪੜਿਆਂ ਨਾਲ ਪੂਰੀ ਤਰ੍ਹਾਂ ਢੱਕ ਕੇ ਪਰਦੇ ਪਿੱਛੇ ਡੱਕ ਦਿੱਤਾ ਗਿਆ। ਇਹ ਮਰਦ ਪ੍ਰਧਾਨ ਸਮਾਜ ਦੀ ਪਹਿਲੀ ਜਿੱਤ ਸੀ। ਔਰਤ ਨੇ ਵੇਲੇ ਕੁਵੇਲੇ ਬਗ਼ਾਵਤ ਕੀਤੀ ਜਿਹੜੀ ਕੁਚਲ ਦਿੱਤੀ ਗਈ। ਫਿਰ ਹੌਲੀ ਹੌਲੀ ਬਦਲਾਓ ਸ਼ੁਰੂ ਹੋਇਆ ਤੇ ਹੁਣ ਦੁਨੀਆ ਦੇ ਕਈ ਹਿੱਸਿਆਂ ਵਿਚ ਪਰਦਾ ਸਿਸਟਮ ਉੱਕਾ ਹੀ ਖ਼ਤਮ ਹੋ ਚੁੱਕਿਆ ਹੈ।

ਧਰਮ ਨੇ ਵੀ ਪਹਿਰਾਵੇ ਉੱਤੇ ਡੂੰਘਾ ਅਸਰ ਛੱਡਿਆ। ਧਰਮ ਦੇ ਚਿੰਨ੍ਹ, ਲਿਬਾਸ ਆਦਿ ਨੇ ਵੀ ਵੱਖ ਪਛਾਣ ਕਾਇਮ ਕੀਤੀ ਜਿੱਥੇ ਧਾਰਮਿਕ ਆਗੂਆਂ ਨੇ ਔਰਤ ਉੱਤੇ ਕਈ ਬੰਦਸ਼ਾਂ ਲਾਗੂ ਕਰ ਦਿੱਤੀਆਂ।

ਧਰਮ, ਜਾਤ-ਪਾਤ, ਸੱਭਿਅਤਾ, ਗੱਲ ਕੀ ਹਰ ਕਿਸੇ ਨੇ ਲਿਬਾਸ ਅਤੇ ਗਹਿਣਿਆਂ ਉੱਤੇ ਛਾਪ ਛੱਡੀ। ਤਿਉਹਾਰਾਂ ਦੇ ਕਪੜੇ ਤੇ ਗਹਿਣੇ, ਰਸਮਾਂ ਰਿਵਾਜ਼ਾਂ, ਦਾਜ, ਵਿਆਹ, ਮੌਤ, ਸਭ ਕੁੱਝ ਲਈ ਜੁੱਤੀਆਂ, ਪਹਿਰਾਵੇ, ਗਹਿਣੇ ਵੱਖ ਕਰ ਦਿੱਤੇ ਗਏ। ਕਿਸੇ ਥਾਂ ਉੱਤੇ ਵਿਆਹ ਵੇਲੇ ਦੇ ਕਪੜੇ ਔਰਤਾਂ ਲਈ ਚਿੱਟੇ, ਕਿਤੇ ਲਾਲ ਹੋ ਗਏ। ਕਿਸੇ ਥਾਂ ਮੌਤ ਉੱਤੇ ਚਿੱਟੇ ਜਾਂ ਕਾਲੇ ਹੋ ਗਏ। ਹੁਣ ਤੱਕ ਇਸ਼ਤਿਹਾਰਬਾਜ਼ੀ ਰਾਹੀਂ ਔਰਤਾਂ ਤੇ ਬੱਚੇ ਵੱਖੋ ਵੱਖਰੇ ਫੈਸ਼ਨਾਂ ਵਿਚ ਭਰਮਾਏ ਜਾਂਦੇ ਰਹੇ ਪਰ ਹੁਣ ਮਰਦਾਂ ਲਈ ਵੀ ਟਾਈ, ਪੈਂਟ, ਪਜਾਮਾ, ਕੁਰਤਾ, ਧੋਤੀ, ਨਿੱਕਰ, ਸ਼ਰਟ, ਰੁਮਾਲ, ਬੂਟ, ਗਹਿਣੇ, ਜੁੱਤੀਆਂ ਬਣਾ ਦਿੱਤੇ ਗਏ ਹਨ। ਕੰਨਾਂ ਦੀਆਂ ਮੁਰਕੀਆਂ, ਗੁੱਟ ਦੇ ਕੜੇ, ਗਲ ਦੇ ਮੋਟੇ ਹਾਰ ਤੇ ਹਰ ਉਂਗਲ ਲਈ ਮੁੰਦਰੀਆਂ ਹੁਣ ਤਰ੍ਹਾਂ ਤਰ੍ਹਾਂ ਦੇ ਮਰਦਾਂ ਦੇ ਸਰੀਰਾਂ ਉੱਤੇ ਵੀ ਸੁਸ਼ੋਭਿਤ ਲੱਭਦੀਆਂ ਹਨ।

ਖ਼ਰੀਦੋ ਫ਼ਰੋਖ਼ਤ ਵਧਾਉਣ ਲਈ ਅਜੀਬੋ-ਗਰੀਬ ਫੈਸ਼ਨ, ਵਾਲਾਂ ਦੇ

ਸਟਾਈਲ, ਚੱਪਲਾਂ, ਜੁੱਤੀਆਂ, ਸੈਂਡਲ, ਬੂਟ, ਖੜਾਵਾਂ ਤੇ ਦੂਜੇ ਪਾਸੇ ਮੱਝ ਦੇ ਗਲੇ ਦੇ ਸੰਗਲ ਜਿੰਨੇ ਮੋਟੇ ਹਾਰਾਂ ਤੋਂ ਲੈ ਕੇ ਮਹੀਨ ਚੇਨ ਵਿਚ ਇੱਕੋ ਵੱਡਾ ਹੀਰਾ ਜਾਂ ਖੰਭਾਂ ਤੋਂ ਬਣੇ ਕਾਂਟੇ, ਫੁੱਲਾਂ ਦੇ ਹਾਰ ਤੱਕ ਅਣਗਿਣਤ ਫੈਸ਼ਨ ਇਸ ਵੇਲੇ ਚੱਲ ਰਹੇ ਹਨ। ਕਪੜਿਆਂ ਦੇ ਡੀਜ਼ਾਈਨ ਤਾਂ ਹੱਦਾਂ ਪਾਰ ਕਰ ਚੁੱਕੇ ਹਨ। ਨੰਗੇਜ਼ ਹੁਣ ਇਕ ਫੈਸ਼ਨ ਬਣ ਕੇ ਉਭਰ ਰਿਹਾ ਹੈ।

ਔਰਤ ਦੀ ਨਿਸ਼ਾਨਦੇਹੀ ਕਰਨ ਲਈ ਉਸ ਨੂੰ ਵਿਆਹ ਤੋਂ ਪਹਿਲਾਂ ਤੇ ਬਾਅਦ ਦਾ ਦੂਰੋਂ ਪਤਾ ਲਾਉਣ ਲਈ ਚੂੜਾ, ਸੁਰਖੀ, ਜ਼ੇਵਰ, ਮਹਿੰਦੀ, ਕਪੜਿਆਂ ਵਿਚਲਾ ਫਰਕ, ਸੰਧੂਰ, ਬਿੰਦੀ ਆਦਿ ਲਾਜ਼ਮੀ ਕਰ ਦਿੱਤੇ ਗਏ ਜਿਸ ਨੂੰ ਔਰਤਾਂ ਨੇ ਸੌਖਿਆਂ ਹੀ ਅਪਨਾ ਲਿਆ। ਹਰ ਤਬਦੀਲੀ ਔਰਤ ਲਈ ਮਰਦ ਨੂੰ ਰਿਝਾਉਣ, ਉਸ ਦੀ ਉਮਰ ਲੰਮੀ ਕਰਨ, ਉਸ ਦੀ ਸੇਵਾ ਕਰਨ, ਫਿਰ ਪੁੱਤਰ ਜੰਮਣ ਲਈ ਵਰਤ ਰੱਖਣ ਆਦਿ ਤੋਂ ਲੈ ਕੇ ਹਰ ਤਰ੍ਹਾਂ ਦੇ ਤਿਉਹਾਰ, ਮੌਸਮ ਜਾਂ ਕਿਸੇ ਖ਼ਾਸ ਪ੍ਰੋਗਰਾਮ ਲਈ ਤਿਆਰ ਹੋਣ ਦੇ ਵੱਖਰੇ ਕਪੜੇ ਤੇ ਜ਼ੇਵਰ ਤਿਆਰ ਹੋ ਗਏ।

ਜਦੋਂ ਇਹੀ ਮਹਿੰਗੇ ਗਹਿਣੇ ਅਤੇ ਕਪੜੇ ਦਾਜ ਦਾ ਰੂਪ ਇਖ਼ਤਿਆਰ ਕਰ ਗਏ ਤਾਂ ਅਣਗਿਣਤ ਔਰਤਾਂ ਮੌਤ ਦੇ ਮੂੰਹ ਗਈਆਂ ਤੇ ਬੇਅੰਤ ਮਾਪੇ ਕਰਜ਼ਈ ਹੋ ਕੇ ਸੜਕਾਂ ਉੱਤੇ ਆ ਗਏ ਜਾਂ ਖ਼ੁਦਕੁਸ਼ੀ ਕਰ ਗਏ।

ਇਸ ਸਭ ਦੇ ਬਾਵਜੂਦ ਰਿਵਾਜ਼ਾਂ ਵਿਚ ਉੱਕਾ ਹੀ ਕੋਈ ਫ਼ਰਕ ਨਾ ਪਿਆ। ਸਗੋਂ ਇਸ ਵਿਚ ਦੇਣ ਲੈਣ ਹਰ ਸਦੀ ਨਵੀਆਂ ਦਿਸਹੱਦਾਂ ਤੈਅ ਕਰਦਾ ਰਿਹਾ।

ਪੱਛਮੀ ਸੱਭਿਅਤਾ ਦਾ ਏਨਾ ਡੂੰਘਾ ਪ੍ਰਭਾਵ ਚੁਫ਼ੇਰੇ ਵੇਖਣ ਨੂੰ ਮਿਲ ਰਿਹਾ ਹੈ ਕਿ ਹੁਣ ਦੁਨੀਆ ਦੇ ਹਰ ਕੋਨੇ ਵਿਚ ਉਹ ਪਹਿਰਾਵਾ ਵੇਖਿਆ ਜਾ ਸਕਦਾ ਹੈ। ਇੰਜ ਵੱਖੋ ਵੱਖਰੇ ਪਹਿਰਾਵੇ ਅਤੇ ਸੱਭਿਅਤਾਵਾਂ ਨਾਲ ਜੁੜੇ ਜ਼ੇਵਰ ਹੌਲੀ-ਹੌਲੀ ਲੋਪ ਹੋਣ ਵੱਲ ਤੁਰ ਪਏ ਹਨ।

ਜਿੱਥੋਂ ਮਨੁੱਖ ਸ਼ੁਰੂ ਹੋਇਆ ਸੀ, ਹੁਣ ਤਾਂ ਦੁਨੀਆਂ ਦੇ ਕਈ ਹਿੱਸਿਆਂ ਵਿਚ ਉਸੇ ਤਰ੍ਹਾਂ ਬਿਨਾਂ ਕਪੜਿਆਂ ਦੇ ਘੁੰਮ ਕੇ ਲੋਕ ਆਪਣੇ ਆਪ ਨੂੰ ਅਗਾਂਹਵਧੂ ਸਾਬਤ ਕਰਨ ਲੱਗੇ ਹੋਏ ਹਨ। ਇੰਗਲੈਂਡ ਵਿਚਲੀ ਮਸ਼ਹੂਰ ਨਿਰਵਸਤਰ ਸਾਈਕਲ ਰੇਸ, ਨਿਊਡ ਬੀਚ, ਨਿਰਵਸਤਰ ਪਾਰਟੀਆਂ, ਨਿਰਵਸਤਰ ਡਾਂਸ ਆਦਿ, ਅਨੇਕ ਚੀਜ਼ਾਂ ਬਹੁਤ ਮਸ਼ਹੂਰ ਹੋ ਚੁੱਕੀਆਂ ਹਨ।

**ਕੁੱਝ ਮਜ਼ੇਦਾਰ ਤੱਥ :-**

1. ਦੁਨੀਆ ਵਿਚਲਾ ਪਹਿਲਾ ਸਾਬਤ ਸੂਰਤ ਮਹੀਨ ਲਿਨਨ ਦਾ ਖ਼ੂਬਸੂਰਤ ਜ਼ਨਾਨਾ ਕਮੀਜ਼, ਜਿਸ ਨੂੰ 'ਤਰਖਨ ਡਰੈੱਸ'' ਕਿਹਾ ਜਾਂਦਾ ਹੈ, ਲਗਭਗ 5000 ਸਾਲ ਪੁਰਾਣਾ ਬਣਿਆ ਹੋਇਆ ਹੈ। ਇਸ ਨੂੰ ਈਜਿਪਟ ਦੇ ਕਾਇਰੋ ਵਿਚਲੀ ਇਕ ਕਬਰ ਵਿੱਚੋਂ ਸੰਨ 1913 ਵਿਚ ਕੱਢਿਆ ਗਿਆ।

2. ਪੁਰਾਣੀਆਂ ਵਾਹੀਆਂ ਤਸਵੀਰਾਂ ਵਿਚ ਨਿੱਕੇ ਮੁੰਡਿਆਂ ਨੂੰ ਕੁੜੀਆਂ ਵਰਗੀਆਂ ਲੰਮੀਆਂ ਫਰਾਕਾਂ ਪਾਈਆਂ ਵੇਖਿਆ ਜਾ ਸਕਦਾ ਹੈ। ਇਹ ਦਰਅਸਲ ਉਦੋਂ ਤੱਕ ਪਾਈਆਂ ਜਾਂਦੀਆਂ ਸਨ ਜਦ ਤਕ ਬੱਚਾ ਆਪ ਮਲ-ਮੂਤਰ ਕਰਨਾ ਸਿੱਖ ਨਹੀਂ ਸੀ ਜਾਂਦਾ। ਸੋ ਤੇੜੋਂ ਨੰਗਾ ਹੀ ਰੱਖਿਆ ਜਾਂਦਾ ਸੀ ਕਿ ਕਪੜੇ ਵਾਰ ਵਾਰ ਬਦਲਣੇ ਨਾ ਪੈਣ।

3. ਭਾਰਤ ਵਿਚ ਕਪਾਹ ਉਗਾਏ ਜਾਣ ਅਤੇ ਉਸ ਤੋਂ ਰੂੰ ਦੇ ਕਪੜੇ ਬਣਾਏ ਜਾਣ ਬਾਰੇ ਹੜੱਪਾ ਸਮੇਂ ਤੋਂ ਹੀ ਜ਼ਿਕਰ ਮਿਲਦਾ ਹੈ। ਇੰਡਸ ਸੱਭਿਅਤਾ ਵਿਚ ਵੀ ਇਸ ਦਾ ਜ਼ਿਕਰ ਹੈ। ਈਸਾ ਮਸੀਹ ਤੋਂ 2500 ਸਾਲ ਪਹਿਲਾਂ ਦੇ ਬਣੇ ਕਪੜੇ ਲੱਭੇ ਜਾ ਚੁੱਕੇ ਹਨ। ਮਹੀਨ ਬੁਣਤੀ ਅਤੇ ਕਮਾਲ ਦੇ ਡੀਜ਼ਾਈਨ ਇੱਥੋਂ ਦੀ ਅਗਾਂਹਵਧੂ ਕਾਰੀਗਰੀ ਦਾ ਸਬੂਤ ਹਨ। ਬੇਅੰਤ ਰੇਸ਼ਮੀ ਕਪੜੇ ਵੀ ਇੱਥੋਂ ਦੇ ਅਮੀਰ ਲੋਕ ਪਾਉਂਦੇ ਰਹੇ ਹਨ।

4. ਰਿਗ ਵੇਦ ਵਿਚ ਈਸਾ ਮਸੀਹ ਤੋਂ ਲਗਭਗ ਤਿੰਨ ਹਜ਼ਾਰ ਸਾਲ ਪਹਿਲਾਂ ਤੋਂ ਹੀ ਭਾਰਤ ਵਿਚ ਸਾੜੀ ਵਰਗੇ ਕਪੜੇ ਦੇ ਲਪੇਟਣ ਦਾ ਜ਼ਿਕਰ ਹੈ ਤੇ ਅਜਿਹੀਆਂ ਅਣਗਿਣਤ ਘੜੀਆਂ ਹੋਈਆਂ ਮੂਰਤੀਆਂ ਵੇਖੀਆਂ ਜਾ ਸਕਦੀਆਂ ਹਨ। ਪਹਿਲੀ ਸਦੀ ਦੇ ਮੂਰਤੀਕਾਰਾਂ ਨੇ ਉੱਪਰਲਾ ਧੜ ਨਿਰਵਸਤਰ ਰੱਖ ਹੇਠਲੇ ਧੜ ਦੀਆਂ ਕਮਾਲ ਦੀ ਕਾਰੀਗਰੀ ਵਾਲੀਆਂ ਛੋਟੀਆਂ ਸਾੜੀਆਂ ਪੱਥਰਾਂ ਵਿਚ ਘੜੀਆਂ ਪਈਆਂ ਹਨ।

5. ਪਹਿਲੀ ਵਾਰ ਖੁੱਲੀਆਂ ਪੈਂਟਾਂ ਪਾਉਣ ਦਾ ਰਿਵਾਜ਼ ਪੁਰਸ਼ਾਂ ਵਿਚ ਈਸਾ ਮਸੀਹ ਤੋਂ ਇਕ ਹਜ਼ਾਰ ਸਾਲ ਪਹਿਲਾਂ ਤੋਂ ਲੱਭਿਆ ਗਿਆ ਹੈ। ਇਸ ਦੀਆਂ ਪੁਰਾਣੀਆਂ ਤਸਵੀਰਾਂ ਲੱਭੀਆਂ ਜਾ ਚੁੱਕੀਆਂ ਹਨ। ਉਸ ਤੋਂ ਪਹਿਲਾਂ ਲੰਮਾ ਗਾਊਨ ਜਾਂ ਲੰਮੀ ਕਮੀਜ਼ ਹੀ ਪਾਈ ਲੱਭਦੀ ਹੈ।

6. ਔਰਤਾਂ ਵੱਲੋਂ ਪੈਂਟਾਂ ਪਾਉਣ ਦਾ ਜ਼ਿਕਰ ਪਹਿਲੀ ਵਿਸ਼ਵ ਜੰਗ ਸਮੇਂ ਮਿਲਦਾ ਹੈ ਜਦੋਂ ਉਨ੍ਹਾਂ ਨੇ ਪੁਰਸ਼ਾਂ ਦੀ ਭੂਮਿਕਾ ਅਪਨਾ ਕੇ ਦੌੜ ਭੱਜ ਕਰਨ ਦਾ ਜ਼ਿੰਮਾ ਚੁੱਕਿਆ ਸੀ। ਉਦੋਂ ਇਹ ਪਹਿਰਾਵਾ ਉਨ੍ਹਾਂ ਨੂੰ ਪਾਉਣਾ ਆਸਾਨ ਜਾਪਿਆ।

7. ਨਿੱਕੀਆਂ ਬੇਟੀਆਂ, ਜੋ ਝੱਗਿਆਂ ਜਾਂ ਪੁਰਾਣੇ ਕਪੜਿਆਂ ਨੂੰ ਕੱਟ ਵੱਢ ਕੇ ਬਣਾਈਆਂ ਨਿੱਕੀਆਂ ਫਰਾਕਾਂ ਵਰਗੀਆਂ ਡਰੈੱਸਾਂ ਪਾ ਕੇ ਘੁੰਮਦੀਆਂ ਹੁੰਦੀਆਂ ਸਨ, ਲਈ ਅਕਤੂਬਰ 2009 ਵਿਚ ਇਕਦਮ ਦਸ ਲੱਖ ਵੱਖੋ ਵੱਖ ਤਰ੍ਹਾਂ ਦੀਆਂ ਖ਼ੂਬਸੂਰਤ ਡਰੈੱਸਾਂ 81 ਮੁਲਕਾਂ ਵਿਚ ਪਹੁੰਚਾ ਦਿੱਤੀਆਂ ਗਈਆਂ ਜਿਸ ਨੇ ਕੁੜੀਆਂ ਲਈ ਇਕ ਨਵੀਂ ਦੁਨੀਆ ਹੀ ਸਿਰਜ ਦਿੱਤੀ। ਇਹ ਵਰਤਾਰਾ ਹੁਣ ਤੱਕ ਜਾਰੀ ਹੈ ਅਤੇ ਇਹ ਕਾਰੋਬਾਰ ਖ਼ਰਬਾਂ ਤੱਕ ਅਪੜ ਚੁੱਕਿਆ ਹੈ। ਨਵਜੰਮੀ ਬੱਚੀ ਦੀ ਹਰ ਨਿੱਕੀ ਤੋਂ ਨਿੱਕੀ ਚੀਜ਼ ਏਨੀ ਮਹਿੰਗੀ ਤੇ ਹਰ ਘਰ ਲਈ ਲਾਜ਼ਮੀ ਵਿਖਾ ਦਿੱਤੀ ਗਈ ਹੈ ਕਿ ਉਨ੍ਹਾਂ ਲਈ ਵੱਖ ਹੀ ਸੰਸਾਰ ਸਿਰਜਿਆ ਜਾਪਦਾ ਹੈ।

**ਲੋਕ ਗੀਤ ਅਤੇ ਗਹਿਣੇ :-**

ਪੰਜਾਬ ਵਿਚਲੇ ਲੋਕ ਗੀਤਾਂ ਵਿਚ ਗਹਿਣੇ, ਕਪੜੇ, ਪਰਾਂਦਾ ਅਤੇ ਜੁੱਤੀਆਂ ਦਾ ਅਨੇਕ ਵਾਰ ਜ਼ਿਕਰ ਕੀਤਾ ਮਿਲਦਾ ਹੈ। ਜੁੱਤੀ ਕਸੂਰੀ, ਪੈਰੀਂ ਨਾ ਪੂਰੀ; ਇੱਕ ਕੈਂਠੇ ਵਾਲਾ ਆ ਗਿਆ ਪ੍ਰਾਹੁਣਾ ਨੀ ਮਾਏ ਤੇਰੇ ਕੰਮ ਲਮਕੇ; ਮੇਰੀ ਗੁੱਤ ਦਾ ਪਰਾਂਦਾ ਮੇਰੇ ਸੱਜਣਾ ਨੇ ਆਂਦਾ; ਵਰਗੇ ਅਣਗਿਣਤ ਬੋਲ ਕੰਨਾਂ ਵਿਚ ਸਰੂਰ ਭਰਦੇ ਰਹਿੰਦੇ ਹਨ।

ਅੰਤ ਵਿਚ ਇਕ ਸ਼ਬਦ ਦਾ ਜ਼ਿਕਰ ਕਰਨਾ ਜ਼ਰੂਰੀ ਹੈ।

ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨਣਹਾਰੁ ॥
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥
ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥ (468)

ਜੇ ਗੁਰੂ ਨਾਨਕ ਦੇਵ ਜੀ ਦੀ ਸਮਝਾਈ ਏਨੀ ਕੁ ਗੱਲ ਪੱਲੇ ਬੰਨ੍ਹ ਲਈਏ ਕਿ ਮਹਿਲ ਮਾੜੀਆਂ ਤੇ ਉਨ੍ਹਾਂ ਵਿਚ ਵੱਸਣ ਵਾਲੇ ਵੀ ਛਲ ਹੀ ਹੁੰਦੇ ਹਨ। ਸੋਨਾ, ਚਾਂਦੀ ਅਤੇ ਇਨ੍ਹਾਂ ਨੂੰ ਪਹਿਨਣ ਵਾਲੇ ਵੀ ਭਰਮ ਰੂਪ ਹੀ ਹਨ। ਇਹ ਸਰੀਰਕ ਆਕਾਰ, ਸੋਹਣੇ ਕਪੜੇ ਅਤੇ ਬੇਅੰਤ ਸੋਹਣਾ ਰੂਪ ਵੀ ਛਲ ਹੀ ਹਨ।

ਇਨ੍ਹਾਂ ਦੇ ਮੋਹ ਵਿਚ ਇਨਸਾਨ ਭੁੱਲ ਹੀ ਗਿਆ ਹੈ ਕਿ ਉਹ ਨਾਸਵੰਤ ਹੈ।

ਜੇ ਏਨੀ ਕੁ ਗੱਲ ਹੀ ਸਮਝ ਜਾਈਏ ਤਾਂ ਸਭ ਝਗੜੇ-ਲੜਾਈਆਂ, ਮਾਰ-ਧਾੜ ਖ਼ਤਮ ਹੋ ਸਕਦੀ ਹੈ। ਕੋਈ ਵਾਧੂ ਮਾਇਆ ਜਾਂ ਸੋਨਾ, ਚਾਂਦੀ, ਹੀਰਿਆਂ ਪਿੱਛੇ ਆਪਣਾ ਜਨਮ ਕੌਡੀਆਂ ਦੇ ਭਾਅ ਜ਼ਾਇਆ ਨਹੀਂ ਕਰੇਗਾ ਤੇ ਨਾ ਹੀ ਲੁੱਟ ਖਸੁੱਟ ਕਰਨ ਵੱਲ ਧਿਆਨ ਦੇਵੇਗਾ।

ਭਗਤ ਕਬੀਰ ਜੀ ਨੇ ਤਾਂ ਸਮਝਾਉਣ ਵਿਚ ਕੋਈ ਕਸਰ ਨਹੀਂ ਛੱਡੀ- ਲੰਕਾ ਗਢੁ ਸੋਨੇ ਕਾ ਭਇਆ ॥ ਮੂਰਖੁ ਰਾਵਨੁ ਕਿਆ ਲੇ ਗਇਆ ॥ (1158)

ਲੰਕਾ ਦਾ ਕਿਲਾ ਸੋਨੇ ਦਾ ਬਣੇ ਹੋਣ ਦੇ ਬਾਵਜੂਦ ਅਤੇ ਅਨੇਕ ਹਾਥੀ ਬੱਝੇ ਹੋਣ ਦੇ ਬਾਵਜੂਦ ਉਨ੍ਹਾਂ ਵਿੱਚੋਂ ਕੁੱਝ ਵੀ ਰਾਵਣ ਨਾਲ ਨਹੀਂ ਲੈ ਕੇ ਜਾ ਸਕਿਆ। ਉਨ੍ਹਾਂ ਨੂੰ ਤਾਂ ਕੀ, ਉਹ ਤਾਂ ਆਪਣਾ ਸਰੀਰ ਵੀ ਨਾਲ ਨਹੀਂ ਲਿਜਾ ਸਕਿਆ। ਧਨ ਉੱਤੇ ਮਾਣ ਕਰਨ ਵਾਲਾ ਬੰਦਾ ਜੁਆਰੀਏ ਵਾਂਗ ਸਭ ਏਥੇ ਹੀ ਹਾਰ ਕੇ ਜਾਂਦਾ ਹੈ। ਜੇ ਹਾਲੇ ਵੀ ਸਮਝ ਨਹੀਂ ਆ ਰਹੀ ਤਾਂ ਭਗਤ ਨਾਮਦੇਵ ਜੀ ਦੀ ਵੀ ਕਹੀ ਇਹੋ ਗੱਲ ਸੁਣ ਲਵੋ -

ਸਰਬ ਸੋਇਨ ਕੀ ਲੰਕਾ ਹੋਤੀ, ਰਾਵਨ ਸੇ ਅਧਿਕਾਈ ॥
ਕਹਾ ਭਇਓ ਦਰਿ ਬਾਂਧੇ ਹਾਥੀ, ਖਿਨ ਮਹਿ ਭਈ ਪਰਾਈ ॥ (693)

ਰਾਵਣ ਵਰਗੇ ਰਾਜੇ ਦੀ ਲੰਕਾ ਸਾਰੀ ਹੀ ਸੋਨੇ ਦੀ ਸੀ। ਮਹਿਲਾਂ ਦੇ ਦਰਵਾਜ਼ੇ ਤੇ ਹਾਥੀ ਬੱਝੇ ਖਲੋਤੇ ਸੀ ਪਰ ਅਖ਼ੀਰ ਕੀ ਨਾਲ ਲੈ ਗਿਆ? ਸਭ ਕੁੱਝ ਪਲ ਵਿਚ ਹੀ ਉਸ ਲਈ ਪਰਾਇਆ ਹੋ ਗਿਆ।

ਕਾਸ਼ ਹੁਣ ਇਹ ਸਮਝ ਸਾਨੂੰ ਸਭ ਨੂੰ ਛੇਤੀ ਤੋਂ ਛੇਤੀ ਆ ਜਾਵੇ। ਆਮੀਨ!!

-0-



# ਭ੍ਰਿਸ਼ਟਾਚਾਰ

–ਨਰਿੰਦਰ ਸਿੰਘ ਕਪੂਰ

ਭੈੜੇ ਵਰਤਾਰਿਆਂ ਬਾਰੇ ਚੰਗੀਆਂ ਗੱਲਾਂ ਕਰਨੀਆਂ ਸੰਭਵ ਨਹੀਂ ਹੁੰਦੀਆਂ। ਭ੍ਰਿਸ਼ਟਾਚਾਰ ਇਸ ਲਈ ਭੈੜਾ ਹੈ ਕਿਉਂਕਿ ਇਸ ਦੇ ਪੱਖ ਵਿਚ ਇਕ ਵੀ ਦਲੀਲ ਨਹੀਂ ਦਿੱਤੀ ਜਾ ਸਕਦੀ। ਇਹ ਕਾਲਖ ਦਾ ਖੂਹ ਹੈ, ਇਹ ਡਿੱਗਦੀ ਹੋਈ ਦੀਵਾਰ ਦੀ ਛਾਂ ਹੈ। ਕਿਸੇ ਪ੍ਰਕਾਰ ਦੀ ਤਾਕਤ ਲਈ ਤਾਂਘਣਾ ਭ੍ਰਿਸ਼ਟਾਚਾਰ ਹੈ। ਤਾਕਤ ਮਨੁੱਖ ਨੂੰ ਇਸ ਕਰਕੇ ਭ੍ਰਿਸ਼ਟ ਬਣਾਉਂਦੀ ਹੈ, ਕਿਉਂਕਿ ਤਾਕਤ ਦੀ ਦੁਰਵਰਤੋਂ ਕਰਕੇ, ਮਨੁੱਖ ਵਿਚ ਆਪਣਿਆਂ ਨੂੰ ਨਾਜਾਇਜ਼ ਲਾਭ ਪਹੁੰਚਾਉਣ ਅਤੇ ਦੂਜਿਆਂ ਦਾ ਨੁਕਸਾਨ ਕਰਨ ਦੀ ਸਮਰੱਥਾ ਵੱਧ ਜਾਂਦੀ ਹੈ। ਭਾਵੇਂ ਭ੍ਰਿਸ਼ਟਾਚਾਰ ਦੇ ਸੈਂਕੜੇ ਰੂਪ ਹਨ ਪਰ ਇਸ ਦਾ ਮੁੱਢਲਾ ਰੂਪ ਰਿਸ਼ਵਤ ਜਾਂ ਕਮਿਸ਼ਨ ਲੈਣਾ ਹੁੰਦਾ ਹੈ।ਇਨ੍ਹਾਂ ਨਾਜਾਇਜ਼ ਸਾਧਨਾਂ ਨਾਲ ਭ੍ਰਿਸ਼ਟ ਵਿਅਕਤੀ ਕੋਲ ਚਮਕੀਲੀਆਂ ਚੀਜ਼ਾਂ ਦੀ ਆਮਦ ਅਤੇ ਉਸਦੇ ਚਮਕ ਵਾਲੀਆਂ ਥਾਵਾਂ ਤੇ ਜਾਣ ਦੀਆਂ ਸੰਭਾਵਨਾਵਾਂ ਵੱਧ ਜਾਂਦੀਆਂ ਹਨ ਅਤੇ ਭ੍ਰਿਸ਼ਟ ਵਿਅਕਤੀ ਭੁਲੇਖਾ ਸਿਰਜ ਲੈਂਦਾ ਹੈ ਕਿ ਮੈਂ ਭ੍ਰਿਸ਼ਟ ਨਹੀਂ ਸਗੋਂ ਮੈਂ ਤਾਂ ਆਪਣੀ ਉਚੇਰੀ ਅਕਲ ਅਤੇ ਚੰਗੇਰੀ ਵਿਉਂਤ ਨਾਲ ਕਮਾਈ ਕਰ ਰਿਹਾ ਹਾਂ। ਇਵੇਂ ਭ੍ਰਿਸ਼ਟ ਵਿਅਕਤੀ ਆਪਣੇ ਜੀਵਨ ਦੇ ਉਦੇਸ਼ ਨਵੇਂ ਸਿਰਿਉਂ ਉਸਾਰ ਕੇ ਸੋਚਦਾ ਹੈ: ਕਰੋੜ ਕਦੋਂ ਬਣਨਗੇ, ਪੰਜ ਕਰੋੜ ਹੋਣ ਵਿਚ ਅਤੇ ਦਸ ਕਰੋੜ ਬਣਨ ਵਿਚ ਕਿਤਨੀ ਦੇਰ ਲੱਗੇਗੀ?

ਪੈਸੇ ਇਕੱਠੇ ਕਰਨਾ ਭ੍ਰਿਸ਼ਟਾਚਾਰ ਦਾ ਬੜਾ ਛੋਟਾ ਜਿਹਾ ਭਾਗ ਹੁੰਦਾ ਹੈ, ਅਸਲ ਨੁਕਸਾਨ ਇਹ ਹੁੰਦਾ ਹੈ ਕਿ ਕੁਝ ਭ੍ਰਿਸ਼ਟ ਵਿਅਕਤੀ, ਭ੍ਰਿਸ਼ਟ ਉਪਰਾਲਿਆਂ ਰਾਹੀਂ, ਸਮੁੱਚੇ ਸਮਾਜ ਉੱਤੇ ਭਾਰੂ ਹੋ ਕੇ, ਸਮਾਜ ਦਾ ਮਾਨਸਿਕ, ਬੌਧਿਕ ਅਤੇ ਇਖ਼ਲਾਕੀ ਵਾਤਾਵਰਣ ਵਿਗਾੜ ਦਿੰਦੇ ਹਨ। ਭ੍ਰਿਸ਼ਟ ਢੰਗਾਂ ਨਾਲ ਕੀਤੀ ਕਮਾਈ ਉੱਤੇ ਟੈਕਸ ਨਹੀਂ ਦਿੱਤਾ ਜਾਂਦਾ, ਜਿਸ ਕਾਰਨ ਕੁਝ ਲੋਕ ਅਮੀਰ ਹੁੰਦੇ ਜਾਂਦੇ ਹਨ ਅਤੇ ਦੇਸ਼ ਗਰੀਬ ਹੁੰਦਾ ਜਾਂਦਾ ਹੈ। ਭ੍ਰਿਸ਼ਟਾਚਾਰ, ਗਰੀਬ ਦੇਸ਼ਾਂ ਦੇ ਵਿਕਾਸ ਦੀ ਸਭ ਤੋਂ ਵੱਡੀ ਰੁਕਾਵਟ ਹੈ।

ਮਨੁੱਖ ਵਿਚ ਵਿਕਾਸ ਕਰਕੇ ਫੈਲਣ ਦੀ ਇੱਛਾ ਸਦੀਵੀ ਅਤੇ ਸਰਬਵਿਆਪਕ ਹੈ। ਕੋਈ ਗਿਆਨ ਰਾਹੀਂ, ਕੋਈ ਵਪਾਰ ਵਧਾ ਕੇ, ਧਨ ਜੋੜ ਕੇ, ਸ਼ੌਕ ਪਾਲ ਕੇ, ਜਾਇਦਾਦ ਉਸਾਰ ਕੇ ਫੈਲਦਾ ਹੈ ਪਰ ਭ੍ਰਿਸ਼ਟ ਵਿਅਕਤੀ ਦੇ ਫੈਲਣ ਦੇ ਢੰਗ-ਤਰੀਕੇ ਯੋਗ ਅਤੇ ਢੁੱਕਵੇਂ ਨਹੀਂ ਹੁੰਦੇ, ਇਸ ਲਈ ਫੈਲਣ ਦਾ ਇਹ ਢੰਗ ਨਿੰਦਿਆ ਜਾਂਦਾ ਹੈ।

ਸਮਾਜ ਫੈਲਣ ਜਾਂ ਵਿਕਾਸ ਦੀ ਸਹਿਜ ਰਫ਼ਤਾਰ ਨੂੰ ਪ੍ਰਵਾਨ ਕਰਦਾ ਹੈ ਪਰ ਕਈਆਂ ਦੀ ਫੈਲਣ ਦੀ ਰਫ਼ਤਾਰ ਬਹੁਤ ਤੇਜ਼ ਹੁੰਦੀ ਹੈ। ਰਾਜਨੀਤੀ ਵਿਚ ਭ੍ਰਿਸ਼ਟਾਚਾਰ ਸਭ ਤੋਂ ਵੱਧ ਇਸ ਕਰਕੇ ਹੁੰਦਾ ਹੈ ਕਿਉਂਕਿ ਇਸ ਖੇਤਰ ਵਿਚ ਖਤਰੇ ਬੜੇ ਹਨ ਅਤੇ ਕਿਸੇ ਦਾ ਵੀ ਕਾਰਜਕਾਲ ਨਿਸਚਿਤ ਨਹੀਂ। ਕਿਸੇ ਵੇਲੇ ਵੀ ਸਰਕਾਰ ਟੁੱਟ ਸਕਦੀ ਹੈ, ਫਿਰ ਚੋਣ ਲੜਨ ਦੀ ਲੋੜ ਪੈ ਸਕਦੀ ਹੈ, ਇਸ ਲਈ ਟਿਕੇ ਰਹਿਣ ਅਤੇ ਫੈਲਣ, ਦੋਹਾਂ ਵਾਸਤੇ ਸਮਾਂ ਥੋੜ੍ਹਾ ਹੋਣ ਕਰਕੇ, ਧਨ ਜੋੜਨ ਲਈ, ਦਿਨ-ਰਾਤ ਮਿਹਨਤ ਕੀਤੀ ਜਾਂਦੀ ਹੈ।

ਜੇ ਰਾਜਸੀ ਆਗੂ ਭ੍ਰਿਸ਼ਟ ਹੋਣ ਤਾਂ ਪੁਲੀਸ, ਵਪਾਰੀ, ਕਾਰਖਾਨੇਦਾਰ, ਦਫ਼ਤਰੀ-ਅਮਲਾ ਆਦਿ, ਸਾਰੇ ਵਗਦੀ ਗੰਗਾ ਵਿਚ ਨਹਾਉਣ ਲੱਗ ਪੈਂਦੇ ਹਨ। ਜੋ ਅੰਗੂਠਾ ਕਰਦਾ ਹੈ, ਉਵੇਂ ਉਂਗਲਾਂ ਕਰਨ ਲੱਗ ਪੈਂਦੀਆਂ ਹਨ। ਇਵੇਂ ਇਕ ਸਿਲਸਿਲੇਵਾਰ, ਦਰਜੇਬੰਦ ਭ੍ਰਿਸ਼ਟ-ਵਿਵਸਥਾ ਉਸਰ ਜਾਂਦੀ ਹੈ, ਜਿਸ ਵਿਚ ਈਮਾਨਦਾਰ ਵਿਅਕਤੀਆਂ ਦਾ ਅਪਮਾਨ ਹੀ ਹੁੰਦਾ ਹੈ।

ਭ੍ਰਿਸ਼ਟਾਚਾਰ ਦਾ ਉਦੇਸ਼ ਆਪਣੀ ਸੰਤਾਨ ਲਈ ਵਿਕਾਸ ਦਾ ਰਾਹ ਖੋਲ੍ਹਣਾ ਅਤੇ ਭਵਿੱਖ ਵਿਚ ਸੁੱਖ-ਆਨੰਦ ਮਾਣਨਾ ਹੁੰਦਾ ਹੈ। ਭ੍ਰਿਸ਼ਟਾਚਾਰ ਕਾਰਨ ਮੇਲ-ਜੋਲ ਅਤੇ ਖਾਣ-ਪੀਣ ਵੱਧ ਜਾਂਦਾ ਹੈ, ਸੋ ਸਰੀਰ ਦੇ ਮੋਟੇ ਹੋ ਕੇ ਨਿਘਰਨ ਦੀ ਰਫ਼ਤਾਰ ਵੀ ਤੇਜ਼ ਹੋ ਜਾਂਦੀ ਹੈ। ਭ੍ਰਿਸ਼ਟ ਵਿਅਕਤੀ ਭਟਕਦਾ ਹੈ ਪਰ ਧਨ-ਜਾਇਦਾਦ ਦੀਆਂ ਰੌਣਕਾਂ ਉਸ ਨੂੰ ਟਿਕਣ ਨਹੀਂ ਦਿੰਦੀਆਂ। ਭ੍ਰਿਸ਼ਟ ਵਿਅਕਤੀ ਨੂੰ ਜਦੋਂ ਹੋਸ਼ ਆਉਂਦੀ ਹੈ ਤਾਂ ਘਰ ਦੇ ਸਾਰੇ ਜੀਆਂ ਨੇ ਵਿਗੜਨ ਦਾ ਆਪਣਾ-ਆਪਣਾ ਢੰਗ ਲੱਭ ਲਿਆ ਹੁੰਦਾ ਹੈ।

ਭ੍ਰਿਸ਼ਟ ਵਿਅਕਤੀਆਂ ਦੀ ਸੰਤਾਨ ਵਿਚ ਮਿਹਨਤ ਦੀ ਬਿਰਤੀ, ਦੂਜਿਆਂ ਪ੍ਰਤੀ ਸਤਿਕਾਰ, ਨਿਮਰਤਾ ਅਤੇ ਸਲੀਕਾ ਨਹੀਂ ਹੁੰਦਾ ਹੈਂਕੜ, ਹਿੰਸਾ ਅਤੇ ਬਲਾਤਕਾਰੀ ਰੁਚੀਆਂ ਹੁੰਦੀਆਂ ਹਨ। ਇਨ੍ਹਾਂ ਵਿਚ ਆਪਣੇ ਭੈੜੇ ਵਿਹਾਰ ਦਾ ਪਛਤਾਵਾ ਕਰਨ ਦੀ ਦਲੇਰੀ ਨਹੀਂ ਹੁੰਦੀ, ਹੋਰਾਂ ਨੂੰ ਸਬਕ ਸਿਖਾਉਣ ਦੀ ਜ਼ਿੱਦ ਹੁੰਦੀ ਹੈ। ਅਸੀਂ ਜਿਵੇਂ ਕਮਾਉਂਦੇ ਹਾਂ, ਉਸ ਨਾਲ ਸਾਡਾ ਜੀਵਨ-ਦ੍ਰਿਸ਼ਟੀਕੋਣ ਉਸਰਦਾ ਹੈ। ਅਸੀਂ ਜੋ ਖਾਂਦੇ-ਪੀਂਦੇ ਹਾਂ, ਉਸ ਨਾਲ ਸਾਡਾ ਵਿਹਾਰ ਉਪਜਦਾ ਹੈ। ਅਸੀਂ ਜਿਹੋ ਜਿਹਾ ਵਿਹਾਰ ਕਰਦੇ ਹਾਂ, ਉਸ ਨਾਲ ਸਾਡੀਆਂ ਆਦਤਾਂ ਬਣਦੀਆਂ ਹਨ ਅਤੇ ਇਹ ਸਾਰੀਆਂ ਗੱਲਾਂ ਰਲ ਕੇ ਜੀਵਨ ਪ੍ਰਤੀ ਸਾਡੀ ਪਹੁੰਚ ਅਤੇ ਦ੍ਰਿਸ਼ਟੀਕੋਣ ਨੂੰ ਸਿਰਜਦੀਆਂ ਹਨ, ਜਿਸ ਨੂੰ ਚਰਿੱਤਰ ਕਿਹਾ ਜਾਂਦਾ ਹੈ।

ਭ੍ਰਿਸ਼ਟ ਵਿਅਕਤੀ ਅਕਸਰ ਆਪਣੀਆਂ ਪਤਨੀਆਂ ਲਈ ਗਹਿਣੇ ਅਤੇ ਉਨ੍ਹਾਂ ਦੇ ਨਾਂ ਤੇ ਜਾਇਦਾਦਾਂ ਖਰੀਦਦੇ ਹਨ। ਕਈ ਇਸ ਕਾਰਜ ਵਿਚ ਆਪਣੀਆ ਮਾਂਵਾਂ ਨੂੰ ਵੀ ਸ਼ਾਮਲ ਕਰ ਲੈਂਦੇ ਹਨ। ਪੈਸਾ ਆਉਣ ਨਾਲ ਭ੍ਰਿਸ਼ਟ ਵਿਅਕਤੀ ਆਪਣੇ ਆਪ ਨੂੰ ਲਾਇਕ ਅਤੇ ਸੋਹਣਾ ਹੀ ਨਹੀਂ, ਜਵਾਨ ਵੀ ਸਮਝਣ ਲੱਗ ਪੈਂਦਾ ਹੈ, ਸੋ ਉਸ ਨੂੰ ਸਧਾਰਨ ਨੈਣ-ਨਕਸ਼ਾਂ ਵਾਲੀ ਆਪਣੀ ਪਤਨੀ ਸੋਹਣੀ ਲੱਗਣੋਂ ਹਟ ਜਾਂਦੀ ਹੈ। ਉਹ ਮਸਾਲੇਦਾਰ ਭੋਜਨ, ਮਹਿੰਗੀ ਸ਼ਰਾਬ ਦੇ ਨਾਲ, ਸ਼ਬਾਬ ਵੀ ਭਾਲਦਾ ਹੈ, ਜਿਸ ਕਾਰਨ ਪਰਿਵਾਰਕ ਰਿਸ਼ਤਿਆਂ ਵਿਚ ਸਲ੍ਹਾਬ ਪੈਦਾ ਹੋ ਜਾਂਦੀ ਹੈ ਅਤੇ ਸਮਾਜ ਵਿਚ ਨਾਜਾਇਜ਼ ਰਿਸ਼ਤੇ ਉਸਰਦੇ ਹਨ। ਨਾਜਾਇਜ਼ ਸੰਬੰਧ, ਭ੍ਰਿਸ਼ਟ ਸਮਾਜ ਦਾ ਉਘੜਵਾਂ ਲੱਛਣ ਹੁੰਦੇ ਹਨ। ਇਕ ਵਾਰੀ ਆਪਣੇ ਪਤੀ ਵਲੋਂ ਅਣਗਹਿਲੀ ਦੀ ਸ਼ਿਕਾਰ ਪਰ ਭ੍ਰਿਸ਼ਟ ਕਮਾਈ ਨਾਲ ਖਰੀਦੀ, ਵੱਡੀ ਜਾਇਦਾਦ ਦੀ ਮਾਲਕਣ ਨੇ, ਆਪਣੇ ਪੁਰਾਣੇ ਪ੍ਰੇਮੀ ਨਾਲ ਜਦੋਂ ਮੁੜ ਸੰਬੰਧ ਜੋੜ ਲਏ ਤਾਂ ਪਤਾ ਲੱਗਣ ਉੱਤੇ ਜਦੋਂ ਪਤੀ ਨੇ ਕਿਹਾ: ਮੇਰੇ ਜਿਉਂਦੇ ਜੀ ਉਹ ਇਸ ਘਰ ਵਿਚ ਨਹੀਂ ਆ ਸਕਦਾ ਤਾਂ ਪਤਨੀ ਨੇ ਕਿਹਾ: ਫਿਰ ਚੰਗਾ ਇਹੀ ਹੈ ਕਿ ਤੁਸੀਂ ਜਲਦੀ ਮਰ ਜਾਓ। ਇਕ ਹੋਰ ਦੀ ਪਤਨੀ ਨੇ ਪਤੀ 'ਤੇ ਗੰਭੀਰ ਦੋਸ਼ ਲਾ ਕੇ ਆਪ ਆਤਮਘਾਤ ਕਰ ਲਿਆ, ਜਦੋਂ ਕਿ ਇਕ ਨੇ ਆਪਣੀ ਪਤਨੀ ਹੀ ਮਰਵਾ

ਦਿੱਤੀ। ਇਕ ਪਤਨੀ ਨੇ ਆਪਣੇ ਪਤੀ ਨੂੰ ਇਸ ਲਈ ਮਾਰ ਦਿੱਤਾ, ਨਹੀਂ ਤਾਂ ਉਸ ਦੇ ਪਤੀ ਨੇ, ਉਸ ਨੂੰ ਮਾਰ ਦੇਣਾ ਸੀ। ਇਕ ਭ੍ਰਿਸ਼ਟ ਵਿਅਕਤੀ ਨੂੰ ਸਹਿਮ ਚਿਮੜ ਗਿਆ ਕਿ ਜਿਨ੍ਹਾਂ ਦੀਆਂ ਜ਼ਮੀਨਾਂ-ਜਾਇਦਾਦਾਂ ਉਸ ਨੇ ਹਥਿਆਈਆਂ ਹਨ, ਉਹ ਉਸ ਦੇ ਪਰਿਵਾਰ ਨੂੰ ਮਾਰ ਦੇਣਗੇ, ਸੋ ਉਸ ਨੇ ਆਪਣੀ ਕੋਠੀ ਨੂੰ ਜਮਰੌਦ ਦੇ ਕਿਲ੍ਹੇ ਵਾਲੇ ਵੱਡੇ ਗੇਟ ਲਗਵਾ ਲਏ ਹਨ, ਬਘਿਆੜਾਂ ਅਤੇ ਰਿੱਛਾਂ ਵਰਗੇ ਦਰਜਨ ਕੁੱਤੇ ਰੱਖ ਲਏ ਹਨ ਅਤੇ ਟੈਂਕਾਂ ਵਰਗੀਆਂ ਵੱਡੀਆਂ ਗੱਡੀਆਂ ਵਿਚ ਬੈਠੇ, ਉਹ ਹਰ ਕਿਸੇ ਨੂੰ ਸ਼ੱਕ ਨਾਲ ਵੇਖਦੇ ਹਨ ਅਤੇ ਰਾਤ ਨੂੰ ਸੌਂ ਨਹੀਂ ਸਕਦੇ।

ਭ੍ਰਿਸ਼ਟਾਚਾਰ ਨਾਲ ਭ੍ਰਿਸ਼ਟ ਵਿਅਕਤੀ ਦੇ ਜੀਵਨ ਦੀ ਰਫ਼ਤਾਰ ਤੇਜ਼ ਹੋ ਜਾਂਦੀ ਹੈ। ਭ੍ਰਿਸ਼ਟਾਚਾਰ ਨਾਲ ਸੁਖ-ਸਾਧਨ ਹੀ ਵੱਧਦੇ ਹਨ, ਜਦੋਂ ਕਿ ਜੀਵਨ ਦੀ ਤਸੱਲੀ ਘਟਦੀ ਜਾਂਦੀ ਹੈ। ਭ੍ਰਿਸ਼ਟ ਬਿਰਤੀਆਂ ਮਨੁੱਖ ਵਿਚ ਉਲਾਰ ਰੁਚੀਆਂ ਉਪਜਾਉਂਦੀਆਂ ਹਨ ਅਤੇ ਮਨੁੱਖ ਮਾਨਸਿਕ ਰੋਗੀ ਹੋ ਨਿਬੜਦਾ ਹੈ। ਤਾਨਾਸ਼ਾਹੀ ਆਪਣੇ ਆਪ ਵਿਚ ਇਕ ਭ੍ਰਿਸ਼ਟ ਵਿਵਸਥਾ ਹੈ। ਤਾਨਾਸ਼ਾਹੀ ਵਿਚ ਚੋਣਾਂ ਨਹੀਂ ਹੁੰਦੀਆਂ, ਸੋ ਲੋਕ-ਰਾਇ ਦੀ ਪ੍ਰਵਾਹ ਨਹੀਂ ਕੀਤੀ ਜਾਂਦੀ। ਪਰਜਾਤੰਤਰ ਵਿਚ ਵੀ ਭ੍ਰਿਸ਼ਟਾਚਾਰ ਹੁੰਦਾ ਹੈ ਅਤੇ ਵਿਸ਼ੇਸ਼ ਕਰਕੇ ਵੱਖ-ਵੱਖ ਖੇਤਰਾਂ ਵਿਚ ਵਿਕਾਸ ਵਾਪਰਨ ਸਮੇਂ ਬਹੁਤ ਹੁੰਦਾ ਹੈ। ਜਦੋਂ ਡੈਮ ਉਸਰ ਰਹੇ ਹੋਣ, ਕਾਰਖਾਨੇ ਲਗ ਰਹੇ ਹੋਣ, ਸ਼ਾਹ-ਮਾਰਗ ਬਣ ਰਹੇ ਹੋਣ, ਠੇਕੇ ਦਿੱਤੇ-ਲਏ ਜਾ ਰਹੇ ਹੋਣ ਜਾਂ ਕਿਸੇ ਵੀ ਪ੍ਰਕਾਰ ਦਾ ਨਿਰਮਾਣ ਹੋ ਰਿਹਾ ਹੋਵੇ ਤਾਂ ਅਜਿਹੇ ਸਮੇਂ ਭ੍ਰਿਸ਼ਟ ਹਾਕਮ ਸ਼੍ਰੇਣੀ ਨੂੰ ਚੋਣਾਂ ਲੜਨ ਲਈ ਪੈਸਾ ਵੀ ਮਿਲ ਜਾਂਦਾ ਹੈ ਅਤੇ ਵਿਕਾਸ ਕਾਰਨ ਵੋਟਾਂ ਵੀ ਮਿਲ ਜਾਂਦੀਆਂ ਹਨ। ਪਰਜਾਤੰਤਰ ਚੋਣ-ਆਧਾਰਿਤ ਭ੍ਰਿਸ਼ਟਾਚਾਰ ਦਾ ਖੇਤਰ ਹੈ। ਪਰਜਾਤੰਤਰ ਵਿਚ ਲੋਕ ਵੇਖ ਨਹੀਂ ਸਕਦੇ ਕਿ ਸਰਕਾਰ ਕਿਵੇਂ ਕੰਮ ਕਰਦੀ ਹੈ ਪਰ ਮਹਿਸੂਸ ਕਰ ਸਕਦੇ ਹਨ। ਜੇ ਭ੍ਰਿਸ਼ਟਾਚਾਰ ਹੱਦਾਂ-ਬੰਨੇ ਟੱਪ ਜਾਵੇ ਤਾਂ ਅਗਲੀਆਂ ਚੋਣਾਂ ਵਿਚ ਸਰਕਾਰ ਉਲਟਾ ਕੇ ਲੋਕ ਦੱਸ ਵੀ ਦਿੰਦੇ ਹਨ ਕਿ ਉਹ ਸਰਕਾਰ ਬਾਰੇ ਕੀ ਮਹਿਸੂਸ ਕਰਦੇ ਹਨ। ਇਵੇਂ ਸਰਕਾਰਾਂ ਉਲਟਾਉਣ ਦਾ ਕਾਰਜ ਉਦੋਂ ਤੱਕ ਜਾਰੀ ਰਹਿੰਦਾ ਹੈ, ਜਦੋਂ ਤੱਕ ਭ੍ਰਿਸ਼ਟਾਚਾਰ ਨੂੰ ਨੱਥ ਨਹੀਂ ਪੈਂਦੀ। ਯੋਰਪ ਵਿਚ ਭ੍ਰਿਸ਼ਟਾਚਾਰ ਨੂੰ ਨੱਥ ਪਈ ਹੈ ਅਤੇ ਯੋਰਪ ਦੇ ਲਗਭਗ ਸਾਰੇ ਦੇਸ਼ ਭ੍ਰਿਸ਼ਟਾਚਾਰ ਤੋਂ ਲਗਭਗ ਮੁਕਤ ਕਹੇ ਜਾ ਸਕਦੇ ਹਨ। ਦੂਜੇ ਪਾਸੇ ਅਮਰੀਕਾ ਨੂੰ ਆਪ ਵੀ ਨਹੀਂ ਪਤਾ ਕਿ ਉਸ ਨੇ ਸੰਸਾਰ ਨੂੰ ਕਿਤਨਾ ਭ੍ਰਿਸ਼ਟ ਕਰ ਦਿੱਤਾ ਹੈ। ਭਾਵੇਂ ਅਮਰੀਕਾ ਨੂੰ ਸੰਸਾਰ ਦਾ ਸਭ ਤੋਂ ਵੱਧ ਭ੍ਰਿਸ਼ਟ ਦੇਸ਼ ਕਿਹਾ ਜਾਂਦਾ ਹੈ ਪਰ ਇਹ ਵੀ ਸੱਚ ਹੈ ਕਿ ਸੰਸਾਰ ਦੇ ਹਰ ਖੇਤਰ ਵਿਚ ਅਮਰੀਕਾ ਮੋਹਰੀ ਹੈ। ਅਮਰੀਕਾ ਦੇ ਅੰਦਰ ਉਤਨਾ ਭ੍ਰਿਸ਼ਟਾਚਾਰ ਨਹੀਂ ਹੈ, ਜਿਤਨਾ ਭ੍ਰਿਸ਼ਟਾਚਾਰ ਅਮਰੀਕਾ ਦੇ ਦੂਜੇ ਦੇਸ਼ਾਂ ਨਾਲ ਵਪਾਰਕ, ਰਾਜਸੀ ਅਤੇ ਫੌਜੀ ਸਬੰਧਾਂ ਵਿਚ ਹੈ।

ਅਮਰੀਕਾ ਦੀ ਸਥਿਤੀ ਨੂੰ ਸਮਝਣ ਦੀ ਲੋੜ ਹੈ। ਉਥੇ ਕਾਨੂੰਨ ਦੀ ਉਲੰਘਣਾ ਕਰਨ ਤੋਂ ਇਲਾਵਾ ਸਭ ਕੁਝ ਖੁਲ੍ਹ ਕੇ ਕਰਨ ਦੀ, ਖੁਲ੍ਹੀ ਆਗਿਆ ਹੈ। ਪਹਿਰਾਵੇ, ਖਾਣ-ਪੀਣ, ਕੰਮ-ਧੰਦੇ, ਕਮਾਉਣ-ਖਰਚਣ, ਜੂਆ ਖੇਡਣ, ਲਾਟਰੀਆਂ ਚਲਾਉਣ, ਕਾਮ-ਸੰਬੰਧ ਉਸਾਰਨ ਆਦਿ ਖੇਤਰਾਂ ਵਿਚ ਖੁਲ੍ਹਾਂ ਕਰਕੇ ਸੰਸਾਰ ਦੇ ਸਾਰੇ ਬੰਦ ਅਤੇ ਪ੍ਰੰਪਰਾਗਤ ਸਮਾਜ ਅਮਰੀਕਾ ਨੂੰ ਭ੍ਰਿਸ਼ਟ ਦੇਸ਼ ਕਹਿੰਦੇ ਹਨ। ਵਾਸਤਵ ਵਿਚ ਇਹ ਅਮਰੀਕਾ ਦੀ ਤਾਕਤ, ਅਮੀਰੀ ਅਤੇ ਸੁਤੰਤਰਤਾ ਪ੍ਰਤੀ ਈਰਖਾ ਦਾ ਪ੍ਰਗਟਾਵਾ ਹੀ ਹੁੰਦੇ ਹਨ। ਅਮਰੀਕਾ ਵੀ ਉਤਨਾ ਹੀ ਭ੍ਰਿਸ਼ਟ ਹੈ, ਜਿਤਨੇ ਸਮਾਜਵਾਦੀ ਦੇਸ਼ ਭ੍ਰਿਸ਼ਟ ਹਨ। ਅਮਰੀਕਾ ਤਾਕਤਵਰ ਦੇਸ਼ ਹੈ, ਜਿਥੇ ਤਾਕਤ ਅਤੇ ਖੁਸ਼ਹਾਲੀ ਹੋਵੇਗੀ, ਉਥੇ ਹੋਰ ਕਿਸਮ ਦਾ ਭ੍ਰਿਸ਼ਟਾਚਾਰ ਹੋਵੇਗਾ; ਜਿਥੇ ਗਰੀਬੀ ਹੋਵੇਗੀ ਉਥੇ ਹੋਰ ਕਿਸਮ ਦਾ ਭ੍ਰਿਸ਼ਟਾਚਾਰ ਹੋਵੇਗਾ।

ਕਈ ਲੋਕਾਂ ਦੀ ਸ਼ਿਕਾਇਤ ਹੈ ਕਿ ਸੁਤੰਤਰ ਹੋ ਕੇ ਭਾਰਤ ਭ੍ਰਿਸ਼ਟ ਹੋ ਗਿਆ ਹੈ। ਸੁਤੰਤਰਤਾ ਅੰਦੋਲਨ ਦੌਰਾਨ ਭਾਰਤੀਆਂ ਨੇ ਚਰਿੱਤਰ, ਤਿਆਗ ਅਤੇ ਕੁਰਬਾਨੀ ਦੀਆਂ ਉੱਚੀਆਂ ਉਦਾਹਰਣਾਂ ਸਿਰਜੀਆਂ ਸਨ। ਅਸਲੀਅਤ ਇਹ ਹੈ ਕਿ ਜਦੋਂ ਵੀ ਕੋਈ ਵਿਅਕਤੀ, ਸਮਾਜ, ਦੇਸ਼ ਜਾਂ ਕੌਮ ਕਿਸੇ ਸੰਕਟ ਦੇ ਸਾਹਮਣੇ ਹੋਵੇ, ਉਹ ਦੇਸ਼ ਜਾਂ ਕੌਮ ਉੱਚਤਮ ਵਿਹਾਰ ਦੇ ਸਬੂਤ ਹੀ ਦੇਵੇਗੀ ਪਰ ਖਤਰਾ ਟਲਦਿਆ ਅਤੇ ਸੁਰੱਖਿਅਤ ਹੁੰਦਿਆਂ ਹੀ, ਮਨੁੱਖੀ ਚਰਿੱਤਰ ਦੇ ਔਗੁਣ ਜਾਗ ਪੈਂਦੇ ਹਨ। ਸੁਤੰਤਰਤਾ ਅੰਦੋਲਨ ਦੌਰਾਨ ਭਾਰਤੀ ਸਮਾਜ ਦਾ ਭ੍ਰਿਸ਼ਟਾਚਾਰ, ਉੱਚੇ ਟੀਚਿਆਂ ਥੱਲੇ ਦਬਿਆ ਪਿਆ ਸੀ, ਜਿਵੇਂ ਹੁਣ ਭਾਰਤੀਆਂ ਦਾ ਚੰਗਾ ਵਿਹਾਰ, ਭ੍ਰਿਸ਼ਟਾਚਾਰ ਪਿੱਛੇ ਲੁਕਿਆ ਹੋਇਆ ਹੈ। ਜੇ ਅੱਜ ਦੇਸ਼ ਦੀ ਸਲਾਮਤੀ ਨੂੰ ਕੋਈ ਖਤਰਾ ਉਪਜ ਪਵੇ ਤਾਂ ਭਾਰਤੀਆਂ ਦੇ ਚੰਗੇ ਵਿਹਾਰ ਦੀਆਂ ਉਦਾਹਰਣਾਂ ਫਿਰ ਸਾਹਮਣੇ ਆਉਣ ਲਗ ਪੈਣਗੀਆਂ। ਇਹ ਸੁਭਾਵਕ ਹੈ ਕਿ ਸੁਰੱਖਿਅਤ ਹੁੰਦਿਆਂ ਹੀ ਮਨੁੱਖ ਦੀਆਂ ਭੁੱਖਾਂ ਜਾਗ ਪੈਂਦੀਆਂ ਹਨ। ਕੱਚਾ ਕਰਮਚਾਰੀ ਚੰਗਾ ਕੰਮ ਕਰਦਾ ਹੈ, ਪੱਕਾ ਹੁੰਦਿਆਂ ਹੀ ਉਹ ਭ੍ਰਿਸ਼ਟ ਹੋ ਜਾਂਦਾ ਹੈ। ਘਰ ਦੀ ਨੌਕਰਾਣੀ ਮੁੱਢਲੇ ਦਿਨਾਂ ਵਿਚ ਚੰਗੀ ਕਾਰਗੁਜ਼ਾਰੀ ਨਾਲ ਸਭ ਨੂੰ ਪ੍ਰਸੰਨ ਕਰ ਦਿੰਦੀ ਹੈ ਅਤੇ ਉਹ ਕੋਈ ਨਾਗਾ ਵੀ ਨਹੀਂ ਪਾਉਂਦੀ ਪਰ ਅਗਲੇ ਹੀ ਮਹੀਨੇ ਉਸ ਦੇ ਅਸਲੀ ਰੰਗ ਦਿਸਣ ਲੱਗ ਪੈਂਦੇ ਹਨ। ਸਰਕਾਰੀ ਦਫ਼ਤਰਾਂ ਵਿਚ ਨੌਕਰੀ ਸੁਰੱਖਿਅਤ ਹੋਣ ਕਰਕੇ ਕਾਰਗੁਜ਼ਾਰੀ ਨੀਵੀਂ ਹੈ ਅਤੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਨਵੀਂ ਸਰਕਾਰ ਵੀ ਮੁੱਢ ਵਿਚ ਚੰਗੇ ਕੰਮ ਕਰਦੀ ਹੈ ਪਰ ਸੁਰੱਖਿਅਤ ਹੁੰਦਿਆਂ ਹੀ ਉਸ ਵਿਚ ਤਾਨਾਸ਼ਾਹੀ ਲੱਛਣ ਉਘੜਨ ਲੱਗ ਪੈਂਦੇ ਹਨ ਅਤੇ ਜੇ ਅਗਲੀਆਂ ਚੋਣਾਂ ਦਾ ਸੰਕਟ ਸਾਹਮਣੇ ਹੋਵੇ ਤਾਂ ਇਕ ਵਾਰੀ ਫਿਰ ਚੰਗਾ ਵਿਹਾਰ ਪ੍ਰਗਟ ਹੋਣ ਲੱਗ ਪੈਂਦਾ ਹੈ।

ਮਨੋਵਿਗਿਆਨਕ ਪੱਖੋਂ ਕਈ ਇਹ ਵੀ ਕਹਿੰਦੇ ਹਨ ਕਿ ਭ੍ਰਿਸ਼ਟਾਚਾਰ ਮਨੁੱਖ ਦਾ ਸੁਭਾਵਕ ਵਿਹਾਰ ਹੈ, ਜਦੋਂ ਕਿ ਈਮਾਨਦਾਰੀ, ਕੁਰਬਾਨੀ, ਤਿਆਗ ਆਦਿ ਉਸ ਦੇ ਨਾਟਕੀ ਜਾਂ ਬਨਾਵਟੀ ਵਿਹਾਰ ਹੁੰਦੇ ਹਨ। ਮਨੁੱਖ ਦੀ ਮੁੱਢਲੀ ਚਿੰਤਾ ਜਿਉਂਦੇ ਰਹਿਣ ਦੀ ਹੈ। ਮਨੁੱਖ ਲੰਮਾ ਅਰਸਾ ਚਲਾਕੀ, ਮਕਾਰੀ, ਝੂਠ ਅਤੇ ਬੇਈਮਾਨੀ ਨਾਲ ਜੰਗਲੀ ਜਾਨਵਰਾਂ ਵਿਰੁਧ ਆਪਣੀ ਹੋਂਦ ਲਈ ਸੰਘਰਸ਼ ਕਰਦਾ ਰਿਹਾ ਹੈ। ਹੁਣ ਮਨੁੱਖ ਨੂੰ ਇਹ ਡਰ ਨਹੀਂ ਕਿ ਉਸ ਨੂੰ ਸ਼ੇਰ ਖਾ ਜਾਵੇਗਾ ਜਾਂ ਰਿੱਛ ਘੇਰ ਲਵੇਗਾ ਜਾਂ ਸੱਪ ਕਟ ਜਾਵੇਗਾ ਜਾਂ ਕੋਈ ਉਸਦੀ ਥਾਲੀ ਚੁਕ ਕੇ ਦੌੜ ਜਾਵੇਗਾ, ਸੋ ਮਨੁੱਖ ਆਪਣੇ ਆਪ ਨੂੰ ਸੁਰੱਖਿਅਤ ਕਰਕੇ, ਚਲਾਕੀ-ਮਕਾਰੀ ਅਤੇ ਬੇਈਮਾਨੀ ਆਦਿ ਨੂੰ ਬਿਨਾ ਡਰ ਦੇ ਵਰਤਣ ਲਗ ਪਿਆ ਹੈ।

ਮਨੁੱਖ ਵਿਚ ਚੰਗੇ ਜਾਂ ਮਾੜੇ ਵਿਹਾਰ ਦੀ ਸੋਝੀ ਬਹੁਤੀ ਡੂੰਘੀ ਨਹੀਂ ਹੁੰਦੀ। ਚੰਗਾ ਜਾਂ ਮਾੜਾ ਵਿਹਾਰ ਉਸ ਦੀ ਲੋੜ ਉਤੇ ਨਿਰਭਰ ਕਰਦਾ ਹੈ। ਜੇ ਚੰਗੇ ਵਿਹਾਰ ਨਾਲ ਲਾਭ ਹੁੰਦਾ ਹੈ ਤਾ ਉਹ ਚੰਗਾ ਵਿਹਾਰ ਕਰੇਗਾ ਪਰ ਜੇ ਝੂਠ ਬੋਲ ਕੇ, ਧੋਖਾ ਦੇ ਕੇ, ਲਾਭ ਜਾਂ ਸੁੱਖ ਮਿਲਦਾ ਹੈ ਤਾਂ ਉਹ ਝੂਠ ਬੋਲੇਗਾ। ਜੇ ਝੂਠ ਫੜੇ ਜਾਣ ਦਾ ਡਰ ਹੋਵੇ ਤਾਂ ਉਹ ਇਸ ਡਰ ਕਾਰਨ ਭਾਵੇਂ ਸੱਚ ਬੋਲੇ ਪਰ ਇੱਛਾ ਝੂਠ ਬੋਲਣ ਜਾਂ ਬੇਈਮਾਨੀ ਕਰਨ ਦੀ ਹੀ ਰਹੇਗੀ। ਇਕ ਵਾਰੀ ਵੱਡੀ ਗਿਣਤੀ ਵਿਚ ਬੱਸਾਂ ਖਰੀਦਣ ਸਮੇਂ, ਬੱਸਾਂ ਬਣਾਉਣ ਵਾਲੀ ਕੰਪਨੀ ਨੇ ਪੰਜ ਕਰੋੜ ਰੁਪਏ ਦੀ ਰਿਆਇਤ ਜਾਂ ਕਮਿਸ਼ਨ ਦੇਣ ਦੀ ਪੇਸ਼ਕਸ਼ ਕੀਤੀ। ਜੇ ਰਿਆਇਤ ਲਈ ਜਾਂਦੀ ਤਾਂ ਸਰਕਾਰ ਨੂੰ ਲਾਭ ਹੁੰਦਾ ਸੀ ਪਰ ਜੇ ਕਮਿਸ਼ਨ ਲਈ ਜਾਂਦੀ ਤਾਂ ਅਫ਼ਸਰਾਂ ਨੂੰ ਲਾਭ ਹੁੰਦਾ ਸੀ। ਸੋਚ-ਵਿਚਾਰ ਕੇ ਸਰਬ-ਸੰਮਤੀ ਨਾਲ ਨਿਰਣਾ ਕੀਤਾ ਗਿਆ ਕਿ ਕਮਿਸ਼ਨ ਹੀ ਠੀਕ ਹੈ। ਇਵੇਂ ਜੋ ਅਫ਼ਸਰਾਂ ਲਈ ਲਾਭਕਾਰੀ ਸੀ, ਉਹ ਸਰਕਾਰ ਲਈ ਹਾਨੀਕਾਰਕ ਸਾਬਤ ਹੋਇਆ। ਇਕ ਵਾਰੀ ਇਕ ਹਾਦਸੇ ਦੇ ਸ਼ਿਕਾਰ ਇਕ ਆਦਮੀ ਨੂੰ, ਉਥੋਂ ਲੰਘ ਰਹੇ ਦੋ ਦੋਸਤਾਂ ਨੇ ਆਪਣੀ ਕਾਰ ਵਿਚ ਹਸਪਤਾਲ ਪਹੁੰਚਾਇਆ। ਬੇਈਮਾਨ ਅਤੇ ਭ੍ਰਿਸ਼ਟ ਪੁਲੀਸ ਅਧਿਕਾਰੀ ਨੇ ਉਨ੍ਹਾਂ ਦੋ ਦੋਸਤਾਂ ਉਤੇ ਹੀ ਹਾਦਸਾ ਕਰਨ ਦਾ ਜੁਰਮ ਲਾ ਦਿੱਤਾ ਅਤੇ ਵੱਡੀ ਰਕਮ ਲੈ ਕੇ ਖਹਿੜਾ ਛੱਡਿਆ। ਇਵੇਂ ਦੋਸਤਾਂ ਦੇ ਚੰਗੇ ਵਿਹਾਰ ਨੂੰ ਉਸ ਭ੍ਰਿਸ਼ਟ ਪੁਲੀਸ ਅਧਿਕਾਰੀ ਨੇ ਮਾੜਾ ਸਿੱਧ ਕਰ ਦਿੱਤਾ। ਜੇ ਪੁਲੀਸ ਅਧਿਕਾਰੀ ਭ੍ਰਿਸ਼ਟ ਨਾ ਹੁੰਦਾ ਤਾਂ ਉਨ੍ਹਾਂ ਦੋਸਤਾਂ ਨੂੰ ਸਨਮਾਨ ਮਿਲਣਾ ਚਾਹੀਦਾ ਸੀ।

ਸਮਾਜ ਵਿਚ ਭ੍ਰਿਸ਼ਟਾਚਾਰ ਕਿਸੇ ਇਕ ਵਰਗ ਤਕ ਸੀਮਤ ਨਹੀਂ ਹੁੰਦਾ, ਹਰ ਕੋਈ ਆਪਣੀ ਵਿੱਤ-ਅਨੁਸਾਰ, ਵਗਦੀ ਗੰਗਾ ਵਿਚ ਟੁੱਭੀ ਲਾਉਂਦਾ ਹੈ। ਬ੍ਰਾਹਮਣ ਅਤੇ ਖਤਰੀ ਭ੍ਰਿਸ਼ਟਾਚਾਰ ਕਰਦੇ ਹਨ ਅਤੇ ਬਾਕੀ ਵਰਗ ਬੇਈਮਾਨੀ,

ਮਿਲਾਵਟ ਜਾਂ ਹੇਰਾਫੇਰੀ ਹੀ ਕਰਦੇ ਹਨ। ਸਰਕਾਰ, ਧਰਮ, ਫੌਜ, ਨਿੱਜੀ ਜਾਇਦਾਦ ਆਦਿ ਭ੍ਰਿਸ਼ਟਾਚਾਰ ਦੇ ਮੁਖ ਸਰੋਤ ਹਨ। ਪ੍ਰੋਫ਼ੈਸਰ, ਵਕੀਲ, ਡਾਕਟਰ, ਇੰਜੀਨੀਅਰ, ਜੱਜ ਆਦਿ ਸਮਾਜ ਦਾ ਪਤਵੰਤਾ ਭਾਗ ਹੁੰਦੇ ਹਨ, ਜਦੋਂ ਇਹ ਭ੍ਰਿਸ਼ਟ ਹੋ ਜਾਣ ਤਾਂ ਬਾਕੀਆਂ ਨੂੰ ਵੀ ਭ੍ਰਿਸ਼ਟਾਚਾਰ ਭੈੜਾ ਨਹੀਂ ਲਗਦਾ। ਜਿਹੜੇ ਭ੍ਰਿਸ਼ਟ ਨਹੀਂ ਹੁੰਦੇ, ਉਹ ਸਮਾਜ ਵਿਚੋਂ ਇਵੇਂ ਖਾਰਜ ਹੋ ਜਾਂਦੇ ਹਨ, ਜਿਵੇਂ ਸਾਡੇ ਭੋਜਨ ਵਿਚੋਂ ਟੀਂਡੇ, ਕੱਦੂ, ਪੇਠਾ, ਸ਼ਲਗਮ ਆਦਿ ਗ਼ਾਇਬ ਹੋ ਗਏ ਹਨ। ਭ੍ਰਿਸ਼ਟ ਵਿਹਾਰ ਨਾਲ ਗੀਤ, ਸੰਗੀਤ, ਨ੍ਰਿਤ ਅਤੇ ਭਾਸ਼ਾ ਵੀ ਭ੍ਰਿਸ਼ਟ ਹੋ ਜਾਂਦੀ ਹੈ। ਅਜੋਕੇ ਯੁਗ ਵਿਚ ਸਤਿਕਾਰਯੋਗ ਦਾ ਅਰਥ ਹੈ, ਪੈਸੇ ਵਾਲਾ; ਸਾਊ ਦਾ ਅਰਥ ਹੈ, ਗਰੀਬ।

ਹੁਣ ਜੂਏ ਨੂੰ ਮਨੋਰੰਜਨ, ਨੰਗੇਜ ਨੂੰ ਫੈਸ਼ਨ, ਹੁਲੜਬਾਜ਼ੀ ਨੂੰ ਪਾਰਟੀ ਅਤੇ ਸ਼ੋਰ-ਸ਼ਰਾਬੇ ਨੂੰ ਮਹਿਫ਼ਲ ਕਹਿੰਦੇ ਹਨ। ਸਭ ਤੋਂ ਵੱਧ ਵਫ਼ਾਦਾਰ ਪਿਆਰ, ਪੈਸੇ ਅਤੇ ਤਾਕਤ ਦਾ ਪਿਆਰ ਹੁੰਦਾ ਹੈ, ਜਿਹੜਾ ਵੱਧਦਾ ਹੀ ਹੈ, ਘੱਟਦਾ ਨਹੀਂ। ਕਾਨੂੰਨ ਵੀ ਭ੍ਰਿਸ਼ਟਾਚਾਰ ਨੂੰ ਵਧਾਉਂਦੇ ਹਨ। ਜਿਸ ਦੇਸ਼ ਵਿਚ ਜਿਤਨੇ ਵਧੇਰੇ ਕਾਨੂੰਨ ਹੁੰਦੇ ਹਨ, ਉਥੇ ਉਤਨਾ ਹੀ ਵਧੇਰੇ ਭ੍ਰਿਸ਼ਟਾਚਾਰ ਹੁੰਦਾ ਹੈ, ਕਿਉਂਕਿ ਅਧਿਕਾਰੀ ਕਾਨੂੰਨ ਲਾਗੂ ਕਰਨ ਦੀ ਆੜ ਵਿਚ ਭ੍ਰਿਸ਼ਟਾਚਾਰ ਕਰਦੇ ਹਨ। ਉਦਾਹਰਣ ਵਜੋਂ ਕਾਨੂੰਨ ਅਨੁਸਾਰ ਇਕ ਟਰੱਕ ਦਾ ਦੋ ਸੌ ਤੋਂ ਵੱਧ ਕਾਰਨਾਂ ਕਰਕੇ ਚਲਾਨ ਕੀਤਾ ਜਾ ਸਕਦਾ ਹੈ, ਜਿਸ ਕਾਰਨ ਟਰੱਕਾਂ ਦਾ ਧੰਦਾ ਕਈਆਂ ਦੀ ਉਪਰਲੀ ਆਮਦਨ ਦਾ ਸਰੋਤ ਹੈ। ਮਨੁੱਖ ਵਿਚ ਧੋਖਾ ਖਾਣ ਦੀ ਬੁਨਿਆਦੀ ਬਿਰਤੀ ਹੈ ਅਤੇ ਧਰਮ ਇਸ ਗੱਲ ਦਾ ਸਬੂਤ ਹੈ। ਹਰ ਧਰਮ ਇਕ ਵਿਸ਼ਾਲ ਪ੍ਰਪੰਚ ਉਸਾਰਦਾ ਹੈ। ਧਰਮ ਦੇ ਬਾਨੀ ਤਾਂ ਮਹਾਂਪੁਰਸ਼ ਹੁੰਦੇ ਹਨ ਪਰ ਧਰਮ ਨੂੰ ਰਾਜਨੀਤੀ ਦੇ ਅੰਗ ਵਜੋਂ ਸੁਆਰਥੀ ਵਿਅਕਤੀਆਂ ਵਲੋਂ ਆਪਣੇ ਹਿੱਤਾਂ ਅਧੀਨ ਵਰਤਿਆ ਜਾਂਦਾ ਹੈ। ਧਰਮ ਮਿੱਠੇ ਅਤੇ ਨਿੱਘੇ ਢੰਗ ਨਾਲ ਸਾਡੇ ਮਨ ਨੂੰ ਪਕੜ ਲੈਂਦਾ ਹੈ ਅਤੇ ਅਸੀਂ ਜੀਵਨ ਭਰ ਧਾਰਮਿਕ ਰਸਮਾਂ ਨਿਭਾਉਂਦੇ ਰਹਿੰਦੇ ਹਾਂ। ਧਰਮ ਨੂੰ ਪਾਲਦੇ ਤਾਂ ਗਰੀਬ ਹਨ ਪਰ ਧਰਮ ਨੂੰ ਵਰਤਦੇ ਅਮੀਰ ਅਤੇ ਤਾਕਤ ਵਾਲੇ ਹਨ। ਸਾਰੇ ਬੇਈਮਾਨ, ਚੋਰ, ਡਾਕੂ, ਸਮੱਗਲਰ ਆਦਿ ਬੜੇ ਧਾਰਮਿਕ ਹੁੰਦੇ ਹਨ। ਬੇਈਮਾਨ ਵਪਾਰੀ ਕਹਿੰਦਾ ਹੈ: ਹੇ ਵਾਹਿਗੁਰੂ, ਕਿਰਤ-ਕਮਾਈ ਵਿਚ ਬਰਕਤ ਪਾਈਂ; ਚੋਰ-ਡਾਕੂ ਕਹਿੰਦਾ ਹੈ: ਹੇ ਪ੍ਰਮਾਤਮਾ, ਜਿਹੜਾ ਕਾਰਜ ਕਰਨ ਚਲੇ ਹਾਂ, ਉਸ ਵਿਚ ਸਫਲਤਾ ਦੇਈਂ। ਨਾਜਾਇਜ਼ ਕਬਜ਼ਿਆਂ ਵਾਲੇ ਡੇਰੇ ਅਤੇ ਕਰੋੜਾਂ ਦੀ ਜਾਇਦਾਦ ਵਾਲੇ ਮੱਠ, ਮਰਿਆਦਾ ਦੀ ਆੜ ਵਿਚ ਭ੍ਰਿਸ਼ਟਾਚਾਰ ਕਰਦੇ ਹਨ ਅਤੇ ਭ੍ਰਿਸ਼ਟ ਰਾਜਨੀਤੀ ਵਿਚ ਭਾਗ ਲੈਂਦੇ ਹਨ। ਅਜੋਕੇ ਭ੍ਰਿਸ਼ਟਾਚਾਰ ਦਾ ਸਿੱਧਾ ਸੰਬੰਧ ਬਜ਼ਾਰ ਨਾਲ ਹੈ। ਬਜ਼ਾਰ ਵਿਚ ਨਵੀਆਂ ਚੀਜ਼ਾਂ ਦਾ ਹੜ੍ਹ ਆ ਗਿਆ ਹੈ, ਜਿਨ੍ਹਾਂ ਨੂੰ ਭ੍ਰਿਸ਼ਟ ਸਾਧਨਾਂ ਰਾਹੀਂ ਪ੍ਰਾਪਤ ਕਰਨ ਲਈ ਸਿਰਤੋੜ ਯਤਨ ਕੀਤੇ ਜਾ ਰਹੇ ਹਨ।

ਨਾਜਾਇਜ਼ ਆਮਦਨ, ਨਾਜਾਇਜ਼ ਰਿਸ਼ਤਿਆਂ ਨੂੰ ਉਪਜਾਉਂਦੀ ਹੈ ਅਤੇ ਨਾਜਾਇਜ਼ ਰਿਸ਼ਤੇ ਮਹਿੰਗੇ ਤੋਹਫ਼ਿਆਂ ਦੀ ਰਿਸ਼ਵਤ ਨਾਲ ਚਲਦੇ ਹਨ। ਜਦੋਂ ਭ੍ਰਿਸ਼ਟ ਸਾਧਨਾਂ ਨਾਲ ਨਵੀਆਂ ਚੀਜ਼ਾਂ ਖਰੀਦਣ ਦੇ ਬਾਵਜੂਦ ਤਸੱਲੀ ਨਹੀਂ ਮਿਲਦੀ ਤਾਂ ਭ੍ਰਿਸ਼ਟ ਪਰਿਵਾਰਾਂ ਵਿਚ ਸੋਚ ਉਪਜਦੀ ਹੈ, ਮੇਰਾ ਨੱਕ ਮੋਟਾ ਹੈ, ਇਹ ਪਲਾਸਟਿਕ ਸਰਜਰੀ ਨਾਲ ਅਮਰੀਕਾ ਜਾ ਕੇ ਪਤਲਾ ਕਰਵਾਉਣਾ ਹੈ; ਛੋਟੀ ਅਤੇ ਪੁਰਾਣੀ ਹੋਣ ਕਰਕੇ, ਇਸ ਕਾਰ ਵਿਚ ਹੁਝਕੇ ਲਗਦੇ ਹਨ, ਇਹ ਬਦਲਣੀ ਹੈ ਅਤੇ ਮਰਸੀਡੀਜ਼ ਲੈਣੀ ਹੈ।

ਭ੍ਰਿਸ਼ਟਾਚਾਰ ਆਮ ਕਰਕੇ ਉਥੇ ਹੁੰਦਾ ਹੈ ਜਿਥੇ ਹਰ ਕਿਸੇ ਨੂੰ ਇਕ ਹੀ ਦਫ਼ਤਰ ਤੋਂ ਕੰਮ ਕਰਵਾਉਣ ਦੀ ਮਜਬੂਰੀ ਹੁੰਦੀ ਹੈ। ਨਕਸ਼ਾ ਪਾਸ ਕਰਵਾਉਣਾ, ਕੁਨੈਕਸ਼ਨ ਲੈਣਾ, ਰੂਟ, ਲਾਈਸੈਂਸ ਜਾਂ ਠੇਕਾ ਲੈਣਾ, ਬਿਲ ਪਾਸ ਕਰਵਾਉਣਾ ਆਦਿ ਕੰਮ ਅਕਸਰ ਸਰਕਾਰੀ ਮਹਿਕਮਿਆਂ ਨਾਲ ਸੰਬੰਧਤ ਹੁੰਦੇ ਹਨ। ਨਿਲਾਮੀ, ਨੌਕਰੀ, ਚੋਣ ਆਦਿ ਵਿਚ ਹੁਣ ਸਭ ਕੁਝ ਪਹਿਲਾਂ ਹੀ ਤਹਿ ਹੋ ਜਾਂਦਾ ਹੈ। ਹੁਣ ਹਰ ਥਾਂ ਦਲਾਲ ਉਪਜ ਪਏ ਹਨ। ਦਲਾਲੀ ਵਿਚ ਕੇਵਲ ਝੂਠ ਹੀ ਬੋਲਿਆ ਜਾਂਦਾ ਹੈ। ਭ੍ਰਿਸ਼ਟਾਚਾਰ ਦੇ ਅੱਡਿਆਂ 'ਤੇ ਵਾਤਾਵਰਣ ਹਫੜਾ-ਤਫੜੀ ਵਾਲਾ, ਬੋਲ-ਬੁਲਾਰਾ ਨੀਵੀਂ ਪੱਧਰ ਦਾ, ਵਿਹਾਰ ਭੈੜਾ ਅਤੇ ਮਾਹੌਲ ਖੁਫ਼ੀਆ ਅਤੇ ਸਾਜ਼ਸ਼ੀ ਹੁੰਦਾ ਹੈ। ਭ੍ਰਿਸ਼ਟਾਚਾਰ ਕਾਰਨ ਜਿਹੜੀਆਂ ਚੀਜ਼ਾਂ ਪਹਿਲਾਂ ਪਵਿਤਰ ਅਤੇ ਅਨਮੋਲ ਸਮਝੀਆਂ ਜਾਂਦੀਆਂ ਸਨ, ਹੁਣ ਉਹ ਵੀ ਵਿਕਣ ਲਗ ਪਈਆਂ ਹਨ।

ਵਿਦੇਸ਼ ਜਾਣ ਲਈ ਵੀਜ਼ਾ ਲੈਣ ਵਾਸਤੇ ਹੁਣ ਜਾਇਜ਼-ਨਾਜਾਇਜ਼ ਢੰਗਾਂ ਦਾ ਅੰਤਰ ਨਹੀਂ ਰਿਹਾ। ਭ੍ਰਿਸ਼ਟਾਚਾਰ ਵਿਚ ਕਿਸੇ 'ਤੇ ਭਰੋਸਾ ਨਹੀਂ ਕੀਤਾ ਜਾਂਦਾ। ਇਟਲੀ ਜਾਂ ਫਰਾਂਸ ਦੀਆਂ ਵੇਸਵਾਵਾਂ ਨੇ ਪੁਲੀਸ ਕਰਮਚਾਰੀਆਂ ਅਤੇ ਪੱਤਰਕਾਰਾਂ ਨੂੰ ਵਿਸ਼ੇਸ਼ ਰਿਆਇਤ ਦੇਣ ਦੀ ਜਿਹੜੀ ਪਿਰਤ ਪਾਈ ਸੀ, ਉਹ ਵਿਧੀ ਹੁਣ ਜੀਵਨ ਦੇ ਹਰੇਕ ਖੇਤਰ ਅਤੇ ਵਰਤਾਰੇ ਵਿਚ ਸਫਲਤਾ ਨਾਲ ਵਰਤੀ ਜਾ ਰਹੀ ਹੈ।

ਭ੍ਰਿਸ਼ਟਾਚਾਰ ਉਥੇ ਹੈ, ਜਿਥੇ ਦੇਰ ਹੁੰਦੀ ਹੈ, ਸੋ ਕੰਮ ਜਾਇਜ਼ ਹੋਣ ਦੇ ਬਾਵਜੂਦ ਦੇਰੀ ਤੋਂ ਬਚਣ ਲਈ ਰਿਸ਼ਵਤ ਦਿੱਤੀ ਜਾਂਦੀ ਹੈ। ਹਰ ਕਿਸੇ ਕੋਲ ਧਨ ਵਧਣ ਕਰਕੇ ਸਮਾਂ ਘੱਟ ਗਿਆ ਹੈ, ਸੋ ਘੱਟ ਤੋਂ ਘੱਟ ਸਮੇਂ ਵਿਚ ਵੱਧ ਤੋਂ ਵੱਧ ਸਹੂਲਤਾਂ ਲੈਣ ਲਈ ਭ੍ਰਿਸ਼ਟ ਢੰਗ ਵਰਤੇ ਜਾਂਦੇ ਹਨ। ਹੁਣ ਪੈਸਾ ਸਭ ਥਾਵਾਂ ਤੇ ਜਾਣ ਦਾ ਪਰਮਿਟ ਅਤੇ ਸਾਰੇ ਕੰਮ ਕਰਵਾਉਣ ਦੀ ਕੁੰਜੀ ਹੈ। ਹੁਣ ਤਾਂ ਭਾੜੇ 'ਤੇ ਕਤਲ ਕਰਨ ਵਾਲੇ ਵੀ ਮਿਲ ਜਾਂਦੇ ਹਨ। ਨਿਰਸੰਦੇਹ ਭ੍ਰਿਸ਼ਟਾਚਾਰ ਨੇ ਕਈ ਨਵੇਂ ਰੋਜ਼ਗਾਰ ਪੈਦਾ ਕੀਤੇ ਹਨ। ਭ੍ਰਿਸ਼ਟਾਚਾਰ ਦੇ ਪੱਖੋਂ ਹੁਣ ਸਮੁੱਚੀ ਸਥਿਤੀ ਇਹ ਹੈ ਕਿ ਜੇ ਈਮਾਨਦਾਰਾਂ ਦੀ ਕੋਈ ਸਭਾ ਬਣਾਈ ਜਾਵੇ ਤਾਂ ਸਾਰੇ ਅਹੁਦਿਆਂ ਉਤੇ ਬੇਈਮਾਨ ਸੱਜ ਜਾਣਗੇ।

ਮਨੁੱਖ ਦੀ ਸਭ ਤੋਂ ਸ਼ਕਤੀਸ਼ਾਲੀ ਆਦਤ ਕਮਾਉਣ ਅਤੇ ਖਰਚਣ ਦੀ ਹੁੰਦੀ ਹੈ। ਜਦੋਂ ਕਮਾਈ ਅਤੇ ਖਰਚ ਵਿਚ ਤਾਲਮੇਲ ਨਹੀਂ ਰਹਿੰਦਾ ਜਾਂ ਜਦੋਂ ਕਮਾਈ ਨਾਲੋਂ ਵਧੇਰੇ ਖਰਚ ਕਰਨ ਦੀ ਇੱਛਾ ਉਪਜਦੀ ਹੈ ਜਾਂ ਵਸੀਲਿਆਂ ਨਾਲੋਂ ਵੱਧ ਅਤੇ ਮਹਿੰਗੀਆਂ ਸਹੂਲਤਾਂ ਮਾਣਨ ਨੂੰ ਦਿਲ ਕਰਦਾ ਹੈ, ਉਦੋਂ ਹੀ ਬੇਈਮਾਨੀ ਅਤੇ ਭ੍ਰਿਸ਼ਟਾਚਾਰ ਦੇ ਬੀਜ ਸਾਡੇ ਚਰਿੱਤਰ ਵਿਚ ਬੋਏ ਜਾਂਦੇ ਹਨ। ਭ੍ਰਿਸ਼ਟਾਚਾਰ ਹਰੇਕ ਯੁਗ ਵਿਚ ਰਿਹਾ ਹੈ। ਪੰਚਤੰਤਰ, ਮਹਾਂਭਾਰਤ, ਪਲੈਟੋ ਦੀਆਂ ਲਿਖਤਾਂ, ਸ਼ੈਕਸਪੀਅਰ ਦੇ ਨਾਟਕਾਂ, ਧਾਰਮਕ ਗ੍ਰੰਥਾਂ ਵਿਚ ਭ੍ਰਿਸ਼ਟ ਵਿਹਾਰ ਦੇ ਅਨੇਕਾਂ ਹਵਾਲੇ ਮਿਲਦੇ ਹਨ। ਕੌਟਲਯ ਨੇ ਆਪਣੀ ਰਚਨਾ ਵਿਚ ਚਾਲ੍ਹੀ ਪ੍ਰਕਾਰ ਦੇ ਭ੍ਰਿਸ਼ਟਾਚਾਰ ਦੀ ਨਿਸ਼ਾਨਦੇਹੀ ਕੀਤੀ ਹੈ। ਸਮੁੱਚੇ ਰੂਪ ਵਿਚ ਮਿਹਨਤ ਤੋਂ ਬਿਨਾ ਅਤੇ ਗਲਤ ਸਾਧਨਾਂ ਰਾਹੀਂ ਅਮੀਰ ਹੋਣ ਦੀ ਇੱਛਾ, ਭ੍ਰਿਸ਼ਟਾਚਾਰ ਹੈ। ਹੁਣ ਭ੍ਰਿਸ਼ਟ ਢੰਗ ਅਪਨਾਉਣ ਦਾ ਆਧਾਰ ਉਸਾਰਨ ਲਈ ਅਸੀਂ ਧਾਰਣਾ ਹੀ ਬਣਾ ਲਈ ਹੈ ਕਿ ਮਿਹਨਤ ਦੀ ਕਮਾਈ ਕਾਫੀ ਨਹੀਂ ਹੁੰਦੀ। ਹਰ ਵਿਕਾਸ ਨਾਲ ਮਨੁੱਖਤਾ ਦਾ ਕੋਈ ਨਾ ਕੋਈ ਗੁਣ ਲੋਪ ਹੋ ਜਾਂਦਾ ਹੈ। ਅਜੋਕੇ ਵਿਕਾਸ ਨਾਲ ਮਨੁੱਖਤਾ ਵਿਚੋਂ ਈਮਾਨਦਾਰੀ ਲੋਪ ਹੋ ਗਈ ਹੈ। ਕਈ ਪੁੱਛਦੇ ਹਨ ਕਿ ਭ੍ਰਿਸ਼ਟਾਚਾਰ ਕਿਵੇਂ ਖਤਮ ਹੋਵੇਗਾ? ਉੱਤਰ ਹੈ: ਜਦੋਂ ਮੈਂ ਅਤੇ ਤੁਸੀਂ ਈਮਾਨਦਾਰ ਬਣ ਜਾਵਾਂਗੇ। ਭ੍ਰਿਸ਼ਟਾਚਾਰ ਮੁਕੇਗਾ ਨਹੀਂ, ਕੰਪਿਊਟਰ ਤਕਨਾਲੋਜੀ ਅਤੇ ਆਰਥਿਕ ਖੁਸ਼ਹਾਲੀ, ਕਿਸੇ ਹੱਦ ਤੱਕ ਇਸ ਨੂੰ ਨੱਥ ਜ਼ਰੂਰ ਪਾ ਲੈਣਗੀਆਂ। ਟੈਲੀਫੋਨ, ਹਵਾਈ ਸਫ਼ਰ ਆਦਿ ਜਿਨ੍ਹਾਂ ਖੇਤਰਾਂ ਵਿਚ ਮੁਕਾਬਲਾ ਹੈ, ਉਥੇ ਭ੍ਰਿਸ਼ਟਾਚਾਰ ਮੁਕਿਆ ਤਾਂ ਨਹੀਂ ਘਟਿਆ ਜ਼ਰੂਰ ਹੈ। ਭ੍ਰਿਸ਼ਟਾਚਾਰ ਮਨੁੱਖੀ ਸੋਚ ਵਿਚ ਹੈ। ਇਸ ਸੋਚ ਕਾਰਨ ਹੀ ਕੋਈ ਵੀ ਵਿਵਸਥਾ ਭ੍ਰਿਸ਼ਟਾਚਾਰ ਤੋਂ ਮੁਕਤ ਨਹੀਂ। ਜੇ ਸਾਰੇ ਲੋਕ ਈਮਾਨਦਾਰ ਹੋ ਜਾਣ ਤਾਂ ਸਾਰਾ ਆਰਥਿਕ ਅਤੇ ਸਮਾਜਿਕ ਢਾਂਚਾ ਢਹਿ-ਢੇਰੀ ਹੋ ਜਾਵੇਗਾ। ਪੁਲੀਸ ਦੀ ਲੋੜ ਹੀ ਨਹੀਂ ਪਵੇਗੀ। ਵਕੀਲ ਵਿਹਲੇ, ਅਦਾਲਤਾਂ ਬੰਦ ਅਤੇ ਜੇਲ੍ਹਾਂ ਖਾਲੀ ਹੋ ਜਾਣਗੀਆਂ। ਲੋਕ ਬੀਮਾਰ ਨਹੀਂ ਪੈਣਗੇ, ਕੈਮਿਸਟ, ਡਾਕਟਰ ਕੀ ਕਰਨਗੇ? ਟਿਊਸ਼ਨਾਂ ਮੁੱਕ ਜਾਣਗੀਆਂ, ਨਕਲ ਖਤਮ ਹੋ ਜਾਵੇਗੀ। ਅਖ਼ਬਾਰਾਂ ਵਿਚ ਕੀ ਛਪੇਗਾ? ਧਾਰਮਕ ਸਥਾਨਾਂ ਤੇ ਕੌਣ ਜਾਵੇਗਾ? ਪਰ ਇਵੇਂ ਹੋਵੇਗਾ ਨਹੀਂ ਕਿਉਂਕਿ ਸਾਡੀ ਸਮੁੱਚੀ ਆਰਥਿਕਤਾ, ਭ੍ਰਿਸ਼ਟ ਸੋਚ ਇਸ ਕਰਕੇ, ਲਾਲਚ ਉਤੇ ਉਸਰੀ ਹੋਈ ਹੈ, ਕਿਉਂਕਿ ਮਨੁੱਖ ਦਾ ਉਦੇਸ਼ ਸੁਖੀ ਰਹਿਣਾ ਨਹੀਂ, ਦੁੱਖੀ ਹੋਣਾ ਹੈ।

# ਖੇਤਾਂ ਦੀ ਅੱਗ

**ਕਮਾਂਡੈਂਟ ਬਲਰਾਜ ਸਿੰਘ ਪੰਡੋਰੀ ਸਿੱਧਵਾਂ # 9501100062**



ਲੋਕਾਂ ਨੇ ਚਾਰੇ ਪਾਸੇ ਖੇਤਾਂ ਵਿੱਚ ਕਣਕ ਦੀ ਰਹਿੰਦ ਖੂੰਹਦ ਨੂੰ ਅੱਗ ਲਗਾਈ ਹੋਈ ਸੀ ਜਿਸ ਕਾਰਨ ਸਵਾਹ ਉੱਡ ਉੱਡ ਕੇ ਲੋਕਾਂ ਦੇ ਸਿਰਾਂ ਵਿੱਚ ਪੈ ਰਹੀ ਸੀ। ਕੁਕੜ ਖੇਹ ਉਡਾਈ ਤੇ ਆਪਣੇ ਸਿਰ ਵਿੱਚ ਪਾਈ, ਵਾਲੀ ਕਹਾਵਤ ਸ਼ਤ ਪ੍ਰਤੀਸ਼ਤ ਸੱਚ ਸਾਬਤ ਹੋ ਰਹੀ ਸੀ। ਬੱਚਿਆਂ, ਬਜ਼ੁਰਗਾਂ ਅਤੇ ਸਾਹ ਦੀ ਬਿਮਾਰੀ ਵਾਲੇ ਬੰਦਿਆਂ ਦਾ ਖੰਘ ਖੰਘ ਕੇ ਬੁਰਾ ਹਾਲ ਹੋ ਰਿਹਾ ਸੀ। ਖੇਤਾਂ ਅਤੇ ਸੜਕਾਂ ਦੇ ਕਿਨਾਰੇ ਪੰਜ ਕੁ ਮਹੀਨੇ ਪਹਿਲਾਂ ਝੋਨੇ ਦੀ ਪਰਾਲੀ ਦੀ ਅੱਗ ਤੋਂ ਬਚੇ ਥੋੜ੍ਹੇ ਬਹੁਤੇ ਦਰਖਤਾਂ ਵਿੱਚੋਂ ਕੁਝ ਸੜ ਚੁੱਕੇ ਸਨ ਤੇ ਕੁਝ ਅਜੇ ਧੁਖ ਰਹੇ ਸਨ। ਅੱਗ ਦੇ ਸੇਕ ਕਾਰਨ ਉਹਨਾਂ 'ਤੇ ਪਾਏ ਪੰਛੀਆਂ ਦੇ ਆਲ੍ਹਣਿਆਂ ਵਿੱਚੋਂ ਮਾਸੂਮ ਬੋਟ ਫੁੜਕ ਫੁੜਕ ਕੇ ਧਰਤੀ 'ਤੇ ਡਿੱਗ ਰਹੇ ਸਨ। ਆਪਣੇ ਬੇਕਸੂਰ ਬੱਚਿਆਂ ਦੀ ਹੋ ਰਹੀ ਅਣਿਆਈ ਮੌਤ ਵੇਖ ਕੇ ਪੰਛੀਆਂ ਵੱਲੋਂ ਪਾਇਆ ਜਾ ਰਿਹਾ ਵਿਰਲਾਪ ਪੱਥਰ ਦਿਲਾਂ ਨੂੰ ਵੀ ਪਾੜ ਰਿਹਾ ਸੀ। ਕਿਉਂਕਿ ਟਟੀਹਰੀ ਧਰਤੀ 'ਤੇ ਆਲ੍ਹਣਾ ਬਣਾ ਕੇ ਬੱਚੇ ਦੇਂਦੀ ਹੈ, ਇਸ ਲਈ ਉਸ ਦਾ ਤਾਂ ਬੀਜ਼ ਨਾਸ ਹੋ ਰਿਹਾ ਸੀ।

ਚੱਬੇ ਪਿੰਡ ਦੇ ਦਸ ਪੰਦਰਾਂ ਬੰਦੇ ਪੰਚਾਇਤ ਘਰ ਵਿਚਲੇ ਬੋਹੜ ਦੀ ਠੰਡੀ ਛਾਂ ਹੇਠ ਤਾਸ਼ ਖੇਡ ਰਹੇ ਸਨ। ਨੰਗਾਂ ਦੇ ਸੁੱਚੇ ਨੇ ਗੱਲ ਛੇੜੀ, "ਇਸ ਵਾਰ ਤਾਂ ਰੱਬ ਪਿੱਛੇ ਈ ਪੈ ਗਿਆ ਸੀ ਆਪਣੇ। ਰੋਜ ਮੀਂਹ, ਰੋਜ ਮੀਂਹ। ਬੜੀ ਮੁਸ਼ਕਿਲ ਨਾਲ ਕਣਕ ਸਾਂਭੀ ਇਸ ਵਾਰ ਤਾਂ। ਝਾੜ ਵੀ ਘਟ ਆਇਆ ਮੇਰਾ।" ਮਾਸਟਰ ਅਵਤਾਰ ਸਿੰਘ ਨੇ ਪੱਤੇ ਫੈਂਟਦੇ ਹੋਏ ਜਵਾਬ ਦਿੱਤਾ, "ਜਦੋਂ ਆਪਾਂ ਰੱਬ ਦੇ ਪਿੱਛੇ ਪਏ ਆਂ ਫਿਰ ਰੱਬ ਨੇ ਤਾਂ ਆਪਣੇ ਪਿੱਛੇ ਪੈਣਾ ਈ ਆਂ। ਨਾਲੇ ਇਹ ਮੌਸਮੀ ਬਦਲਾਅ ਕੁਦਰਤ ਨਾਲ ਛੇੜ ਛਾੜ ਦਾ ਨਤੀਜਾ ਆ। ਰੱਬ ਪਤਾ ਨਈਂ ਹੈ ਆ ਜਾਂ ਨਈਂ।" ਪਿਆਰਾ ਸਿੰਘ ਨੇ ਮੁੰਡੇ ਤੇਲੇ ਨੇ ਹੈਰਾਨੀ ਨਾਲ ਪੁੱਛਿਆ, "ਉਹ ਕਿਵੇਂ ਤਾਇਆ?" "ਉਹ ਇਸ ਤਰਾਂ ਕਿ ਜੇ ਇਨਸਾਨ ਕੁਦਰਤ ਨੂੰ ਨੁਕਸਾਨ ਪਹੁੰਚਾਵੇਗਾ ਤਾਂ ਫਿਰ ਕੁਦਰਤ ਨੇ ਵੀ ਤਾਂ ਇਨਸਾਨ ਨੂੰ ਨੁਕਸਾਨ ਪਹੁੰਚਾਉਣਾ ਹੋਇਆ। ਚਲੋ ਕਿਸਾਨਾਂ ਦੀ ਇਹ ਗੱਲ ਤਾਂ ਕਿਸੇ ਹੱਦ ਤਕ ਮੰਨੀ ਜਾ ਸਕਦੀ ਹੈ ਕਿ ਝੋਨੇ ਦੀ ਰਹਿੰਦ ਖੂੰਹਦ ਸੰਭਾਲਣੀ ਔਖੀ ਹੁੰਦੀ ਆ। ਪਰ ਲੋਕ ਤਾਂ ਕਣਕ ਵੇਲੇ ਵੀ ਹੱਦ ਕਰੀ ਜਾਂਦੇ ਆ। ਤੂੜੀ ਵਾਲੀ ਮਸ਼ੀਨ ਚਲਾਉਣ ਤੋਂ ਬਾਅਦ ਤਾਂ ਸਿਰਫ ਦੋ ਦੋ ਇੰਚ ਦੇ ਬੁੱਥੇ (ਕਰਚੇ) ਬਚਦੇ ਆ ਪਿੱਛੇ। ਉਹਨਾਂ ਨੂੰ ਅੱਗ ਲਗਾਉਣ ਦੀ ਕੀ ਲੋੜ ਆ? ਉਹ ਕਿਹੜੇ ਪੈਲੀ ਵਾਹੁਣ ਵੇਲੇ ਹੱਲਾਂ ਵਿੱਚ ਫਸਦੇ ਆ? ਅੱਗ ਲਾਉਣ ਨਾਲ ਇੱਕ ਤਾਂ ਆਰਗੈਨਿਕ ਤੱਤ ਤੇ ਮਿੱਤਰ ਕੀੜੇ ਸੜਦੇ ਆ ਤੇ ਦੂਸਰਾ ਜ਼ਮੀਨ ਬਰਬਾਦ ਹੁੰਦੀ ਆ। ਹੋਰ ਦਸਾਂ ਸਾਲਾਂ ਨੂੰ ਪੰਜਾਬ ਦੀ ਧਰਤੀ ਐਨੀ ਕਰੜੀ ਹੋ ਜਾਣੀ ਆ ਕਿ ਭੱਠੇ ਤੋਂ ਇੱਟਾਂ ਖਰੀਦਣ ਦੀ ਜਰੂਰਤ ਈ ਨਹੀਂ ਪਿਆ ਕਰਨੀ। ਸਿੱਧੀਆਂ ਖੇਤਾਂ ਵਿੱਚੋਂ ਈ ਪੁੱਟ ਲਿਆ ਕਰਿਉ ਭਾਵੇਂ।"

"ਤਾਇਆ ਤੂੰ ਤਾਂ ਬੱਸ ਕਿਸਾਨਾਂ ਦੇ ਪਿੱਛੇ ਈ ਪਿਆ ਰਿਹਾ ਕਰ। ਆ ਜਿਹੜਾ ਕਰੋੜਾਂ ਟਨ ਧੂੰਆਂ ਗੱਡੀਆਂ, ਕਾਰਖਾਨਿਆਂ ਤੇ ਭੱਠਿਆਂ ਵਿੱਚੋਂ ਨਿਕਲਦਾ ਆ, ਉਹ ਨਈਂ ਦਿਸਦਾ ਤੈਨੂੰ," ਬੁੱਚਿਆਂ ਦੇ ਲਾਲੂ ਨੇ ਖਿਝ ਕੇ ਕਿਹਾ। ਅਵਤਾਰ ਮਾਸਟਰ ਨੇ ਹਾਉਕਾ ਭਰ ਕੇ ਬੋਲਿਆ, "ਕਾਕਾ ਇਹੋ ਤਾਂ ਦੁੱਖ ਆ। ਅਸੀਂ ਹਮੇਸ਼ਾਂ ਦੂਸਰਿਆਂ ਦੀਆਂ ਭੈੜੀਆਂ ਆਦਤਾਂ ਅਪਨਾਉਣ ਨੂੰ ਪਹਿਲ ਦੇਂਦੇ ਆਂ ਤੇ ਚੰਗੇ ਬੰਦਿਆਂ ਦੇ ਕੰਮਾਂ ਵੱਲੋਂ ਅੱਖਾਂ ਬੰਦ ਕਰ ਲੈਂਦੇ ਆਂ। ਕਦੇ ਬਾਬੇ ਸੇਵਾ ਸਿੰਘ ਖਡੂਰ ਸਾਹਿਬ ਤੇ ਬਾਬੇ ਬਲਬੀਰ ਸਿੰਘ ਸੀਚੇਵਾਲ ਵਰਗਿਆਂ ਵਾਂਗ ਪੌਦੇ ਲਗਾ ਕੇ ਕੁਦਰਤ ਨੂੰ ਬਚਾਉਣ ਦੀ ਰੀਸ ਵੀ ਕਰ ਲਿਆ ਕਰੋ। ਤੇਰੇ ਵਰਗੇ ਜ਼ਾਹਿਲਾਂ ਨੇ ਪੌਦੇ ਲਗਾਉਣੇ ਤਾਂ ਕੀ ਸਨ, ਸਗੋਂ ਇਹਨਾਂ ਬਾਬਿਆਂ ਵੱਲੋਂ ਸੜਕਾਂ ਕਿਨਾਰੇ ਲਗਾਏ ਗਏ ਬੂਟੇ ਵੀ ਸਾੜ ਕੇ ਸਵਾਹ ਕਰ ਦਿੱਤੇ ਹਨ। ਕਈ ਤਾਂ ਐਨੇ ਮਹਾਂ ਮੂਰਖ ਹਨ ਜੋ ਪਹਿਲਾਂ ਨਾੜ ਸਾੜ ਕੇ ਧਰਤੀ ਦੀ ਹਿੱਕ ਫੂਕਦੇ ਹਨ ਤੇ ਫਿਰ ਉਹਨਾਂ ਖੇਤਾਂ ਨੂੰ ਠੰਡੇ ਕਰਨ ਦੇ ਨਾਂ ਹੇਠ ਮੋਟਰਾਂ ਚਲਾ ਕੇ ਦੁਨੀਆਂ ਦੀ ਸਭ ਤੋਂ ਅਣਮੋਲ ਚੀਜ ਪਾਣੀ ਦੀ ਬਰਬਾਦੀ ਕਰ ਰਹੇ ਹਨ।" ਮਾਸਟਰ ਦੀ ਗੱਲ ਸੁਣ ਕੇ ਸਾਰੇ ਆਸੇ ਪਾਸੇ ਝਾਕਣ ਲੱਗ ਪਏ।

-0-

ਜੇ ਸਾਰੇ ਟੈਕਸ ਖਤਮ ਕਰ ਦਿੱਤੇ ਜਾਣ ਤਾਂ ਇਸ ਨਾਲ ਮਨੁੱਖ ਚੰਗੇਰਾ ਜੀਵਨ ਨਹੀਂ ਜੀਵੇਗਾ, ਸਗੋਂ ਮਨੁੱਖ ਦਾ ਲਾਲਚ ਹੋਰ ਵੱਧ ਜਾਵੇਗਾ ਅਤੇ ਉਹ ਦਿਨ-ਰਾਤ ਧਨ ਇਕੱਠਾ ਕਰਨ ਵਿਚ ਜੁੱਟ ਜਾਵੇਗਾ ਅਤੇ ਆਪਣੇ ਜੀਵਨ ਨੂੰ ਹੋਰ ਕਰੂਪ ਕਰ ਲਵੇਗਾ। ਭ੍ਰਿਸ਼ਟ ਵਿਅਕਤੀ ਆਮ ਕਹਿੰਦੇ ਹਨ ਕਿ ਸੈਰ-ਸਪਾਟੇ ਲਈ ਸਵਰਗ ਠੀਕ ਹੈ ਪਰ ਰਹਿਣ ਲਈ ਨਰਕ ਵਰਗੀ ਰਮਣੀਕ ਥਾਂ ਕੋਈ ਨਹੀਂ, ਕਿਉਂਕਿ ਇਥੇ ਕਲਿਯੁਗ ਦੀਆਂ ਰੌਣਕਾਂ ਹਨ, ਇਥੇ ਜਮੀਨਾਂ ਦੇ ਰੇਟ ਵੀ ਬੜੇ ਵੱਧ ਗਏ ਹਨ ਅਤੇ ਹਰ ਮਹਿਕਮੇ ਵਿਚ ਉਪਰਲੀ ਕਮਾਈ ਵੀ ਚੋਖੀ ਹੈ। ਕਿਸੇ ਸਭਿਅਤਾ ਦੇ ਲੰਮੇ ਪ੍ਰਵਾਹ ਵਿਚ ਕੁਝ ਵਿਅਕਤੀਆਂ ਵਲੋਂ ਨਾਜਾਇਜ਼ ਢੰਗਾਂ ਨਾਲ ਧਨ ਜੋੜ ਲੈਣਾ ਕੋਈ ਵੱਡੀ ਗੱਲ ਨਹੀਂ ਹੁੰਦੀ। ਸਭਿਅਤਾ ਦੀਆਂ ਮੂਲ ਕਦਰਾਂ-ਕੀਮਤਾਂ ਉੱਤੇ ਅਜਿਹੇ ਵਰਤਾਰੇ ਝਰੀਟ ਤਾਂ ਮਾਰ ਸਕਦੇ ਹਨ ਪਰ ਉਸ ਨੂੰ ਜ਼ਖਮੀ ਨਹੀਂ ਕਰ ਸਕਦੇ। ਸਭਿਅਤਾ ਅਤੇ ਸਭਿਆਚਾਰ ਮਰਦੇ ਨਹੀਂ ਹੁੰਦੇ, ਹਰ ਸੰਕਟ ਨਾਲ ਇਹ ਮਜ਼ਬੂਤ ਹੀ ਹੁੰਦੇ ਹਨ। ਸਾਡੀ ਸਭਿਅਤਾ ਦਾ ਅਜੋਕਾ ਸੰਕਟ, ਚਰਿੱਤਰ ਦੇ ਪਤਨ ਕਾਰਨ ਹੈ। ਸਭਿਆਚਾਰ ਸਾਲਾਂ-ਦਹਾਕਿਆਂ ਵਿਚ ਨਹੀਂ, ਸਦੀਆਂ-ਹਜ਼ਾਰੀਆਂ ਵਿਚ ਉਸਰਦਾ ਹੈ। ਜੋ ਵੀ ਬਾਹਰੋਂ ਭਾਰਤ ਆਇਆ, ਉਹ ਸਾਡੇ ਸਭਿਆਚਾਰ ਨੂੰ ਵਿਸ਼ਾਲ ਕਰਕੇ, ਨਵੀਂ ਪਰਤ ਜੋੜਦਾ ਗਿਆ ਹੈ ਪਰ ਕੋਈ ਵੀ ਇਸ ਦੇ ਮੂਲ-ਸੁਭਾਉ ਨੂੰ ਨਹੀਂ ਬਦਲ ਸਕਿਆ। ਹਰ ਸਭਿਅਤਾ ਅਤੇ ਸਭਿਆਚਾਰ ਦੀ ਇਕ ਮੌਲਿਕ ਜੀਵਨ-ਜਾਚ ਹੁੰਦੀ ਹੈ, ਜਿਹੜੀ ਆਪ-ਮੁਹਾਰੇ ਸਿੱਖੀ ਜਾਂਦੀ ਹੈ। ਭਾਰਤ ਵਿਚ ਉਹੀ ਮਹਾਨ ਹੋਏ ਹਨ, ਜਿਨ੍ਹਾਂ ਨੇ ਵੱਡੇ ਤਿਆਗ ਕਰਕੇ, ਸਾਧਨਾ ਰਾਹੀਂ ਆਪਣੀ ਆਤਮਾ ਨਾਲ, ਪਰਮ-ਆਤਮਾ ਦੇ ਦੀਦਾਰ ਕੀਤੇ ਅਤੇ ਹੋਰਾਂ ਨੂੰ ਕਰਵਾਏ ਹਨ। ਭਾਰਤੀ ਸਭਿਅਤਾ ਦੀ ਬੁਨਿਆਦੀ ਜੀਵਨ-ਜਾਚ ਤਿਆਗ ਅਤੇ ਕੁਰਬਾਨੀ ਹੈ ਅਤੇ ਜੀਵਨ-ਉਦੇਸ਼ ਪਰਉਪਕਾਰ ਅਤੇ ਆਤਮਕ ਸ਼ਾਂਤੀ ਹੈ, ਇਸ ਕਰਕੇ ਮਨੁੱਖ ਕੋਲ ਭ੍ਰਿਸ਼ਟ ਸਾਧਨਾਂ ਰਾਹੀਂ ਭਾਵੇਂ ਕਿਤਨਾ ਵੀ ਧਨ ਜੁੜ ਜਾਵੇ, ਉਸ ਦੀ ਧੁਰ ਡੂੰਘ ਇਸ ਜੰਜਾਲ ਤੋਂ ਛੁਟਕਾਰਾ ਪਾਉਣ ਅਤੇ ਆਤਮਕ ਸ਼ਾਂਤੀ ਲਈ ਤਰਲੇ ਲਵੇਗੀ ਕਿਉਂਕਿ ਉਸ ਨੂੰ ਕਿਸੇ ਹੋਰ ਦਹਿਲੀਜ਼ ਉਤੇ ਪ੍ਰਵਾਨਗੀ ਨਹੀਂ ਮਿਲੇਗੀ।

ਅੰਤ ਨੂੰ ਭ੍ਰਿਸ਼ਟਾਚਾਰ ਮੁੱਕੇਗਾ, ਕਿਉਂਕਿ ਭਾਰਤ ਦੀ ਬੁਨਿਆਦੀ ਜੀਵਨ-ਜਾਚ ਤਿਆਗਮਈ ਅਤੇ ਭ੍ਰਿਸ਼ਟਾਚਾਰ-ਵਿਰੋਧੀ ਹੈ।

***

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਸਾਬਤ ਸੂਰਤਿ ਰਹਿਣ' ਦਾ ਸੰਕਲਪ

**'ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਪੁਸਤਕ ਵਿਚੋਂ**

**ਗਿ: ਜਗਤਾਰ ਸਿੰਘ ਜਾਚਕ**

ਗੁਰਬਾਣੀ ਤੇ ਗੁਰ-ਇਤਿਹਾਸ ਦੀ ਉਪਰੋਕਤ ਵੀਚਾਰ ਤੋਂ ਇਹ ਵੀ ਨਿਰਣੈ ਹੋ ਜਾਂਦਾ ਹੈ ਕਿ ਪੂਰਬੀ ਤੇ ਪੱਛਮੀ ਮਤ-ਮਤਾਂਤਰਾਂ ਵਿਖੇ 'ਸ਼ਬਦ ਬ੍ਰਹਮ' ਦੇ ਸਿਧਾਂਤ ਦੀ ਜੋ ਪਰੰਪਰਾ ਪ੍ਰਾਚੀਨ-ਕਾਲ ਤੋਂ ਅਵਤਾਰਵਾਦ ਤੇ ਪੈਗੰਬਰੀ ਹੋਂਦ ਦੇ ਪ੍ਰਭਾਵ ਹੇਠ ਦੱਬਵੀਂ ਸੁਰ ਵਿਚ ਪ੍ਰਚੱਲਤ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਭਾਵੇਂ ਉਸੇ ਪਰੰਪਰਾ ਨੂੰ ਹੀ ਜ਼ੋਰਦਾਰ ਢੰਗ ਨਾਲ ਉਜਾਗਰ ਕਰਦਿਆਂ ਅੱਗੇ ਤੋਰਿਆ ਗਿਆ ਹੈ। ਪਰ ਵਿਸ਼ੇਸ਼ਤਾ ਇਹ ਹੈ ਕਿ ਹੋਰ ਸਾਰੇ ਮਤ-ਮਤਾਂਤਰਾਂ ਵਿਚ ਨਿਰੰਕਾਰੀ ਸ਼ਬਦ-ਬ੍ਰਹਮ ਤੇ ਸਾਧਕ ਮਨੁੱਖ ਦੇ ਦਰਮਿਆਨ ਕਿਸੇ ਅਵਤਾਰ, ਗੁਰੂ ਜਾਂ ਪੈਗੰਬਰ ਦੇ ਰੂਪ ਵਿਚ ਕੋਈ ਵਿਅਕਤਵ ਖੜਾ ਹੈ, ਪਰ ਸਿੱਖੀ ਵਿਚ ਅਜਿਹਾ ਕੁਝ ਵੀ ਨਹੀਂ। ਕਿਉਂਕਿ ਇਥੇ ਸ਼ਖ਼ਸੀ-ਗੁਰੂ ਦੀ ਥਾਂ ਗੁਰਬਾਣੀ ਰੂਪ ਵਿਚ ਸ਼ਬਦ-ਗੁਰੂ ਦੀ ਪ੍ਰਧਾਨਤਾ ਹੈ। ਇਉਂ ਵੀ ਆਖਿਆ ਜਾ ਸਕਦਾ ਹੈ ਕਿ ਇਥੇ ਮਨੁੱਖਤਾ ਦੀ ਅਗਵਾਈ ਲਈ ਗੁਰਿਆਈ ਦਾ ਛਤ੍ਰ ਕਿਸੇ ਵਿਅਕਤੀ ਦੇ ਸਿਰ 'ਤੇ ਨਹੀਂ: ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ 'ਸ਼ਬਦ-ਗੁਰੂ' ਦੇ ਸੀਸ 'ਤੇ ਝੁਲਾ ਹੈ।

ਵੇਦ, ਪੁਰਾਣ ਤੇ ਕਤੇਬ, ਕੁਰਾਨ ਦੇ ਰੂਪਾਂ ਵਿਚ ਭਾਵੇਂ ਸਾਰੇ ਮਤ-ਮਤਾਂਤਰਾਂ ਦੇ ਆਪੋ-ਆਪਣੇ ਧਰਮ ਗ੍ਰੰਥ ਹਨ, ਜੋ ਬ੍ਰਹਮ-ਬਾਣੀ ਜਾਂ ਕਲਾਮਿ-ਹੱਕ ਮੰਨੇ ਜਾਣ ਕਰਕੇ ਸ਼ਬਦ-ਬ੍ਰਹਮ ਅਥਵਾ ਸ਼ਬਦ-ਗੁਰੂ ਦੇ ਹੀ ਪ੍ਰਤੀਕ ਮੰਨੇ ਜਾਂਦੇ ਹਨ। ਪਰ ਇਹ ਸੱਚ ਵੀ ਜਗਤ ਸਾਹਮਣੇ ਪ੍ਰਤੱਖ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਹੋਰ ਕੋਈ ਧਰਮ-ਗ੍ਰੰਥ ਨਹੀਂ, ਜਿਸ ਨੂੰ ਗੁਰੂ ਨਾਨਕ-ਜੋਤਿ ਗੁਰੂ ਸਾਹਿਬਾਨ ਵਾਂਗ ਕਿਸੇ

ਧਾਰਮਿਕ ਰਹਿਬਰ ਨੇ ਆਪ ਲਿਖਿਆ, ਲਿਖਵਾਇਆ ਤੇ ਸੰਪਾਦਤ ਕਰਵਾਇਆ ਹੋਵੇ; ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਂਗ ਕਿਸੇ ਗ੍ਰੰਥ ਨੂੰ 'ਗੁਰੂ' ਪਦਵੀ ਪ੍ਰਾਪਤ ਹੋਵੇ। ਗੁਰੂ ਨਾਨਕ ਸਾਹਿਬ ਦੀ ਸਿੱਖੀ ਨੂੰ ਛੱਡ ਕੇ ਬਾਕੀ ਦੇ ਸਾਰੇ ਮਜ਼ਹਬਾਂ ਵਿਚ ਸਰਬੋਤਮਤਾ ਧਰਮ-ਗ੍ਰੰਥ ਦੀ ਨਹੀਂ, ਮਜ਼ਹਬੀ ਰਹਿਬਰ ਦੇ ਰੂਪ ਵਿਚ ਵਿਅਕਤੀ ਗੁਰੂ, ਅਵਤਾਰ ਜਾਂ ਕਿਸੇ ਪੀਰ ਪੈਗ਼ੰਬਰ, ਖ਼ਲੀਫ਼ੇ ਤੇ ਪੋਪ ਆਦਿਕ ਦੀ ਹੈ। ਨਿਰੰਕਾਰੀ ਸ਼ਬਦ-ਬ੍ਰਹਮ ਤੇ ਸਾਧਕ ਦੇ ਦਰਮਿਆਨ ਗੁਰੂ, ਪੀਰ, ਪੈਗ਼ੰਬਰ ਵਜੋਂ ਕੋਈ ਨਾ ਕੋਈ ਵਿਅਕਤੀ ਵਿਚੋਲੇ ਵਜੋਂ ਖੜਾ ਹੀ ਦਿੱਸਦਾ ਹੈ।

ਜਿਵੇਂ, ਇਸਲਾਮ-ਮਤ ਅੱਲ੍ਹਾ ਨੂੰ ਭਾਵੇਂ ਲਾਸ਼ਰੀਕ ਤੇ ਅਜਨਮਾ ਮੰਨਦਾ ਹੈ; ਪਰ ਉਥੇ ਵੀ ਅੱਲ੍ਹਾ ਦੇ ਪੈਗ਼ੰਬਰ ਦੀ ਸ਼ਖ਼ਸੀ ਵਿਚੋਲਗੀ ਕਾਇਮ ਹੈ। ਕਿਉਂਕਿ ਅੱਲ੍ਹਾ ਦੇ ਜ਼ਿਕਰ (ਸਿਮਰਨ) ਲਈ ਮੁਸਲਮਾਨ ਸਾਧਕ ਨੂੰ ਜੋ ਕਲਮਾ (ਮੂਲਮੰਤ੍ਰ) ਦ੍ਰਿੜ੍ਹ ਕਰਵਾਇਆ ਜਾਂਦਾ ਹੈ, ਉਸ ਵਿਚ ਰਸੂਲ ਵਜੋਂ ਹਜ਼ਰਤ ਮੁਹੰਮਦ ਸਾਹਿਬ ਦਾ ਵਰਣਨ ਹੈ। ਜਿਵੇਂ "ਲਾਇਲਾਹਾਇੱਲਲਾ, ਮੁਹੰਮਦੁੱਰਸੂਲੱਲਾ।" ਅਰਥਾਤ, ਅੱਲ੍ਹਾ ਬਗੈਰ ਕੋਈ ਪੂਜਣ ਯੋਗ ਨਹੀਂ, ਮੁਹੰਮਦ ਉਸ ਦਾ ਭੇਜਿਆ ਪੈਗ਼ੰਬਰ (ਰਸੂਲ) ਹੈ। ਇੱਕੋ-ਇਕ ਸਿੱਖੀ ਹੈ, ਜਿਸ ਦੇ ਮੂਲਮੰਤ੍ਰ (ਆਧਾਰ ਭੂਤ ਗੁਰ-ਉਪਦੇਸ਼) ਮੰਨੇ ਜਾਂਦੇ "ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥" ਤਕ ਦੇ ਗੁਰਵਾਕ ਵਿਚ 'ਨਾਨਕ' ਨਾਮ ਦਾ ਉਲੇਖ ਨਹੀਂ ਮਿਲਦਾ; ਕਿਉਂਕਿ ਇਥੇ ਵਿਚੋਲਗੀ ਸ਼ਬਦ-ਗੁਰੂ ਦੀ ਹੈ, ਕਿਸੇ ਸ਼ਖ਼ਸੀ-ਗੁਰੂ ਦੀ ਨਹੀਂ।

ਇਸ ਲਈ ਅਜਿਹਾ ਕੋਈ ਕਥਨ ਅਤਿਕਥਨੀ ਨਹੀਂ ਹੋਵੇਗਾ, ਜੋ ਆਖਿਆ ਜਾਵੇ ਕਿ ਸ਼ਬਦ-ਗੁਰੂ ਪਰੰਪਰਾ ਦਾ ਸਿਖਰ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ। ਕਿਉਂਕਿ ਇਹੀ ਇਕ ਧਰਮ-ਗ੍ਰੰਥ ਹੈ, ਜਿਸ ਦੁਆਰਾ ਸ਼ਬਦ-ਗੁਰੂ ਦੇ ਸਿਧਾਂਤ ਦੀ ਸੰਪੂਰਨ ਤੇ ਸੁਤੰਤਰ ਪਹਿਚਾਨ ਕਾਇਮ ਹੁੰਦੀ ਹੈ। ਜਿਸ ਵਿਚੋਂ ਗੁਰੂ ਨਾਨਕ ਸਾਹਿਬ ਦਾ ਬਾਰ-ਬਾਰ ਇਹੀ ਹੋਕਾ ਸੁਣੀਦਾ ਹੈ ਕਿ ਅਕਾਲ ਪੁਰਖ ਦਾ ਮਿਲਾਪ ਗੁਰਸ਼ਬਦ ਦੁਆਰਾ ਹੁੰਦਾ ਹੈ। ਜਿਵੇਂ ਗੁਰਵਾਕ ਹੈ:

**ਨਾਨਕ ਮਨਿ ਤਨਿ ਸੁਖੁ ਸਦ ਵਸੈ ਭਾਈ ਸਬਦਿ ਮਿਲਾਵਾ ਹੋਇ॥ (1177)**

**ਨਾਨਕ ਸਬਦਿ ਮਿਲਾਵੜਾ ਨਾ ਵੇਛੋੜਾ ਹੋਇ॥ (56)**

-0-

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਸਾਬਤ ਸੂਰਤਿ ਰਹਿਣ' ਦਾ ਸੰਕਲਪ

'ਗੁਰਸਿੱਖੀ' ਅਨ-ਮੱਤਾਂ ਦੀ ਤਰ੍ਹਾਂ ਕੋਈ ਕਰਮਕਾਂਡੀ ਤੇ ਸੰਪਰਦਾਇਕ ਕੱਟੜਤਾ ਭਰਪੂਰ ਮਜ਼ਹਬ ਨਹੀਂ ਹੈ। ਇਹ ਤਾਂ ਰੱਬੀ-ਰਜ਼ਾ ਵਿਚ ਰਾਜ਼ੀ ਰਹਿੰਦਿਆਂ ਸੱਚੇ-ਸੁੱਚੇ ਆਚਾਰ ਵਾਲਾ ਮਨੁੱਖ ਬਣਨ ਦੀ ਇਕ ਬਹੁਤ ਸਰਲ, ਸੁਚੱਜੀ ਤੇ ਸਹਿਜਮਈ ਜੀਵਨ-ਜੁਗਤਿ ਹੈ। ਇਹੀ ਕਾਰਨ ਹੈ ਕਿ ਗੁਰਸਿੱਖੀ ਦੇ ਆਧਾਰ ਅਤੇ ਰੋਸ਼ਨ-ਮੁਨਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਰੰਭ ਵਿਚ ਮਨੁੱਖ ਦੇ ਸਨਮੁਖ ਸਭ ਤੋਂ ਪਹਿਲਾਂ ਇਹੀ ਸੁਆਲ ਖੜਾ ਕੀਤਾ ਗਿਆ ਹੈ ਕਿ 'ਸਚਿਆਰ' ਕਿਵੇਂ ਹੋਇਆ ਜਾਵੇ? ਸੰਖੇਪ ਉੱਤਰ ਹੈ-ਰਜ਼ਾ ਦੇ ਮਾਲਕ ਦੀ ਰਜ਼ਾ ਵਿਚ ਤੁਰਿਆਂ। ਗੁਰੂ-ਨਾਨਕ ਵਾਕ ਹਨ:

**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥**
**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥1॥ (1)**

ਰੱਬੀ-ਰਜ਼ਾ ਵਿਚ ਰਾਜ਼ੀ ਰਹਿਣ ਵਾਲਾ ਮਨੁੱਖ ਸੁਭਾਵਿਕ ਹੀ ਸਾਬਤ-ਸੂਰਤਿ ਰਹੇਗਾ। ਕਿਉਂਕਿ, ਉਹ ਸਿਰਜਣਹਾਰ ਦੀ ਸਿਰਜੀ ਸੂਰਤਿ ਨੂੰ ਰੱਬੀ ਅਮਾਨਤ (God's deposit) ਜਾਣਦਾ ਹੈ। ਇਸ ਲਈ ਉਹ ਕਿਸੇ ਤਰ੍ਹਾਂ ਦੀ ਛੇੜ-ਛਾੜ ਦੁਆਰਾ ਸਰੀਰਕ ਸੂਰਤਿ ਨੂੰ ਵਿਗਾੜ ਕੇ ਅਮਾਨਤ ਵਿਚ ਖ਼ਿਆਨਤ (Dishonesty) ਕਰਨ ਵਾਲਾ ਕੋਈ ਖੋਟਾ ਯਤਨ ਨਹੀਂ ਕਰਦਾ। ਉਸ ਦਾ ਨਿਸ਼ਚਾ ਹੈ ਕਿ ਮਾਲਕ-ਪ੍ਰਭੂ ਦੇ ਦਰ ਪ੍ਰਵਾਨ ਚੜ੍ਹਨ ਲਈ ਉਸ ਦੇ ਹੁਕਮ ਵਿਚ ਚੱਲਣਾ ਜ਼ਰੂਰੀ ਹੈ। ਰੱਬੀ ਹੁਕਮ ਦੀ ਉਲੰਘਣਾ ਕਰਨੀ ਖੋਟੇ ਹੋਣਾ ਹੈ ਅਤੇ ਅਜਿਹੇ ਖੋਟੇ ਮਨੁੱਖ ਰੱਬੀ ਖ਼ਜ਼ਾਨੇ ਵਿਚ ਨਹੀਂ ਪੈਂਦੇ:

**ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ ॥**
**ਖੋਟੇ ਠਵਰ ਨ ਪਾਇਨੀ ਰਲੇ ਜੂਠਾਨੈ ॥4॥ (421)**

ਗੁਰਬਾਣੀ ਪਰਿਪੇਖ ਵਿਚ 'ਸਾਬਤ ਸੂਰਤਿ ਰਹਿਣ' ਦਾ ਆਦੇਸ਼ 'ਹੁਕਮਿ ਰਜਾਈ' ਚੱਲਣ ਦਾ ਸੰਦੇਸ਼ ਹੈ। ਸਾਬਤ ਸੂਰਤਿ ਰਹਿਣਾ ਕੋਈ ਮਜ਼ਹਬੀ ਭੇਖ ਨਹੀਂ, ਸਗੋਂ ਇਹ ਤਾਂ ਰੱਬੀ-ਹੁਕਮ ਵਿਚ ਕਾਇਮ ਹੋਏ ਕੁਦਰਤੀ ਸਰੂਪ ਨੂੰ ਪ੍ਰਵਾਨ ਕਰ ਕੇ ਜਿਊਣਾ ਹੈ। ਭੇਖ ਉਹ ਹੈ, ਜਿਹੜਾ ਵਿਸ਼ੇਸ਼ ਤੌਰ 'ਤੇ ਧਾਰਨ ਕੀਤਾ ਜਾਵੇ ਜਾਂ ਜੋ ਸਰੀਰ ਦੇ ਕੁਦਰਤੀ ਸਰੂਪ ਨੂੰ ਭੰਗ ਕਰ ਕੇ ਬਣਾਇਆ ਜਾਵੇ। ਜਿਵੇਂ, ਹਿੰਦੂਆਂ ਵਿਚ ਲੜਕਿਆਂ ਦਾ ਮੁੰਡਨ ਸੰਸਕਾਰ ਕਰਨਾ ਅਤੇ ਸੰਨਿਆਸੀਆਂ ਵਲੋਂ ਦਾੜ੍ਹੀ ਕੇਸ ਕਟਵਾ ਕੇ ਰੁੰਡ ਮੁੰਡ ਹੋ ਜਾਣਾ। ਜੈਨੀਆਂ ਵਲੋਂ ਸਿਰ ਦੇ ਵਾਲ ਪਟਵਾਉਣੇ ਅਤੇ ਜੋਗੀਆਂ ਵਲੋਂ ਕੰਨ ਪੜਵਾ ਕੇ ਮੁੰਦਰਾਂ ਪਾਉਣਾ। ਮੁਸਲਮਾਨਾਂ ਵਲੋਂ ਸੁੰਨਤ ਕਰਵਾਉਣੀ ਅਤੇ ਲਬਾਂ ਆਦਿਕ ਦਾ ਕਟਵਾਉਣਾ। ਇਹੀ ਕਾਰਨ ਹੈ ਕਿ ਰੱਬੀ ਰਜ਼ਾ ਵਿਚ ਸਾਬਤ ਸੂਰਤ ਰਹਿ ਕੇ ਜੀਊਣ ਵਾਲੇ ਗੁਰੂ ਸਾਹਿਬਾਨ ਅਤੇ ਭਗਤ ਜਨਾਂ ਵਲੋਂ ਉਪਰੋਕਤ ਕਿਸਮ ਦੇ ਰੱਬੀ ਰਜ਼ਾ ਦੇ ਉਲਟ ਮਜ਼ਹਬੀ ਵਿਖਾਵੇ ਵਾਲੇ ਭੇਖਾਂ ਤੋਂ ਰੋਕਣ ਅਤੇ ਇਨ੍ਹਾਂ ਦਾ ਪਾਜ ਉਘੇੜਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਬਹੁਤ ਤਰਕਮਈ ਤੇ ਵਿਅੰਗਕ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ। ਕਿਉਂਕਿ, ਇਸ ਪ੍ਰਕਾਰ ਦੀਆਂ ਅੰਗ ਛੇਦਕ ਕਿਰਿਆਵਾਂ ਤੇ ਮਜ਼ਹਬੀ ਭੇਖ ਮਨੁੱਖ ਦੇ ਕੁਦਰਤੀ ਸਰੂਪ ਨੂੰ ਵਿਗਾੜਦੇ ਹੋਏ ਮਨੁੱਖੀ ਭਾਈਚਾਰੇ ਵਿਚ ਕੇਵਲ ਵਖਰੇਵੇਂ ਹੀ ਵਧਾਉਂਦੇ ਹਨ, ਜਿਨ੍ਹਾਂ ਕਰਕੇ ਮਜ਼ਹਬੀ ਝਗੜੇ ਖੜੇ ਹੁੰਦੇ ਹਨ। ਇਨ੍ਹਾਂ ਦੇ ਆਸਰੇ ਮਨੁੱਖਾ ਜ਼ਿੰਦਗੀ ਦੇ ਮਨੋਰਥ ਨੂੰ ਹਾਸਲ ਨਹੀਂ ਕੀਤਾ ਜਾ ਸਕਦਾ।

ਗੁਰੂ ਨਾਨਕ ਸਾਹਿਬ ਜੀ ਦਾ ਸਿਧਾਂਤ ਹੈ ਕਿ ਤਪ ਆਦਿਕਾਂ ਨਾਲ ਦੁਖੀ ਹੋਣ ਵਿਚ ਸਿੱਧੀ ਤੇ ਵਡਿਆਈ ਦੀ ਪ੍ਰਾਪਤੀ ਨਹੀਂ ਹੈ। ਸੁਖ-ਰਹਿਣਾ ਹੋਣ ਵਿਚ ਵੀ ਨਹੀ ਤੇ ਪਾਣੀ ਵਿਚ ਖਲੋਣ ਵਿਚ ਵੀ ਨਹੀਂ ਹੈ। ਨਹੀਂ ਤਾਂ ਬੇਅੰਤ ਜੀਵ ਪਾਣੀ ਵਿਚ ਹੀ ਫਿਰਦੇ ਹਨ, ਉਹਨਾਂ ਨੂੰ ਸੁਤੇ ਹੀ ਸਿੱਧੀ ਮਿਲ ਜਾਂਦੀ। ਸਿਰ ਦੇ ਕੇਸ ਮੁਨਾਣ ਵਿਚ (ਭਾਵ, ਰੁੰਡ-ਮੁੰਡ ਹੋ ਜਾਣ ਵਿਚ) ਸਿੱਧੀ ਨਹੀਂ ਹੈ; ਇਸ ਗੱਲ ਵਿਚ ਵੀ ਜਨਮ- ਮਨੋਰਥ ਦੀ ਸਿੱਧੀ ਨਹੀਂ ਕਿ ਵਿਦਵਾਨ ਬਣ ਕੇ ਹੋਰ ਲੋਕਾਂ ਨੂੰ ਚਰਚਾ ਵਿਚ

ਜਿੱਤਣ ਲਈ ਦੇਸਾਂ ਦੇਸਾਂ ਵਿਚ ਫਿਰੀਏ। ਰੁੱਖਾਂ, ਬਿਰਖਾਂ ਤੇ ਪੱਥਰਾਂ ਵਿਚ ਵੀ ਸਿੱਧੀ ਨਹੀਂ ਹੈ, ਇਹ ਆਪਣੇ ਆਪ ਨੂੰ ਕਟਾਂਦੇ ਹਨ ਤੇ ਕਈ ਕਿਸਮ ਦੇ ਦੁੱਖ ਸਹਾਰਦੇ ਹਨ। ਭਾਵ, ਰੁੱਖਾਂ ਬਿਰਖਾਂ ਪੱਥਰਾਂ ਵਾਂਗ ਜੜ੍ਹ ਹੋ ਕੇ ਆਪਣੇ ਉੱਤੇ ਕਈ ਕਸ਼ਟ ਸਹਾਰਿਆਂ ਭੀ ਜਨਮ-ਮਨੋਰਥ ਦੀ ਸਿੱਧੀ ਪ੍ਰਾਪਤ ਨਹੀਂ ਹੁੰਦੀ। ਸੰਗਲ ਲੱਕ ਨਾਲ ਬੰਨ੍ਹਣ ਵਿਚ ਵੀ ਸਿੱਧੀ ਨਹੀਂ ਹੈ, ਹਾਥੀ ਸੰਗਲਾਂ ਨਾਲ ਬੱਧੇ ਪਏ ਹੁੰਦੇ ਹਨ; ਕੰਦ-ਮੂਲ ਖਾਣ ਵਿਚ ਵੀ ਸਿੱਧੀ ਨਹੀਂ ਹੈ, ਗਾਈਆਂ ਘਾਹ ਚੁਗਦੀਆਂ ਹੀ ਹਨ, ਭਾਵ, ਹਾਥੀਆਂ ਵਾਂਗ ਸੰਗਲ ਬੰਨ੍ਹਿਆਂ ਤੇ ਗਾਂਈਆਂ ਵਾਂਗ ਕੰਦ-ਮੂਲ ਖਾਧਿਆਂ ਸਿੱਧੀ ਦੀ ਪ੍ਰਾਪਤੀ ਨਹੀਂ ਹੈ।

ਜਿਸ ਪ੍ਰਭੂ ਦੇ ਹੱਥ ਵਿਚ ਸਫਲਤਾ ਹੈ, ਜੇ ਉਹ ਆਪ ਦੇਵੇ ਤਾਂ ਜਿਸ ਨੂੰ ਦੇਂਦਾ ਹੈ ਉਸ ਨੂੰ ਪ੍ਰਾਪਤ ਹੁੰਦੀ ਹੈ। ਮਨੁੱਖਾ ਜ਼ਿੰਦਗੀ ਦੀ ਸਫਲਤਾ ਦੀ ਵਡਿਆਈ ਉਸ ਜੀਵ ਨੂੰ ਹੀ ਮਿਲਦੀ ਹੈ, ਜਿਸ ਦੇ ਹਿਰਦੇ ਵਿਚ ਪ੍ਰਭੂ ਦੀ ਸਿਫ਼ਤਿ-ਸਾਲਾਹ ਦਾ ਸ਼ਬਦ ਹਰ ਵੇਲੇ ਮੌਜੂਦ ਹੈ। ਗੁਰਵਾਕ ਹਨ:

**ਨਾ ਸਤਿ ਦੁਖੀਆ ਨਾ ਸਤਿ ਸੁਖੀਆ ਨਾ ਸਤਿ ਪਾਣੀ ਜੰਤ ਫਿਰਹਿ ॥**
**ਨਾ ਸਤਿ ਮੂੰਡ ਮੁਡਾਈ ਕੇਸੀ ਨਾ ਸਤਿ ਪੜਿਆ ਦੇਸ ਫਿਰਹਿ ॥**
**ਨਾ ਸਤਿ ਰੁਖੀ ਬਿਰਖੀ ਪਥਰ ਆਪੁ ਤਛਾਵਹਿ ਦੁਖ ਸਹਹਿ ॥**
**ਨਾ ਸਤਿ ਹਸਤੀ ਬਧੇ ਸੰਗਲ ਨਾ ਸਤਿ ਗਾਈ ਘਾਹੁ ਚਰਹਿ ॥**
**ਜਿਸੁ ਹਥਿ ਸਿਧਿ ਦੇਵੈ ਜੇ ਸੋਈ ਜਿਸ ਨੋ ਦੇਇ ਤਿਸੁ ਆਇ ਮਿਲੈ ॥**
**ਨਾਨਕ ਤਾ ਕਉ ਮਿਲੈ ਵਡਾਈ ਜਿਸੁ ਘਟ ਭੀਤਰਿ ਸਬਦੁ ਰਵੈ ॥ (952)**

**ਕੇਸ ਮੁੰਨਾਵਣ ਬਾਰੇ**

ਭਗਤ ਕਬੀਰ ਜੀ ਮਹਾਰਾਜ ਕਹਿੰਦੇ ਹਨ ਕਿ ਜਿਹੜਾ ਮਨੁੱਖ ਸਿਰ ਮੁਨਾ ਕੇ ਆਪਣੇ ਆਪ ਨੂੰ 'ਸਾਧ' ਸਮਝੀ ਫਿਰਦਾ ਹੈ, ਜੇਕਰ ਉਸ ਨੇ ਆਪਣਾ ਮਨ ਨਹੀਂ ਮੁੰਨਿਆ (ਭਾਵ, ਮਨ ਉੱਤੇ ਵਿਕਾਰਾਂ ਦੀ ਮੈਲ ਨਹੀਂ ਦੂਰ ਕੀਤੀ) ਤਾਂ ਕੇਵਲ ਸਿਰ ਦੇ ਕੇਸ ਮੁਨਾਇਆਂ ਉਹ 'ਸਾਧੂ' ਨਹੀਂ ਬਣ ਸਕਦਾ, ਕਿਉਂਕਿ ਜਿਸ ਵੀ ਮੰਦੇ ਕਰਮ ਦੀ ਪ੍ਰੇਰਨਾ ਕਰਦਾ ਹੈ, ਮਨ ਹੀ ਕਰਦਾ ਹੈ। ਇਸ ਲਈ ਜੇ 'ਸਾਧੂ' ਬਣਨ ਦੀ ਖ਼ਾਤਰ ਹੀ ਸਿਰ ਮੁਨਾਇਆ ਹੈ ਤਾਂ ਫਿਰ ਸਿਰ ਮੁਨਾਉਣਾ ਵਿਅਰਥ ਹੈ। ਸਿਰ ਮੁਨਾਉਣ ਨਾਲ ਕੋਈ ਵਿਕਾਰਾਂ ਤੋਂ ਮੁਕਤ ਨਹੀਂ ਹੋ ਸਕਦਾ। ਭਗਤ ਜੀ ਨੇ ਅਜਿਹੇ ਭੇਖੀਆਂ ਪ੍ਰਤੀ ਵਿਅੰਗ ਕੱਸਦਿਆਂ ਆਖਿਆ ਕਿ ਭੇਡਾਂ ਵੀ ਤਾਂ ਉੱਨ ਦੀ ਪ੍ਰਾਪਤੀ ਲਈ ਸਮੇਂ ਸਮੇਂ ਸਿਰ ਮੁੰਨੀਆਂ ਜਾਂਦੀਆਂ ਹਨ। ਪਰ, ਇਸ ਤਰੀਕੇ ਕੋਈ ਭੇਡ ਮੁਕਤ ਨਹੀਂ ਹੋ ਸਕੀ। ਉਨ੍ਹਾਂ ਦੇ ਵਾਕ ਹਨ:

**ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ ॥**
**ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ ॥ (1369)**
**ਮੂਡ ਮੁੰਡਾਏ ਜੌ ਸਿਧਿ ਪਾਈ ॥**
**ਮੁਕਤੀ ਭੇਡ ਨ ਗਈਆ ਕਾਈ ॥ (324)**

**ਕੇਸ ਪੁੱਟਣ ਬਾਰੇ**

ਜੈਨੀ ਸਰੇਵੜੇ ਜੀਵ-ਹਿੰਸਾ ਦੇ ਵਹਿਮ ਵਿਚ ਸਿਰ ਦੇ ਵਾਲ ਪੁਟਾ ਲੈਂਦੇ ਹਨ ਕਿ ਕਿਤੇ ਜੂੰਆਂ ਨਾ ਪੈ ਜਾਣ। ਮੈਲਾ ਪਾਣੀ ਪੀਂਦੇ ਹਨ ਤੇ ਜੂਠੀ ਰੋਟੀ ਮੰਗ ਮੰਗ ਕੇ ਖਾਂਦੇ ਹਨ। ਆਪਣੇ ਪਾਖ਼ਾਨੇ ਨੂੰ ਫੋਲ ਕੇ ਗੰਦੀ ਹਵਾੜ ਲੈਂਦੇ ਹਨ। ਗੁਰੂ ਨਾਨਕ ਸਾਹਿਬ ਜੀ ਮਹਾਰਾਜ ਨੇ ਬਾਣੀ ਵਿਚ ਇਨ੍ਹਾਂ ਦੀ ਜੀਵਨ ਸ਼ੈਲੀ ਤੇ ਸਿਰ ਦੇ ਵਾਲ ਪੁਟਾਵਣ ਦੀ ਕਿਰਿਆ ਨੂੰ ਧਿਆਨ ਵਿਚ ਰੱਖ ਕੇ ਭੇਡਾਂ ਨਾਲ ਤਸ਼ਬੀਹ ਦਿੰਦਿਆਂ, ਜਿਥੇ, "ਭੇਡਾ ਵਾਗੀ ਸਿਰੁ ਖੋਹਾਇਨਿ" ਆਦਿਕ ਤਰਕਮਈ ਸ਼ਬਦਾਵਲੀ ਵਰਤੀ ਹੈ; ਉਥੇ 'ਸਿਰਖੁਥੇ' ਤੇ 'ਸ਼ੈਤਾਨ' ਵੀ ਕਹਿ ਦਿੱਤਾ ਹੈ। ਸਪੱਸ਼ਟ ਹੈ ਕਿ ਗੁਰਦੇਵ ਜੀ ਨੂੰ ਭਾਵੇਂ ਜੈਨੀਆਂ ਦੀ ਸਾਰੀ ਹੀ ਜੀਵਨ ਸ਼ੈਲੀ ਪ੍ਰਵਾਨ ਨਹੀਂ, ਪਰ ਸਿਰ ਦੇ ਵਾਲ ਪੁਟਾਵਣ ਵਾਲੀ ਕਿਰਿਆ ਉਨ੍ਹਾਂ ਨੂੰ ਵਧੇਰੇ ਚੁੱਭ ਰਹੀ ਹੈ। ਗੁਰਵਾਕ ਹਨ:

**ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ॥**
**ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ॥**
**ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ ॥**
**ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ ॥ (149)**

**ਅਰਥ:** (ਇਹ ਸਰੇਵੜੇ ਜੀਵ-ਹਿੰਸਾ ਦੇ ਵਹਿਮ ਵਿਚ) ਸਿਰ (ਦੇ ਵਾਲ) ਪੁਟਾ ਕੇ (ਕਿ ਕਿਤੇ ਜੂੰਆਂ ਨਾ ਪੈ ਜਾਣ) ਮੈਲਾ ਪਾਣੀ ਪੀਂਦੇ ਹਨ ਤੇ ਜੂਠੀ ਰੋਟੀ ਮੰਗ ਮੰਗ ਕੇ ਖਾਂਦੇ ਹਨ: (ਆਪਣੇ) ਪਾਖਾਨੇ ਨੂੰ ਫੋਲ ਕੇ ਮੂੰਹ ਵਿਚ (ਗੰਦੀ) ਹਵਾੜ ਲੈਂਦੇ ਹਨ ਤੇ ਪਾਣੀ ਵੇਖ ਕੇ (ਇਸ ਤੋਂ) ਸੰਗਦੇ ਹਨ (ਭਾਵ ਪਾਣੀ ਨਹੀਂ ਵਰਤਦੇ)। ਭੇਡਾਂ ਵਾਂਗ ਸਿਰ (ਦੇ ਵਾਲ) ਪੁਟਾਂਦੇ ਹਨ, (ਵਾਲ ਪੁੱਟਣ ਵਾਲਿਆਂ ਦੇ) ਹੱਥ ਸੁਆਹ ਨਾਲ ਭਰੇ ਜਾਂਦੇ ਹਨ। ਮਾਪਿਆਂ ਵਾਲਾ ਕੀਤਾ ਕੰਮ (ਭਾਵ, ਹੱਥੀਂ ਕਮਾਈ ਕਰ ਕੇ ਟੱਬਰ ਪਾਲਣ ਦਾ ਕੰਮ) ਛੱਡ ਬੈਠਦੇ ਹਨ (ਇਸ ਲਈ) ਇਹਨਾਂ ਦੇ ਟੱਬਰ ਢਾਹਾਂ ਮਾਰ ਮਾਰ ਰੋਂਦੇ ਹਨ।

**ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ ॥**
**ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ ॥**
**ਨਾਨਕ ਸਿਰਖੁਥੇ ਸੈਤਾਨੀ ਏਨਾ ਗਲ ਨ ਭਾਣੀ ॥ (150)**

**ਅਰਥ:** ਨਹਾ ਕੇ ਹੀ ਨਮਾਜ਼ ਪੜ੍ਹੀਦੀ ਹੈ। ਨਹਾ ਕੇ ਹੀ ਪੂਜਾ ਹੁੰਦੀ ਹੈ। ਸੁਚੱਜੇ ਬੰਦੇ ਨਿੱਤ ਇਸ਼ਨਾਨ ਕਰਦੇ ਹਨ ਸਾਰੀ ਉਮਰ ਹੀ ਮਨੁੱਖ ਦੀ ਸੁਅੱਛ ਹਾਲਤ ਤਾਂ ਹੀ ਰਹਿ ਸਕਦੀ ਹੈ, ਜੇ ਇਸ਼ਨਾਨ ਕਰੋ ਪਰ ਹੇ ਨਾਨਕ ! ਇਹ ਸਿਰ-ਖੁੱਥੇ ਅਜਿਹੇ ਉਲਟੇ ਰਾਹ ਪਏ ਹਨ (ਅਜਿਹੇ ਸ਼ੈਤਾਨ ਹਨ) ਕਿ ਇਹਨਾਂ ਨੂੰ ਇਸ਼ਨਾਨ ਵਾਲੀ ਗੱਲ ਚੰਗੀ ਨਹੀਂ ਲੱਗੀ।

**ਕੇਸਾਂ ਦੀਆਂ ਜਟਾਵਾਂ ਬਨਾਉਣ ਬਾਰੇ**

ਸ੍ਰੀ ਗੁਰੂ ਨਾਨਕ ਸਾਹਿਬ ਤੇ ਭਗਤ ਕਬੀਰ ਜੀ ਨੂੰ ਰੱਬੀ-ਰਜ਼ਾ ਦੇ ਵਿਪਰੀਤ, ਜਿਵੇਂ ਵਾਲ ਮੁੰਨਣੇ ਤੇ ਵਾਲ ਪੁੱਟਣੇ ਪ੍ਰਵਾਨ ਨਹੀਂ ਹਨ; ਤਿਵੇਂ ਹੀ, ਉਨ੍ਹਾਂ ਨੂੰ ਕਿਸੇ ਪ੍ਰਕਾਰ ਦੇ ਭਰਮ ਭੇਖ, ਵਿਖਾਵੇ ਤੇ ਪੂਜਾ ਦੀ ਲਾਲਸਾ ਅਧੀਨ ਸਿਰ ਦੇ ਵਾਲਾਂ ਨੂੰ ਉਲਝਾਅ ਕੇ ਰੱਸੀ ਦੀ ਸ਼ਕਲ ਵਿਚ ਜਟਾਂ ਬਣਾ ਕੇ ਵਿਸ਼ੇਸ਼ ਤੌਰ 'ਤੇ ਵਧਾਉਣਾ ਵੀ ਨਹੀਂ ਭਾਉਂਦਾ। ਕਿਉਂਕਿ, ਇਸ ਪ੍ਰਕਾਰ ਮਨੁੱਖੀ ਮਨ ਵਿਚ ਜਿਥੇ ਲਾਲਚੀ ਤੇ ਪਾਖੰਡੀ ਭਾਵਨਾਵਾਂ ਵਧਦੀਆਂ ਹਨ, ਉਥੇ, ਕੇਸਾਂ ਦੀ ਸਫ਼ਾਈ ਨਾਹ ਹੋਣ ਕਰਕੇ ਉਨ੍ਹਾਂ ਦੀ ਕੁਦਰਤੀ ਕੋਮਲਤਾ ਤੇ ਸੁੰਦਰਤਾ ਵੀ ਗੁਆਚ ਜਾਂਦੀ ਹੈ। ਪੱਛਮੀ ਦੇਸ਼ਾਂ ਵਿਚ ਤਾਂ ਜਟਾਵਾਂ ਦਾ ਭਾਵੇਂ ਹੁਣ ਇਕ ਫ਼ੈਸ਼ਨ ਬਣਦਾ ਜਾ ਰਿਹਾ ਹੈ। ਪਰ, ਇਸ ਦਾ ਆਧਾਰ ਭਾਰਤ ਦੇ ਜੋਗੀ ਤੇ ਉਦਾਸੀ ਸਾਧੂ ਹਨ। ਕਿਉਂਕਿ, ਜਿਵੇਂ ਸੰਨਿਆਸੀ ਤੇ ਜੈਨੀ ਸਾਧੂ ਵਾਲ ਮੁੰਨਵਾਉਂਦੇ ਤੇ ਪੁਟਵਾਂਦੇ ਹਨ; ਤਿਵੇਂ, ਇਸ ਦੇ ਉਲਟ ਜੋਗੀ ਤੇ ਉਦਾਸੀ ਸਾਧੂ ਵਾਲਾਂ ਦੀਆਂ ਜਟਾਵਾਂ ਬਣਾਉਂਦੇ ਹਨ। ਲੰਮੀਆਂ ਜਟਾਵਾਂ ਉਨ੍ਹਾਂ ਦੀ ਉਦਾਸੀਨਤਾ ਪ੍ਰਗਟਾਉਣ ਤੇ ਬਾਹਰੀ ਪ੍ਰਭਾਵ ਨੂੰ ਵਧਾਉਣ ਵਿਚ ਸਹਾਇਕ ਹੁੰਦੀਆਂ ਹਨ। ਭਾਰਤ ਦੀ ਅਨਪੜ੍ਹ ਪੇਂਡੂ ਜਨਤਾ ਵਿਚ ਜਿਵੇਂ ਹੁਣ ਤਕ ਗੇਰੂਏ ਰੰਗ (ਭਗਵੇਂ) ਕਪੜਿਆਂ ਨੂੰ ਆਦਰ ਦਿੱਤਾ ਜਾਂਦਾ ਹੈ, ਤਿਵੇਂ ਹੀ ਜਟਾਵਾਂ ਨੂੰ ਵੀ ਪੂਜਿਆ ਜਾਂਦਾ ਹੈ। ਗੁਰਮਤਿ ਦੇ ਪ੍ਰਚਾਰ ਤੇ ਵਿੱਦਿਆ ਦੇ ਪ੍ਰਸਾਰ ਸਦਕਾ ਭਾਵੇਂ ਉਪਰੋਕਤ ਕਿਸਮ ਦੇ ਪਾਖੰਡੀਆਂ ਦਾ ਪ੍ਰਭਾਵ ਦਿਨ-ਬ-ਦਿਨ ਘੱਟ ਰਿਹਾ ਹੈ। ਪਰ, ਕੁਝ ਸਮਾਂ ਪਹਿਲਾਂ ਤਾਂ ਜਟਾਵਾਂ ਦਾ ਪ੍ਰਭਾਵ ਇਤਨਾ ਵੱਧ ਚੁੱਕਾ ਸੀ ਕਿ ਜੇਕਰ ਕਿਸੇ ਬੱਚੇ ਦੇ ਕੇਸਾਂ ਦੀ ਸੰਭਾਲ ਨਾ ਹੋਣ ਕਰਕੇ ਵੀ ਜਟਾਵਾਂ ਬਣ ਜਾਣ ਤਾਂ ਕਈ ਲੋਕ ਉਸ ਨੂੰ ਸੰਤ ਸਮਝ ਕੇ ਸਨਮਾਨ ਦੇਣ ਲੱਗਦੇ ਸਨ।

ਗੁਰੂ ਸਾਹਿਬਾਨ ਤੇ ਭਗਤ-ਜਨਾਂ ਨੇ ਦੇਖਿਆ ਕਿ ਸਾਧਾਰਨ ਗ੍ਰਿਹਸਥੀ ਲੋਕ ਲੰਮੀਆਂ ਜਟਾਂ ਵਾਲੇ ਨਾਂਗੇ ਉਦਾਸੀਆਂ ਅਤੇ ਰੋਡ-ਮੋਡ ਸੰਨਿਆਸੀਆਂ ਦੇ ਭੇਖ ਤੋਂ ਗੁੰਮਰਾਹ ਹੋਏ ਉਨ੍ਹਾਂ ਨੂੰ ਪੂਜ ਰਹੇ ਹਨ। ਉਨ੍ਹਾਂ ਦੇ ਮਨ ਵਿਚ ਖ਼ਿਆਲ ਪੈਦਾ ਹੋ ਰਿਹਾ ਹੈ ਕਿ ਇਹ ਲੋਕ ਸਾਥੋਂ ਸ੍ਰੇਸ਼ਟ ਹਨ। ਕਿਉਂਕਿ, ਇਹ 'ਦੁਨੀ' ਛੱਡ ਕੇ 'ਦੀਨ' ਦੇ ਰਸਤੇ ਪਏ ਹੋਏ ਹਨ। ਇਹਨਾਂ ਨੇ ਆਪਣੀ ਮਾਨਸਿਕ ਦੁਬਿਧਾ ਮਿਟਾ ਲਈ ਹੈ ਅਤੇ ਸ਼ਾਂਤ-ਚਿੱਤ ਹਨ। ਇਸ ਲਈ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਅਜਿਹੇ ਸੁਆਰਥੀ ਤੇ ਭੇਖਧਾਰੀ ਲੋਕਾਂ ਪ੍ਰਤੀ ਮਾਨਵਤਾ ਨੂੰ ਜਾਗਰੂਕ ਕਰਦਿਆਂ ਬੜੀ ਨਿਰਭੈਤਾ ਸਹਿਤ ਆਖਿਆ ਕਿ ਮਤਾਂ ਸਮਝੋ ਕਿ ਜਿਹੜਾ ਮਨੁੱਖ ਸਿਰ 'ਤੇ ਜਟਾਂ ਦਾ ਜੂੜਾ ਰੂਪ ਮੁਕਟ ਬਣਾ ਲੈਂਦਾ ਹੈ, ਪਿੰਡੇ 'ਤੇ ਸੁਆਹ ਮਲ ਕੇ ਤੇ ਕੱਪੜੇ ਉਤਾਰ ਕੇ ਨੰਗਾ ਰਹਿਣ ਲੱਗ ਪੈਂਦਾ ਹੈ, ਉਹ ਮਾਨਸਿਕ ਤੌਰ 'ਤੇ ਤ੍ਰਿਪਤ ਹੋ ਗਿਆ ਹੈ। ਨਹੀਂ! ਨਹੀਂ। ਉਹ ਤਾਂ ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਵਿਚ ਬੱਝਾ ਹੋਇਆ ਹੈ ਅਤੇ ਉਸ ਦਾ ਇਹ ਬਾਹਰਲਾ ਧਾਰਮਿਕ ਲਿਬਾਸ ਸਾਰੇ ਦਾ ਸਾਰਾ ਨਿਰਾ ਅਡੰਬਰ ਹੈ। ਭਾਈ! ਪ੍ਰਭੂ ਦਾ ਨਾਮ ਜਪਣ ਤੋਂ ਬਿਨਾਂ ਕਿਸੇ ਦਾ ਵੀ ਮਨ ਮਾਇਆ ਦੀ ਤ੍ਰਿਸ਼ਨਾ ਵਲੋਂ ਨਹੀਂ ਰੱਜ ਸਕਦਾ :

**ਜਟਾ ਮੁਕਟੁ ਤਨਿ ਭਸਮ ਲਗਾਈ ਬਸਤ੍ਰ ਛੋਡਿ ਤਨਿ ਨਗਨੁ ਭਇਆ ॥**
**ਰਾਮ ਨਾਮ ਬਿਨੁ ਤ੍ਰਿਪਤਿ ਨ ਆਵੈ ਕਿਰਤ ਕੈ ਬਾਂਧੈ ਭੇਖੁ ਭਇਆ ॥4॥ (1127)**

(...ਚੱਲਦਾ)

ਲੜੀ ਜੋੜਨ ਲਈ ਪਿਛਲਾ ਸਤੰਬਰ 2023 ਅੰਕ ਵੇਖੋ: **'ਸਿੱਖਾਂ ਦੇ ਪਾਕਿਸਤਾਨ ਵਿਚੋਂ ਨਿਕਲਣ ਦੀ ਗਾਥਾ'** ਕਿਤਾਬ ਵਿਚੋਂ

# ਅੰਤਿਕਾ 2

**-ਡਾ. ਕਿਰਪਾਲ ਸਿੰਘ**

**ਐਬਟਾਬਾਦ ਜੁਗਿੰਦਰ ਦੀ ਭਾਲ ਵਿਚ**

ਏਸ ਤਰ੍ਹਾਂ ਰਾਤ ਬੀਤ ਗਈ, ਸਵੇਰੇ ਉੱਠ ਕੇ ਖ਼ਾਨ ਜੀ ਨੇ ਕਿਹਾ, "ਤਿਆਰੀ ਕਰੋ, ਰੋਟੀ ਐਬਟਾਬਾਦ ਚੱਲ ਕੇ ਖਾਣੀ ਹੈ।" ਤੁਰ ਪਏ ਆਪਣੀ ਆਪਣੀ ਪੂਜਾ ਕਰਕੇ, 10 ਵਜੇ ਐਬਟਾਬਾਦ ਪੁੱਜੇ, ਕਚਹਿਰੀ ਹੀ ਡੀ.ਸੀ. ਤੇ ਐੱਸ.ਪੀ. ਦੀ, ਸਾਰੀ ਹਾਲਤ ਦੱਸੀ, ਉਹਨਾਂ ਬੜੀ ਗ਼ੌਰ ਨਾਲ ਸੁਣੀ। ਉਹਨਾਂ ਨੇ ਪਹਿਲੇ ਸਿਪਾਹੀ ਬਦਲ ਕੇ ਹੋਰ ਪੁਲਿਸ ਦਿੱਤੀ, ਜੋਗਿੰਦਰ ਸਿੰਘ ਵਲਦ ਰਵੇਲ ਸਿੰਘ ਚਕਾਰ ਕਸ਼ਮੀਰ ਲਈ; ਜੋ ਮੇਰਾ ਸਕਾ ਭਤੀਜਾ ਸੀ ਤੇ ਇਕ ਸੌ ਯਾਰਾਂ ਵਿੱਚੋਂ ਇਹੋ ਬਚਿਆ ਸੀ। ਏਸ ਦਾ ਪਤਾ ਐਬਟਾਬਾਦ ਛਾਵਨੀ ਮੇਜਰ ਇਕਬਾਲ ਖ਼ਾਨ ਦੇ ਪਾਸ ਲਗਦਾ ਸੀ।

ਇੰਸਪੈਕਟਰ ਨੇ ਤੇ ਮੈਂਨੇ ਐੱਸ.ਪੀ. ਜੋ ਬੰਨੂ ਦੇ ਹੀ ਸਨ, ਤੇ ਡੀ.ਸੀ. ਨੂੰ ਅਰਜ਼ ਕੀਤੀ ਕਿ ਆਪ ਦੀ ਇਸੀ ਕਚਹਿਰੀ ਵਿਚ ਇਕ ਅਲੀ ਸ਼ਾਹ ਵਕੀਲ ਹਨ ਜੋ ਬੰਨੂ ਦੇ ਹਨ, ਉਹਨਾਂ ਨੂੰ ਭੀ ਜੋਗਿੰਦਰ ਸਿੰਘ ਦਾ ਪਤਾ ਹੈ। ਉਸੀ ਵਕਤ ਉਸ ਨੂੰ ਸੱਦ ਕੇ ਸਾਰੀ ਦਰਿਆਫ਼ਤ ਕੀਤੀ। ਉਸ ਨੇ ਬੜੇ ਪਿਆਰ ਤੇ ਸਚਾਈ ਨਾਲ ਦੱਸਿਆ ਕਿ ਹਾਂ ਜੋਗਿੰਦਰ ਸਿੰਘ ਅੱਜ 15 ਦਿਨ ਹੋਏ ਕਿ ਮੇਜਰ ਦੀ ਚਿੱਠੀ ਲੈ ਕੇ ਆਜ਼ਾਦ ਕਸ਼ਮੀਰ ਮੁਜ਼ੱਫਰਾਬਾਦ ਗਿਆ ਸੀ, ਆਪਣੀ ਖ਼ਾਨਦਾਨੀ ਜਾਇਦਾਦ ਤੇ ਜ਼ਮੀਨ ਆਪਣੇ ਨਾਮ ਕਰਾਉਣ ਡੀ.ਸੀ. ਪਾਸ ਤੇ ਉਸ ਨੇ ਕਿਹਾ ਜੋਗਿੰਦਰ ਸਿੰਘ ਨੂੰ ਕਿ ਮੈਂ ਸਾਵਣ ਵਿਚ ਦੌਰੇ ਜਾਸਾਂ, ਤੈਨੂੰ ਬੁਲਾ ਲੈਂਸਾ ਤੇ ਤੇਰੀ ਸਾਰੀ ਖ਼ਾਨਦਾਨੀ ਜ਼ਮੀਨ ਤੇਰੇ ਨਾਮ ਕਰ ਆਵਾਂਗਾ।

ਉਹ ਆਉਂਦਾ ਮੇਰੇ ਪਾਸ ਚਾਰ ਦਿਨ ਰਹਿ ਗਿਆ ਹੈ ਤੇ ਰਾਜ਼ੀ ਖ਼ੁਸ਼ੀ ਸੀ। ਪਿਸ਼ਾਵਰ ਤੋਂ ਭੀ ਜਾ ਕੇ ਉਸ ਨੇ ਚਿੱਠੀ ਲਿਖੀ ਹੈ ਕਿ ਮੈਂ ਰਾਜ਼ੀ ਖ਼ੁਸ਼ੀ ਪੁੱਜ ਗਿਆ ਹਾਂ ਤੇ ਮੇਜਰ ਸਾਹਿਬ ਕੋਹਾਟ ਛੁੱਟੀ 'ਤੇ ਜਾਣ ਵਾਲੇ ਹਨ, ਮੈਂ ਭੀ ਸਾਥ ਜਾਸਾਂ। ਇਸ ਤੋਂ ਪਹਿਲਾਂ ਉਹ ਦੋ ਸਾਲ ਮੇਰੇ ਪਾਸ ਹੀ, ਮੇਜਰ ਪਾਸ, ਰਹਿੰਦਾ ਰਿਹਾ ਹੈ। ਤੁਸੀਂ ਪਤਾ ਕਰ ਲਵੋ ਤਾਰ ਦੇ ਜ਼ਰੀਏ, ਜੇ ਮੇਜਰ ਐਸ ਛੁੱਟੀ ਨਹੀਂ ਗਏ ਤਾਂ ਪਿਸ਼ਾਵਰ ਜਾਓ। ਜੇ ਉਹ ਛੁੱਟੀ ਗਏ ਹਨ ਤਾਂ ਕੋਹਾਟ ਜਾਓ। ਐੱਸ.ਪੀ. ਤੇ ਡੀ.ਸੀ. ਕਹਿਣ ਲੱਗੇ ਕਿ ਇਹ ਠੀਕ ਕਹਿ ਰਹੇ ਹਨ ਤੇ ਸਾਨੂੰ ਭੀ ਕੋਈ ਸ਼ੱਕ ਨਾ ਰਿਹਾ, ਇਹ ਭੀ ਨੇਕ ਮਨੁੱਖ ਸੀ।

**ਅਮਰ ਕੌਰ ਦੀ ਭਾਲ (ਹਵੇਲੀਆਂ ਤੋਂ ਪਿੰਡੀ)**

ਹੁਣ ਖਾਨ ਜੀ ਨੇ ਐੱਸ.ਪੀ. ਤੋਂ ਹੋਰ ਪੁਲਿਸ ਲੈ ਕੇ ਹਵੇਲੀਆਂ ਅਮਰ ਕੌਰ ਦੇ ਲਈ, ਤਿਆਰੀ ਕਰ, ਹਵੇਲੀਆਂ ਠਾਣੇ ਪਹੁੰਚ ਗਏ। ਉਥੇ ਦੇ ਟੇਸ਼ਨ ਦੇ ਪੁਲਿਸ ਅਫ਼ਸਰ ਨੂੰ ਨਾਲ ਲੈ ਕੇ, ਮਾਸਟਰ ਗੁਲਾਮ ਰਸੂਲ ਵਗ਼ੈਰਾ, ਜੋ ਤਿੰਨੇ ਹੀ ਚਕਾਰ ਕਸ਼ਮੀਰ ਦੇ ਸੀ, ਦੇ ਘਰ ਜਾ ਛਾਪਾ ਮਾਰਿਆ। ਤਦ ਮਾਸਟਰ ਤਾਂ ਨਾ ਮਿਲਿਆ ਤੇ ਬਾਬੂ ਗ਼ੁਲਾਮ ਰਸੂਲ, ਉਸ ਦਾ ਚਚੇਰਾ ਭਾਈ ਤੇ ਦੂਜਾ ਭਾਈ ਪਕੜ ਕੇ ਥਾਣੇ ਲੈ ਆਏ। ਜਦ ਮੈਨੂੰ ਰੱਖਿਆ ਤਾਂ ਹੈਰਾਨ ਭੀ ਹੋ ਗਏ ਪਰ ਦਿਲ ਭੀ ਭਰ ਲੀਤਾ, ਮੈਂ ਭੀ ਵੈਸੇ ਹੀ ਹੋ ਗਿਆ।

ਉਹ ਕਹਿਣ ਲੱਗੇ ਕਿ ਅਮਰ ਕੌਰ ਤਾਂ ਪਿੰਡੀ ਹੈ, ਏਥੇ ਨਹੀਂ, ਤੇ ਨਾ ਸਾਡੇ ਪਾਸ ਹੈ, ਦੂਜੇ ਆਦਮੀ ਪਾਸ ਹੈ। ਖ਼ਾਨ ਸਾਹਿਬ ਨੇ ਛੇਤੀ ਹੁਕਮਨ ਜੀਪ ਵਿਚ ਬਿਠਾ ਲਿੱਤਾ ਕਿ ਪਿੰਡੀ ਚੱਲ ਕੇ ਦੱਸ। ਉਹ ਕਹੇ, "ਮੈਨੂੰ ਘਰ ਹੋ ਕੇ ਆਉਣ ਦਿਓ, ਮੇਰੇ ਪਾਸ 15 ਸੌ ਰੁਪਿਆ ਹੈ ਘਰ ਛੱਡ ਆਵਾਂ, ਇਹ ਤਾਂ ਸਾਡੇ ਬਜ਼ੁਰਗ ਹਨ, ਸ਼ੁਕਰ ਹੈ ਮਿਲੇ ਹਨ ਕੋਈ ਖ਼ਿਦਮਤ ਕਰਨ ਦਿਓ।" ਆਪ ਨੇ ਕਿਹਾ, "ਹਾਂ ਕਰੋ। ਜੇ ਇਨਸਾਨ ਹੋ ਤਾਂ ਅਮਰ ਕੌਰ ਦੇ ਦਿਓ, ਇਹੋ ਖ਼ਿਦਮਤ ਸਭ ਤੋਂ ਬੜੀ ਹੈ।" ਆਪ ਨੇ ਜੀਪ ਖ਼ੁਦ ਚਲਾ ਦਿੱਤੀ, 7 ਵਜੇ ਪੰਜੇ ਸਾਹਿਬ ਪੁੱਜੇ, ਤਾਂ ਉਸੀ ਦਿਨ ਸੌ ਦਾ ਜਥਾ ਯਾਤਰਾ ਨੂੰ ਜਾਣਾ ਸੀ ਵਿਸਾਖੀ 'ਤੇ, ਵਾਪਸੀ 'ਤੇ ਭੀ ਦਰਸ਼ਨ ਕੀਤੇ। ਹੁਣ ਅੱਜ ਅੰਦਰ ਬਾਹਰ ਸਫ਼ਾਈ ਹੋ ਰਹੀ ਸੀ ਪਰ ਅਸੀਂ ਤੁਰ ਪਏ, ਪੰਜੇ ਸਾਹਿਬ ਤੋਂ ਲੈ ਕੇ ਪਿੰਡੀ ਤਕ ਮਿਲਟਰੀ ਦਾ ਪਹਿਰਾ ਸੀ ਤੇ ਡੀ.ਸੀ. ਚੱਕਰ ਲਾ ਰਿਹਾ ਸੀ। ਅਸੀਂ 9 ਕੁ ਵਜੇ ਪਿੰਡੀ ਪੁੱਜ ਗਏ ਪਰ ਜਥਾ ਰਸਤੇ ਨਾ ਮਿਲ ਸਕਿਆ, ਓਸ ਨੂੰ ਪਿੰਡੀ ਚਾਹ ਪੀਂਦਿਆਂ ਦੇਰੀ ਹੋ ਗਈ ਸੀ, ਮੈਨੂੰ ਅਤੇ ਬੱਚੇ ਨੂੰ ਲਾਲ ਕੁੜਤੀ ਆਣ ਉਤਾਰ ਦਿੱਤਾ ਤੇ ਉਹਨਾਂ ਨੂੰ ਸਦਰ ਦੇ ਥਾਣੇ ਵਿਚ ਲਿਆ ਕੇ ਬੰਦ ਕਰ ਦਿੱਤਾ, ਕਿ "ਸੁਬ੍ਹਾ ਤੁਸਾਡਾ ਦੂਜਾ ਭਾਈ ਮਾਸਟਰ ਗ਼ੁਲਾਮ ਰਸੂਲ, ਜੋ ਪਿੰਡੀ ਦੀ ਦੁਕਾਨ 'ਤੇ ਹੈ, ਓਸ ਨੂੰ ਲਿਆ ਕੇ ਫੇਰ ਤੁਸਾਂ ਨੂੰ ਸਾਥ ਲੈ ਕੇ ਜਿਥੇ ਅਮਰ ਕੌਰ ਹੈ, ਚੱਲਾਂਗੇ, ਜਦ ਤਾਈਂ ਅਮਰ ਕੌਰ ਨਹੀਂ ਮਿਲਦੀ, ਤੁਸੀਂ ਨਹੀਂ ਛੁਟ ਸਕਦੇ ਤੇ ਨਾ ਹੀ ਤੁਸੀਂ ਹਵੇਲੀਆਂ ਅਤੇ ਪਿੰਡੀ ਕੰਪਨੀ ਹੀ ਖੋਹਲ ਸਕਦੇ ਹੋ।"

**ਸਰਦੂਲ ਸਿੰਘ ਦਾ ਦੂਜਾ ਬੱਚਾ ਬਰਾਮਦ**

ਉਸੀ ਸਮੇਂ ਪਿੰਡੀ ਰਾਜਾ ਬਜ਼ਾਰ ਪਹੁੰਚ ਕੇ ਉਹਨਾਂ ਦੀ ਕੰਪਨੀ ਦਾ ਪਤਾ ਕੀਤਾ। ਪਤਾ ਲੈ ਕੇ ਰਾਤ ਦੇ ਯਾਰਾਂ ਵਜੇ ਮੇਰੇ ਪਾਸ ਆਏ ਤੇ ਦੱਸਿਆ ਕਿ ਮੈਂ ਸਾਰਾ ਪਤਾ ਕੱਢ ਲਿਆ ਹੈ, ਸਵੇਰੇ ਸਾਰਾ ਕੰਮ ਕਰਾਂਗੇ। ਮੈਂ ਭੀ ਲੇਟ ਗਿਆ। ਦੋ ਵਜੇ ਉਠ ਕੇ, ਨਹਾ ਧੋ ਨਿਤਨੇਮ ਕਰ, ਚਾਹ ਪੀ ਰਿਹਾ ਸੀ ਕਿ (ਦਿਨ ਚੜ੍ਹਦੇ ਸਾਰ) ਆ ਗਏ ਖ਼ਾਨ ਜੀ ਤੇ ਕਿਹਾ, "ਮੈਂ ਚੱਲਿਆ ਹਾਂ, ਗੁਲਾਮ ਮੁਹੰਮਦ ਨੂੰ ਭੀ ਪਕੜ ਕੇ ਅੰਦਰ ਕਰਦਾ ਹਾਂ। ਮੈਂ ਕਿਹਾ, "ਰਾਜਾ ਬਜ਼ਾਰ ਦੇ ਚੌਕ ਵਿਚ ਪਾਨਾਂ ਦੀ ਦੁਕਾਨ 'ਤੇ ਸਰਦੂਲ ਸਿੰਘ ਦੇ ਦੂਜੇ ਬੱਚੇ ਦਾ ਪਤਾ ਲਗਦਾ ਹੈ। ਕਿਹਾ "ਮੈਂ ਹੁਣੇ ਹੀ ਜਾਂਦਾ ਹਾਂ।" ਗਏ, ਅੱਗੇ ਓਹੀ ਬੱਚਾ: ਦੁਕਾਨ ਖੋਹਲ ਰਿਹਾ ਸੀ। ਪਕੜ ਕੇ ਲੈ ਆਏ ਤੇ ਕਿਹਾ, "ਲਓ ਸੰਤ ਜੀ ਖ਼ੁਦਾ ਦੀ ਰਹਿਮਤ ।" ਫੇਰ ਉਹਨਾਂ ਵੱਲ ਗਏ। ਮੈਂ ਰੋਟੀ ਪਕਾਈ, ਖਾਧੀ, ਬੱਚਿਆਂ ਨੂੰ ਪੀ ਖੁਲਾਈ, ਬਾਰਾਂ ਵੱਜ ਗਏ ਸੀ, ਆਪ ਆ ਗਏ ਤੇ ਕਿਹਾ ਕਿ, "ਮੈਂ ਸਭ ਨੂੰ ਥਾਣੇ ਬਿਠਾ ਆਇਆ ਹਾਂ ਪਰ ਬੜੇ ਚਲਾਕ ਤੇ ਕਹਿੰਦੇ ਹਨ ਕਿ ਸੰਤ ਚਕਰ ਕੌਰ ਸਿੰਘ ਨੂੰ ਮਿਲਾਓ। ਮੈਂ ਕਿਹਾ "ਲੈ ਆਓ।" ਆਪ ਨੇ ਕਿਹਾ, "ਮੈਂ ਰੋਟੀ ਖਾ ਆਵਾਂ।" ਫਿਰ ਆ ਕੇ ਲੈ ਆਏ, ਮਾਸਟਰ ਗੁਲਾਮ ਰਸੂਲ ਤੇ ਗੁਲਾਮ ਮੁਹੰਮਦ ਦੋਨੋਂ ਭਰਾਵਾਂ ਨੂੰ, ਓਹ ਮਿਲੇ, ਉਹਨਾਂ ਦਾ ਭੀ ਤੇ ਮੇਰਾ ਭੀ ਦਿਲ ਭਰ ਆਇਆ।

**ਅਮਰ ਕੌਰ ਦਾ ਹਾਲ**

ਪੁੱਛ ਭਾਲ ਕੇ ਉਹ ਕਹਿਣ ਲੱਗੇ ਅਸੀਂ ਬੜਾ ਜਤਨ ਕੀਤਾ, ਚਕਾਰ ਦੇ ਸਿਖ ਬਚ ਜਾਣ, ਪਰ ਨਾ ਬਚ ਸਕੇ। ਮੈਂ ਕਿਹਾ ਕਿ ਜੇ ਤੁਸੀਂ ਕੋਸ਼ਿਸ਼ ਕਰਦੇ ਤਾਂ ਬਚ ਸਕਦੇ ਸੀ। ਉਨ੍ਹਾਂ ਕਿਹਾ, "ਖ਼ੁਦਾ ਜਾਣਦਾ ਹੈ।" ਮੈਂ ਕਿਹਾ, "ਅੱਛਾ, ਜੋ ਹੋਇਆ ਚੰਗਾ ਸੀ, ਪਰ ਅਮਰ ਕੌਰ ਤੇ ਬੱਚੀਆਂ ਦਿਓ।" ਉਹ ਆਖਣ, "ਉਹ ਤਾਂ ਸਾਡੀ ਭੈਣ ਹੈ, ਤੇ ਅਮਾਨਤ ਕਰ ਪਾਸ ਰੱਖੀ ਸੀ, ਓਸ ਦੀ ਬਾਂਹ ਜ਼ਖ਼ਮੀ ਹੈਸੀ, ਬੜੇ ਇਲਾਜ ਕੀਤੇ, ਆਖ਼ਰ ਕੁਛ ਰੁਪਏ ਦੇ ਕੇ ਇਕ ਆਦਮੀ ਨੂੰ ਲਾਹੌਰ ਨਾਲ ਭੇਜਿਆ। ਪਰ ਉਹ ਬਦ-ਦਿਆਨਤ ਹੋ ਗਿਆ ਤੇ ਅਮਰ ਨਾਲ ਨਕਾਹ ਕਰ ਲੀਤਾ, ਏਸੇ ਕਰਕੇ ਸਾਡੀ ਤੇ ਓਸ ਦੀ ਰੰਜਸ਼ ਹੈ, ਉਹ ਬਾਰਾਮੂਲੇ ਦਾ ਹੈ ਤੇ ਸਾਡਾ ਰਿਸ਼ਤੇਦਾਰ ਹੈ, ਇਕ ਸਾਲ ਤੋਂ ਅਸੀਂ ਨਹੀਂ ਮਿਲੇ, ਉਹ ਪਿੰਡੀ ਲਾਲ ਕਿਲ੍ਹੇ ਵਿਚ ਨੌਕਰ ਹੈ ਤੇ ਰਹਿੰਦਾ ਸ਼ਹਿਰ ਹੈ।"

ਮੈਂ ਕਿਹਾ, "ਥਾਣੇਦਾਰ ਜੀ ਨੂੰ ਸਾਥ ਲੈ ਜਾਓ ਤੇ ਬਰਾਮਦ ਕਰਾਓ।" "ਹਾਂ" ਵਿਚ ਜਵਾਬ ਦਿੱਤਾ। ਖ਼ਾਨ ਜੀ ਤਿਆਰ ਹੋ ਗਏ, ਸਾਥ ਲੈ ਕੇ ਤੁਰ ਪਏ। ਚਾਰ ਵਜੇ ਵਾਪਸ ਆਏ, ਪਰ ਪਤਾ ਕੋਈ ਨਾ ਲੱਗਾ ਤੇ ਉਹਨਾਂ ਨੂੰ ਥਾਣੇ ਹੀ ਬਿਠਾ ਆਏ। ਮੈਨੂੰ ਆ ਕੇ ਸਾਰਾ ਹਾਲ ਕਿਹਾ। ਮੈਂ ਕਿਹਾ, "ਏਹੋ ਲੱਭ ਲਭਾ ਸਕਦੇ ਹਨ ਤੇ ਇਹਨਾਂ ਨੂੰ ਸਾਰਾ ਪਤਾ ਹੈਂ। ਓਧਰ ਸ਼ਹਿਰ ਵਿਚ ਰੌਲਾ ਪੈ ਗਿਆ ਤੇ ਤਿੰਨ ਚਾਰ ਹਜ਼ਾਰ ਤਕ ਰੁਪਿਆ ਭੀ ਦੇਣ ਨੂੰ ਫਿਰਨ ਖ਼ਾਨ ਜੀ ਨੂੰ । ਉਹਨਾਂ ਸਾਰੇ ਲੋਕਾਂ ਨੂੰ ਕਿਹਾ, "ਤੁਸਾਂ ਨੂੰ ਇਕ ਮੁਸਲਮਾਨ ਲੜਕੀ ਚਾਹੀਦੀ ਹੈ ਜਾਂ ਪੰਜ ਸੌ ?" ਉਹਨਾਂ ਕਿਹਾ, "500"। ਆਪ ਨੇ ਕਿਹਾ, "ਜੇ ਅਸੀਂ ਇਕ ਲੜਕੀ ਅਮਰ ਦੇ ਦੇਵਾਂਗੇ ਤਾਂ ਏਹ ਜਾ ਕੇ ਸਾਡੀ ਪੰਜ ਸੌ ਲੜਕੀ ਕਢਾ ਦੇਵੇਗਾ, ਤਾਂ ਚੰਗਾ ਹੈ ਕਿ ਅਮਰ ਦੇ ਦਿਓ।"

"ਜੇ ਜ਼ਮੀਨ ਦੇ ਹੇਠਾਂ ਹੈ ਤੇ ਅਕਾਸ਼ ਦੇ ਉਤੇ ਬੀ ਹੈ ਇਹਨਾਂ ਪਾਸੋਂ ਹੀ ਲੈਣੀ

ਹੈ। ਜਦ ਤਕ ਨਾ ਦੇਣਗੇ ਥਾਣੇ ਰਹਿਣਗੇ।"

ਫੇਰ (ਖ਼ਾਨ ਜੀ) ਮੇਰੇ ਪਾਸ ਆਏ, ਕਹਿਣੇ ਲੱਗੇ ਕਿ ਓਹ ਕਹਿੰਦੇ ਹਨ, (ਅਮਰ) ਹਵੇਲੀਆਂ ਚਲੀ ਗਈ ਹੈ, ਉਥੇ ਚੱਲੀਏ। ਉਥੇ ਗਏ ਤਾਂ ਪਤਾ ਲੱਗਾ, "ਗੜ੍ਹੀ ਚਲੀ ਗਈ ਹੈ। ਉਥੇ ਪੁਲਿਸ ਗਈ, ਕਿਹਾ, ਪਿੰਡੀ ਚਲੀ ਗਈ ਹੈ। ਪਿੰਡੀ ਆ ਕੇ ਉਹਨਾਂ ਕਿਹਾ, ਪੈਦਾ ਕਰੋ। ਤੇ ਮੈਨੂੰ ਆ ਕੇ ਕਿਹਾ, "ਚਲੋ, ਜੋਗਿੰਦਰ ਸਿੰਘ ਲਈ ਪਿਸ਼ਾਵਰ।"

4 ਵਜੇ ਸ਼ਾਮ ਦੇ ਤਿਆਰ ਹੋ ਕੇ ਪਿਸ਼ਾਵਰ ਪੁੱਜੇ, ਅਗੋਂ ਪਤਾ ਚਲਿਆ ਕਿ ਮੇਜਰ ਛੁੱਟੀ 'ਤੇ ਕੋਹਾਟ ਹੈ, ਫੇਰ ਵਾਪਸ ਕੈਂਬਲਪਰਟ ਤੇ ਜੱਡ ਹੁੰਦੇ ਅਟਕ ਪੁੱਜੇ। ਰਾਤ ਦੇ 8 ਵੱਜ ਗਏ ਸੀ, ਪੁੱਲ ਬੰਦ ਹੋ ਚੁੱਕਾ ਸੀ। ਇੰਸਪੈਕਟਰ ਜੀ ਨੇ ਕੋਹਾਟ ਟੈਲੀਫੂਨ ਕੀਤਾ, ਡੀ.ਸੀ. ਨੂੰ ਕਿ, "ਮੈਂ ਐਸੇ ਕੰਮ ਲਈ ਆ ਰਿਹਾ ਹਾਂ ਤੇ ਸਿੱਖ ਮੇਰੇ ਨਾਲ ਹੈ, ਰਾਹ ਦਿੱਤਾ ਜਾਏ ਮੈਂ ਕੋਹਾਟ ਪਹੁੰਚ ਜਾਵਾਂ।" ਜਵਾਬ ਮਿਲਿਆ "ਇਸ ਸਮੇਂ ਅਗਰ ਗਵਰਨਰ ਵੀ ਹੋਵੇ ਤਾਂ ਵੀ ਮੈਂ ਰਸਤਾ ਨਹੀ ਦੇ ਸਕਦਾ, ਸਾਡੇ ਰੂਲ ਹੀ ਐਸੇ ਹਨ। ਆਪ ਬਾ-ਹਿਫਾਜ਼ਤ ਇਥੇ ਹੀ ਰਾਤ ਰਹੋ, ਮੈਂ ਅਫ਼ਸਰਾਂ ਨੂੰ ਫੂਨ ਕਰਦਾ ਹਾਂ, ਸੁਬਹ ਅੱਠ ਵਜੇ ਆ ਜਾਣਾ।"

ਮੈਨੂੰ ਪੁੱਛਿਆ, ਮੈਂ ਕਿਹਾ, "ਜਿਸ ਤਰ੍ਹਾਂ ਆਪ ਦੀ ਮਰਜ਼ੀ ਹੈ।" ਕਹਿਣ ਲੱਗੇ, ਪਿੱਛੇ ਜੱਡ ਹੀ 12 ਕੋਹ ਚੱਲੀਏ, ਮੈਨੂੰ ਕੁਛ ਇਤਬਾਰ ਨਹੀਂ ਇਥੇ ਆਪ ਦੇ ਲਈ ਤਾਂ 12 ਵਜੇ ਜੱਡ ਪੁੱਜੇ। ਪੁਲਿਸ ਚੌਕੀ ਵਿਚ ਗੱਡੀ ਦੀ ਆਵਾਜ਼ ਤੇ ਰੋਸ਼ਨੀ ਦੇਖ ਸੁਣ, ਚੌਕੀ ਵਾਲੇ ਸਾਰੇ ਜਾਗੇ, ਜਗ੍ਹਾ ਤੋਸ਼ੇਖ਼ਾਨੇ ਵਿਚ ਦਿੱਤੀ। ਜੋ ਕੁਛ ਪਾਸ ਸੀ, ਕੁਛ ਦੂਰ ਖੂਹ ਤੋਂ ਪਾਣੀ ਆਂਦਾ, ਖਾਧਾ ਪੀਤਾ, 1 ਵਜੇ ਦੇ ਕਰੀਬ ਸੌਂ ਗਏ। ਅਲਸੁਬਾ ਹੀ ਉੱਠ ਕੇ 9 ਵਜੇ ਕੋਹਾਟ ਪੁੱਜ ਗਏ। ਥਾਣੇ ਤੋਂ ਪੁਲਿਸ ਲੈ ਕਰ ਹੋਰ, ਮਿਲਟਰੀ ਹੈੱਡ ਕੁਆਰਟਰ ਗਏ। ਪਤਾ ਲੱਗਾ ਕਿ ਮੇਜਰ ਹਸਪਤਾਲ ਦਾਖ਼ਲ ਹਨ। ਉਥੇ ਪਹੁੰਚ ਕੇ ਗੱਲ-ਬਾਤ ਕੀਤੀ ਖਾਨ ਜੀ ਨੇ, ਤੇ ਕਿਹਾ, "ਤੁਸਾਂ ਪਾਸ ਇਕ ਸਿਖ ਲੜਕਾ ਹੈ ?" ਉਸ ਕਿਹਾ, "ਹਾਂ ਹੈ ਜੋਗਿੰਦਰ ਸਿੰਘ ਨਾਮ ਕਰ, ਉਹ ਮੇਰਾ ਗੁਲਾਮ ਨਹੀਂ, ਲੜਕਾ ਹੈ ਤੇ ਮੇਰੇ ਘਰ ਵਿਚ ਹੈ। ਮੈਂ ਮੰਗਾ ਦੇਂਦਾ ਹਾਂ।" ਖ਼ਾਨ ਜੀ ਨੇ ਕਿਹਾ, "ਜੇ ਤੁਸੀਂ ਤਕਲੀਫ਼ ਨਾ ਮੰਨੋ, ਤਾਂ ਹੇਠ ਸੜਕ ਤੇ ਚੱਲੋ, ਉਸ ਦਾ ਚਾਚਾ ਆਇਆ ਹੈ, ਜੀਪ ਵਿਚ ਬੈਠਾ ਹੈ।"

**ਜੋਗਿੰਦਰ ਬਰਾਮਦ**

ਉਹ ਮੇਰੇ ਪਾਸ ਆ ਕੇ ਬੜੇ ਖ਼ੁਸ਼ੀ ਦਿਲ ਨਾਲ ਮਿਲੇ; ਕਿਹਾ, "ਫ਼ਿਕਰ ਕੋਈ ਨਹੀਂ, ਜੋਗਿੰਦਰ ਮਿਲਾ ਦੇਂਦਾ ਹਾਂ। ਮੈਂ ਤਾਂ ਉਸ ਨੂੰ ਕਈ ਦਫ਼ਾ ਕਿਹਾ ਸੀ: ਤੇਰਾ ਕੋਈ ਹੈ, ਤਾਂ ਤੈਨੂੰ ਭੇਜ ਕੇ ਮਿਲਾ ਦੇਂਦਾ ਹਾਂ। ਉਹ ਕਹਿੰਦਾ ਸੀ ਕਿ ਮੇਰੇ ਸਾਰੇ ਮਾਰੇ ਗਏ ਹਨ, ਇਕ ਸੰਤ ਮੇਰਾ ਚਾਚਾ ਸੀ ਹਿੰਦੁਸਤਾਨ ਵਿਚ, ਪਤਾ ਨਹੀਂ ਉਹ ਭੀ ਮਾਰੇ ਗਏ ਹੋਣਗੇ।" ਤਾਂ ਇੰਸਪੈਕਟਰ ਨੇ ਕਿਹਾ ਮੇਜਰ ਜੀ ਨੂੰ, "ਜੇ ਤੁਸੀਂ ਜੀਪ ਵਿਚ ਬੈਠ ਜਾਓ ਤਾਂ ਘਰ ਹੀ ਚੱਲ ਮਿਲੀਏ।" ਉਹ ਮੰਨ ਗਏ ਤੇ ਘਰ ਚਲੇ ਗਏ ਚੀਨਾ ਖੇਲ, ਜੋ ਛਾਵਣੀ ਤੋਂ ਤਿੰਨ ਮੀਲ 'ਤੇ ਸੀ। ਜਾਂ ਡੇਢੀ ਪਾਸ ਪੁੱਜੇ, ਜੋਗਿੰਦਰ ਬਾਹਰੋਂ ਜਾ ਰਿਹਾ ਸੀ ਅੰਦਰ ਨੂੰ। ਮੇਜਰ ਜੀ ਨੇ ਆਵਾਜ਼ ਮਾਰ ਕੇ ਕਿਹਾ, "ਓਇ ਜੋਗਿੰਦਰ ਅੰਦਰੋਂ ਜਾ ਕੇ ਕੁੰਡਾ ਖੋਲ੍ਹ ਦੇਹ।" ਮੈਂ ਖ਼ਾਨ ਜੀ ਨੂੰ ਇਸ਼ਾਰਾ ਕੀਤਾ ਕਿ "ਇਹੋ ਹੈ ਜੋਗਿੰਦਰ ਸਿੰਘ।" ਅਸੀਂ ਅੰਦਰ ਜਾ ਕੇ ਕਮਰੇ ਵਿਚ ਬੈਠੇ ਤਮਾਮ ਨੌਕਰ ਤੇ ਹੋਰ ਲੋਕ ਹੈਰਾਨ ਸਨ ਕਿ ਇਹ ਸਿਖ ਕਿਥੋਂ ਆ ਗਿਆ ਹੈ। ਜਦ ਬੈਠ ਗਏ ਤਦ ਜੋਗਿੰਦਰ ਸਿੰਘ ਮੇਰੇ ਪਾਸ ਆ ਬੈਠਾ । ਜਾਂ ਮੈਂ ਓਸ ਨੂੰ ਆਪਣੇ ਅੰਕ ਵਿਚ ਪਾ ਕੇ ਛਾਤੀ ਨਾਲ ਲਾਇਆ ਤਦ ਅਜੀਬ ਰੰਗ ਤੇ ਹਾਲਤ ਸਭ 'ਤੇ ਛਾ ਗਈ। ਤਿੰਨੇ ਇੰਸਪੈਕਟਰ ਤੇ ਮੇਜਰ ਸਾਹਿਬ, ਹੋਰ ਪਾਸ ਬੈਠਿਆਂ ਦੀਆਂ ਅੱਖਾਂ ਵਿੱਚੋਂ ਭੀ ਜਲ ਦੀਆਂ ਧਾਰਾਂ ਵਹਿ ਚਲੀਆਂ, ਮੇਰੀਆਂ ਤਾਂ ਖ਼ੁਦ ਹੀ ਵਗ ਰਹੀਆਂ ਸਨ, ਕਿਉਂਕਿ ਚਾਰ ਸਾਲ ਤੋਂ ਬਾਅਦ ਸਾਰੇ ਪਰਿਵਾਰ ਦੇ ਇਕ ਸੌ ਯਾਰਾਂ ਆਦਮੀਆਂ ਵਿਚੋਂ ਇਹੋ ਇਕ ਭਾਈ ਦਾ ਬੱਚਾ ਮਿਲਿਆ ਸੀ। ਹੈਸਨ ਉਹ ਭਾਵੇਂ ਸਾਰੇ ਗੈਰ ਸਿੱਖ, ਪਰ ਸਭ ਨੇ ਅਫਸੋਸ ਹੀ ਕੀਤਾ।

ਮੈਂ ਆਪਣੇ ਆਪ ਨੂੰ ਸੰਭਾਲਿਆ ਤੇ ਮੇਜਰ ਸਾਹਿਬ ਕਹਿਣੇ ਲੱਗੇ "ਪਹਿਲਾਂ ਦੱਸੋ ਆਪ ਕੀ ਖਾਓਗੇ ?" ਮੈਂ ਕਿਹਾ, "ਮੇਜਰ ਜੀ, ਆਪ ਨੇ ਮੈਨੂੰ ਸਭ ਦੁਨੀਆਂ ਦੇ ਪਦਾਰਥ ਖੁਲਾ ਦਿੱਤੇ ਹਨ।" ਪਰ ਫਿਰ ਵੀ ਓਸ ਨੇ ਮਹਿ ਚੁਵਾ ਕੇ ਚਾਂਦੀ ਦੇ ਬਰਤਨ ਵਿਚ ਲਿਆ ਕੇ ਮੇਰੇ ਅੱਗੇ (ਦੁੱਧ) ਰੱਖਿਆ, ਤੇ ਕਿਛ ਫਲ ਭੀ, ਹੋਰ ਸਾਰਿਆਂ ਪਾਸ ਭੀ ਤੇ ਕਿਹਾ, "ਖਾ ਲਉ, ਫੇਰ ਹੋਰ ਗੱਲ ਬਾਤ ਕਰਾਂਗੇ।" ਸਭ ਨੇ ਫਲ ਖਾਧੇ ਤੇ ਮੈਂ ਭੀ। ਫੇਰ ਗੱਲ ਸ਼ੁਰੂ ਹੋਈ ਕਿ "ਆਪ ਮੇਹਰਬਾਨੀ ਕਰੋ ਤੇ ਜੋਗਿੰਦਰ ਨੂੰ ਮੇਰੇ ਨਾਲ ਤੋਰ ਦਿਓ।" ਜਵਾਬ ਜੋਗਿੰਦਰ 18 ਸਾਲਾਂ ਦਾ ਹੈ, ਜੇ ਖ਼ੁਸ਼ੀ ਨਾਲ ਜਾਏ ਤਾਂ ਮਨ੍ਹਾਂ ਨਹੀਂ, ਜੇ ਨਾ ਜਾਏ ਤਾਂ ਜ਼ਬਰਦਸਤੀ ਨਹੀਂ, ਕਿਉਂਕਿ ਇਹ ਮੇਰਾ ਪੁੱਤਰ ਹੈ, ਮੇਰੇ ਘਰ ਦਾ ਸਾਰਾ ਹਿਸਾਬ-ਕਿਤਾਬ ਤੇ ਰੁਪਿਆ ਇਸੇ ਦੇ ਹੱਥ ਹੈ, ਤੇ ਕੁੰਜੀਆਂ ਭੀ। ਮੇਰੇ ਘਰ ਵਿਚ ਇਕ ਮੇਰੀ ਔਰਤ ਤੇ ਇਕ ਲੜਕੀ ਇਕ ਜੋਗਿੰਦਰ ਹੀ ਅੰਦਰ ਹਨ, ਹੋਰ ਪੰਜ ਸਾਲਾ ਲੜਕਾ ਭੀ ਅੰਦਰ ਨਹੀਂ, ਨਾ ਆ ਸਕਦਾ ਹੈ। ਔਰ ਮੈਂ ਚਾਰ ਮਹੀਨੇ ਤੋਂ ਬਾਅਦ ਏਸ ਦੀ ਸ਼ਾਦੀ ਕਰ ਦੇਣੀ ਹੈ, ਘਰ ਚਾਹੇ ਬਾਹਰ। ਤੁਸੀਂ ਇਸ ਦੀ ਜ਼ਿੰਦਗੀ ਬਣਾਉਣਾ ਚਾਹੁੰਦੇ ਹੋ ਤਾਂ ਮੇਰੇ ਪਾਸ ਹੀ ਰਹਿਣ ਦਿਓ। ਜਦ ਤੁਸੀਂ ਚਾਹੋ ਮੈਂ ਹਵਾਈ ਜਹਾਜ਼ ਵਿਚ ਭੇਜ ਕੇ ਮਿਲਾ ਦੇਵਾਂਗਾ। ਮੇਰੇ ਘਰ ਹੋਰ ਕੋਈ ਲੜਕਾ ਨਹੀਂ, ਨਾ ਹੀ ਮੇਰੇ ਹੋਰ ਸੱਤਾਂ ਭਾਈਆਂ ਦੇ ਘਰ ਹੈ।" ਤੇ ਹੋਰ ਸਾਰੇ ਭੀ ਕਹਿਣ ਲੱਗੇ, "ਠੀਕ ਹੈ, ਤੁਸੀਂ ਫ਼ਕੀਰ ਹੋ ਏਸ ਦੀ ਜ਼ਿੰਦਗੀ ਨਾ ਬਣਾ ਸਕੋਗੇ।" ਤੇ ਖ਼ਾਨ ਸੱਯਦੁੱਦੀਨ ਜੀ ਕਹਿਣ ਲੱਗੇ, "ਠੀਕ ਹੈ, ਪਰ ਇਕ ਕਾਨੂੰਨੀ ਅੜਚਨ ਪੈ ਗਈ ਹੈ, ਉਹ ਇਹ ਹੈ ਕਿ ਮੇਜਰ ਜੀ ਪੇਟੀਦਾਰ ਹਨ ਤੇ ਮੈਂ ਭੀ ਪੇਟੀਦਾਰ ਹਾਂ ਸਰਕਾਰੀ ਅਗਰ ਜੋਗਿੰਦਰ ਬਰਾਮਦ ਨਾ ਹੁੰਦਾ ਤਾਂ ਕੋਈ ਗੱਲ ਨਹੀਂ ਸੀ ਪਰ, ਹੁਣ ਇਹ ਸਾਹਮਣੇ ਆ ਗਿਆ ਹੈ, ਇਹ ਲਾਹੌਰ ਚੱਲ ਕੇ ਟ੍ਰਿਬਿਊਨਲ ਦੇ ਸਾਹਮਣੇ ਬਿਆਨ ਦੇ ਕੇ ਆ ਜਾਏ। ਤਦ ਸਾਰੇ "ਠੀਕ ਠੀਕ" ਕਹਿਣੇ ਲਗੇ ਤੇ ਮੇਜਰ ਜੀ ਭੀ । ਤਦ ਖ਼ਾਨ ਜੀ ਨੇ ਜੋਗਿੰਦਰ ਦੇ ਬਿਆਨ ਲੀਤੇ : ਕਿਸ ਤਰ੍ਹਾਂ ਤੇਰੇ ਰਿਸ਼ਤੇਦਾਰ ਮਾਰੇ ਗਏ, ਤੂੰ ਕਿਸ ਤਰ੍ਹਾਂ ਬਚਿਆ, ਮੇਜਰ ਪਾਸ ਕਿਸ ਤਰ੍ਹਾਂ ਆਇਆ ਤੇ ਕਿਤਨਾ ਅਰਸਾ ਹੋ ਗਿਆ ਹੈ। ਫੇਰ ਮੇਜਰ ਸਾਹਿਬ ਦੇ ਲੀਤੇ ਤੇ ਕਲਮਬੰਦ ਕਰ ਸੈਨ (ਦਸਖਤ) ਕਰਾ ਲੀਤੇ । ਹੁਣ ਜਦ ਕਿਹਾ, ਖ਼ਾਨ ਜੀ, "ਤਿਆਰੀ ਕਰੋ ਚੱਲਣ ਦੀ।" ਤਦ ਮੇਜਰ ਤੇ ਉਸ ਦੀ ਬੇਗਮ, ਲੜਕੀ, ਨੌਕਰ ਸਾਰੇ ਦੇ ਸਾਰੇ ਰੋਣ ਲੱਗ ਪਏ, ਨਾਲ ਜੋਗਿੰਦਰ ਭੀ। ਕਦੀ ਅੰਦਰ ਕਦੀ ਬਾਹਰ, ਤਿਆਰੀ ਦਾ ਨਾਂ ਤਕ ਕੋਈ ਨਾ ਲਏ, ਆਖ਼ਰ ਪੁਲਿਸ ਨੇ ਕਿਹਾ, "ਹੁਣ ਤਾਂ ਜਾਣਾ ਹੀ ਪਵੇਗਾ ਲਾਹੌਰ ਤਕ", ਤੇ ਜੋਗਿੰਦਰ ਕੀ ਕਹੇ ? ਮੈਨੂੰ ਛੱਡ ਜਾਓ; ਮੈਂ ਕਦੀ ਨਾ ਕਦੀ ਆ ਕੇ ਤੁਸਾਂ ਨੂੰ ਮਿਲਿਆ ਕਰਾਂਗਾ। ਖ਼ਾਨ ਜੀ ਨੇ ਕਿਹਾ, "ਲਾਹੌਰ ਸੇ ਵਾਪਸ ਆ ਸਕਤਾ ਹੈ ਔਰ ਕੋਈ ਬਾਤ ਨਹੀਂ ਹੋ ਸਕਤੀ ਹੈ, ਕਾਨੂੰਨ ਹੈ। ਆਖ਼ਰ ਮੇਜਰ ਦੀ ਸਾਲੀ ਤੇ ਬੇਗਮ ਨੇ ਕੁਰਾਨ ਸ਼ਰੀਫ਼ ਪਕੜ ਕੇ ਹੱਥਾਂ ਵਿਚ, ਉੱਚੀ ਜਗ੍ਹਾ ਖੜੇ ਹੋ ਕੇ ਹੇਠੋਂ ਜੋਗਿੰਦਰ ਨੂੰ ਲੰਘਾਇਆ, ਤੇ ਕਿਹਾ, "ਜਾਹ ਅੱਲਾਹ ਤੇਰਾ ਹਾਫ਼ਜ਼ ਹੈ ਤੇ ਤੂੰ ਛੇਤੀ ਆ ਜਾਸੇ।" ਜਦ ਉਹ ਮੇਰੇ ਪਾਸ ਆਇਆ, ਤਦ ਮੈਂ ਭੀ ਆਪਣਾ ਕੁਰਾਨ ਪੜ੍ਹ ਕੇ ਥਾਪੜੀ ਦਿੱਤੀ ਤੇ ਹੱਥ ਵਿਚ ਹੱਥ ਪਾ ਕੇ ਰੋਂਦੇ ਨੂੰ ਜੀਪ ਵਿਚ ਬਿਠਾ ਲੀਤਾ, ਪਰ ਉਹ ਭੀ ਤੇ ਹੋਰ ਲੋਕ ਇਸ ਬਰਨਾਲੇ ਦੇਣ ਕਰਿਆਰਮ ਪ੍ਰਰਸੀ ਹੈ। ਮੇਜਰ ਦੀ ਲੜਕੀ ਸੀ। ਬਹੁਤ ਸਾਰਾ ਸਾਮਾਨ ਵੀ ਨਾਲ ਦੇਣ ਨੂੰ ਤਿਆਰ ਕੀਤਾ। ਪਰ ਅਸਾਂ ਇਕ ਦਰੀ, ਇਕ ਬਬਲ ਇਕ ਜੋੜਾ ਕਪੜਿਆਂ ਦਾ ਲੀਤਾ ਤੇ ਮੇਜਰ ਜੀ ਨੇ ਹਵਾਈ ਜਹਾਜ਼ ਦਾ ਕਿਰਾਇਆ ਵਾਪਸੀ ਦਾ ਜੋਗਿੰਦਰ ਦੇ ਹੱਥ ਦਿੱਤਾ, ਕਿ ਤੂੰ ਬਿਆਨ ਦੇ ਕੇ ਲਾਹੌਰ ਹਵਾਈ ਜਹਾਜ਼ ਵਿਚ ਵਾਪਸ ਆ ਜਾਵੀਂ।

ਸਭ ਚੀਖੋ ਪੁਕਾਰ ਕਰ ਰਹੇ ਹੀ ਸਨ ਕਿ ਖ਼ਾਨ ਜੀ ਨੇ ਛੇਤੀ ਜੀਪ ਤੋਰ ਕੇ ਛੱਡ ਦਿੱਤੀ ਤੇ ਅੱਖਾਂ ਤਾੜ ਕੇ ਜੋਗਿੰਦਰ ਨੂੰ ਤਾੜਿਆ ਕਿ "ਚੁਪ, ਮੈਂ ਪੁਲਿਸ ਦਾ ਆਦਮੀ ਹਾਂ।" ਇਹ ਪਠਾਣਾਂ ਦਾ ਦੇਸ਼ ਹੈ ਕੋਹਾਟ ਦੀ ਪੁਲਿਸ ਪਿਛੇ ਹੀ ਰਹੀ। ਅਸੀਂ ਅਟਕ ਆ ਕੇ ਦਮ ਲੀਤਾ। ਤਦ ਜੀਪ ਤੋਂ ਉਤਰ ਕੇ ਪਸਤੌਲ ਕੱਢ ਕੇ ਮੇਰੇ ਹੱਥ ਵਿਚ ਦੇ ਕੇ ਕਹਿਣੇ ਲਗੇ, "ਮਾਰੋ ਜੋਗਿੰਦਰ ਦੀ ਛਾਤੀ ਵਿਚ ਤੇ ਅਟਕ ਵਿਚ ਸੁੱਟ ਦਿਓ, ਜਿਥੇ ਹੋਰ ਮਰ ਗਏ ਏਹ ਭੀ ਮਰਿਆ ਹੀ ਜਾਣੋ।" ਮੈਂ ਹੱਸ ਪਿਆ ਤੇ ਓਹ ਜੋਗਿੰਦਰ ਨੂੰ ਕਹਿਣ ਲੱਗੇ, "ਓਇ ਜੋਗਿੰਦਰ ਮੂਜ਼ੀਆ । ਜਿਨ੍ਹਾਂ ਤੈਨੂੰ ਜੰਮਿਆ, ਪਾਲਿਆ ਓਹ ਤੈਨੂੰ ਭੁੱਲ ਗਏ ਤੇ ਚਾਰ ਸਾਲ ਦੀ ਐਸ਼ ਕਰਕੇ ਤੇ ਗੋਰੀ ਕੁੜੀ ਦੇਖ ਕੇ ਮਜਨੂੰ ਬਣ ਗਿਆ ਹੈ ? ਦੇਖ ਬੁੱਢਾ ਤੇਰਾ ਚਾਚਾ ਤੇ ਫ਼ਕੀਰ, ਓਹ ਸਿਰ ਤਲੀ 'ਤੇ ਰੱਖ ਕੇ ਤੇਰੇ ਪਾਸ ਆ ਪਹੁੰਚਾ ਕਲੇਜਾ ਮਲਦਾ, ਤੂੰ ਦੇਖ ਕੋਈ ਹੋਰ ਸਿਖ ਇਥੇ ਆ ਸਕਦਾ ਹੈ, ਇਹ ਤਾਂ ਫਰਿਸ਼ਤਾ ਹੈ।"

**(...ਚੱਲਦਾ)**

# साहिब-ए-कमाल श्री गुरू गोबिन्द सिंघ जी का विलक्षण व्यक्तित्व- भाई नंद लाल गोया जी की नज़र में

## नासिरो मंसूर गुरू गोबिंद सिंघ ईज़दी- मैं मनजूर गुरू गोबिंद सिंघ

**अमृत पाल बंसल लुधियाना**

भाई नंद लाल गोया जी एक हिन्दू परिवार से थे, लेकिन वह फारसी और अरबी के इतने विशेषज्ञ थे कि औरंगज़ेब ने उन्हें अपने बच्चों को फारसी सिखाने के लिए नियुक्त किया था। कहानी यह है कि एक बार भाई नंद लाल जी द्वारा कुरान की आयत की व्याख्या सुनकर औरंगज़ेब बहुत प्रभावित हुआ। उसने अपने मंत्रियों और बेटे से आग्रह किया कि ऐसे व्यक्ति को इस्लाम अपना लेना चाहिए। औरंगज़ेब का बेटा भाई नंद लाल जी का विश्वासपात्र था और उसने बताया कि उसके पिता चाहते हैं कि वह इस्लाम में परिवर्तित हो जाएं। भाई नंद लाल जी इस्लाम में परिवर्तित नहीं होना चाहते थे, इस लिए उन्होंने विचार करना शुरू कर दिया कि वह बचने के लिए कहां जा सकते हैं। किसी ने उनसे कहा कि यदि उनको औरंगज़ेब से बचना हैं, तो उत्तर भारत में एकमात्र सुरक्षित स्थान गुरू गोबिंद सिंघ जी के दरबार में 'आनन्दपुर साहिब' है। भाई नंद लाल जी आनन्दपुर साहिब चले गए। आप गुरू जी से मिले और उनको 'बंदगीनामा' एक पुस्तक भेंट की। गुरू जी को वह पुस्तक इतनी पसंद आई कि उन्होंने इसका नाम 'जिंदगीनामा' रख दिया। वहां आपने संगत की सेवा की और अंततः श्री गुरू गोबिंद सिंघ जी के दरबार के महांकवि बन गए। आप गुरू साहिब जी के दरबार में मौजूद 52 कवियों में से उनके पसंदीदा कवि थे तथा वह कई वर्षो तक गुरू जी के साथ रहे। उनकी प्रमुख कृतियों में दीवान-ए-गोया, जिंदगीनामा, तौसीफ-ए-सनाफ, गंज़नामा, दस्तूर-उल-इंशा, अर्जुल अल्फाज, खतीमत, जोत बिगास (फारसी तथा पंजाबी), रहितनामा, तन्खवानामा और रूबडियट शामिल है।



भाई नंद लाल जी ने पुस्तक गंज़नामा (खजाने की किताब) को दस गुरू साहिबान की प्रशंसा में फारसी छंद में लिखा है। इस में कुल 160 श्लोक हैं, इन में से श्लोक 105 से 160 में श्री गुरू गोबिंद सिंघ जी की स्तुति में लिखे गये हैं, जो कि गुरू साहिब जी की अदभुत प्रकृति का वर्णन करते हैं। यह पुस्तक गुरू साहिब जी से उनकी विनम्र प्रार्थना के साथ समाप्त होती है कि उनका जीवन गुरू जी को समर्पित हो और वह हमेशा उनके चरणों से जुड़े रहें। गुरू साहिब जी के पसंदीदा शिष्य के रूप में भाई नंद लाल जी का नाम सिख परंपरा में चला गया और उनकी भक्ति को एक आदर्श के रूप में सराहा जाता है।

आएं हम सभी गुरू साहिब जी के पावन जन्मदिन पर शहंशाह सच्चे पातशाह साहिब श्री गुरू गोबिंद सिंघ जी को अपने हृदय की गहराईयों से भाई नंद लाल गोया जी द्वारा रचित 105 से 160 श्लोकों तक अर्थ सहित पढ़ कर याद करें और गुरू जी के चरण कमलों पर अरदास करें कि सच्चे पातशाह! हम कलयुगी जीवों को इन इलाही श्लोकों को समझने की बुद्धि का दान दें और हमारी भी बाणी इन को पढ़ कर, समझ कर पावन हो जाएं और हमारा मनुष्य जीवन सफल हो जाए। क्योंकि यह कुल 56 श्लोक हैं और इनको इक्टठे अर्थ सहित देने से, यह लेख बहुत लंबा हो जाएगा, इस लिए शेष श्लोक आगामी अंकों में व्याख्या सहित श्रद्धालूयों के लिए प्रस्तुत किए जाएंगे।

वाहिगुरू जीउ सत

वाहिगुरू जीउ हाज़र नाज़र है

**नासर - ओ मंसूर गुरू गोबिंद सिंघ।**

**ईज़ाद - मैं मंज़ूर गुरू गोबिंद सिंघ। (105)**

नासर - सहायक, मददगार। मंसूर - विजयी। इज़ाद - भगवान। मंज़ूर - स्वीकार करना।

श्री गुरू गोबिंद सिंघ जी विजयी हुए और हमें जीवन में सफल होने में सहायता करते हैं। आप को ईश्वर ने अपने रूप में स्वीकार कर लिया है।

**हक रा गंजूर गुरू गोबिंद सिंघ।**

**जुमला फैज़ - ओ नूर गुरू गोबिंद सिंघ। (106)**

हक - सच। भगवान रा - लेख। गंजूर - कोषाध्यक्ष,

(शेष पन्ना 36 पर)

# Praises of Shri Guru Gobind Singh Ji By Bhai Nand Lal Goya Ji

## "Nasar-O Mansoor Guru Gobind Singh  Eezad-I Manzoor Guru Gobind Singh"

**-Amrit Paul Bansal Ludhiana**

Bhai Nand Lal Goya Ji came from a Hindu family but he was such an expert of Farsi (Persian) and Arabic language, that he was hired by Aurangzeb to teach Persian to his kids. The story goes that once after hearing Bhai Nand Lal's interpretation of a Quran verse, Aurangzeb was very impressed. He insisted to his ministers and son that such a man should convert to Islam. Aurangzeb's son was a confidante of Bhai Nand Lal Ji and told him that his father wanted him converted to Islam.  Bhai Nand Lal Ji did not want to convert to Islam, so he started pondering as to where he could go to get saved. Someone told him if he wanted to get saved from Aurangzeb, one of the only safe place in North India was Anandpur Sahib, in the court of Shri Guru Gobind Singh Ji. Bhai Nand Lal Ji fled overnight towards Anandpur Sahib and met Guru Sahib Ji, served the sangat of Anandpur Sahib and eventually became the poet laureate of Sri Guru Gobind Singh Ji's Court. He presented his books "Bandgi Nama" to Guru Ji. Guru Ji was impressed so much from this book, that Guru Ji renamed this book as "ZindgiNama". He was  the Guru Ji's most favourite poet among the 52 poets, he had in his court. He stayed with Guru Ji for several years. His major works include: Diwan-e-Goya, Zindginama, Touseef-e-sanaf, Ganjnama, Dastur-ul-Insha, Arz-ul-Alfaaz, Khatimat, Jot Bigas (Persian & Punjabi), Rahitnama, Tankhanama, Rubdiydt.



Bhai Nand Lal Ji had written the most popular book "Ganjnama" (Treasarer Book) in Persian verses in the praise of ten Guru Sahiban. There are total of 160 verses in it. Verses from 105 to 160 are written in the praises of Sri Guru Gobind Singh Ji. The poet calls Sri Guru Nank Sahib ji, the Supreme Darvesh and all his successors being one with him in spirit, embodying the same message. The book concludes with his humble supplication to Guru Gobind singh Ji that his life may be dedicated to Guru ji and that he may forever remain attached to his feet. His name as the favourite disciple of Guru ji has passed in the Sikh tradition and his devotion is commented as an ideal to be followed.

Let all of us read this beautiful and spiritual gift presented by Bhai Nand Lal ji along with the meaning of his verses written in Persian from 105 to 160. The devotees will realise and feel the presence of God, when these verses will be read, which contain name of Sahib Sri Guru Gobind Singh ji in every verse. It will be a holy prayer in the holy feet of Guru Sahib ji by sinful kalyugi human beings like us and thus will get Guru Ji's blessings. Since these are 56 verses and it will become very lengthy, if their meanings of all are given together. Therefore, the remaining verses will be published step by step. We are


**ਜੇਕਰ ਮੈਗਜ਼ੀਨ ਨਾ ਮਿਲੇ ਤਾਂ ...**




ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 'ਤੇ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।

ਵੱਲੋਂ ਅਦਾਰਾ 'ਗੁਰਮਤਿ ਵਿਰਸਾ'

sure that the devotees will realize spiritual experience and get their tongue purified after reciting such wonderfull verses.

**ਵਾਹਿਗੁਰੂ ਜੀਉ ਸਤਿ**

WAHEGURU JEE–O SATYA

**ਨਾਸਿਰੋ ਮਨਸੂਰ ਗੁਰੂ ਗੋਬਿੰਦ ਸਿੰਘ**

**ਈਜ਼ਦੀ ਮਨਜ਼ੂਰ ਗੁਰੂ ਗੋਬਿੰਦ ਸਿੰਘ**

**Nasar-O Mansoor Guru Gobind Singh**

**Eezad-I Manzoor Guru Gobind Singh (105)**

Nasar-Assister, helper Mansoor-Victorious Eezad-God Manzoor-approved

Guru Gobind Singh is victorious and assists (helps) us to succeed in life; He is accepted by God as his own.

**ਹੱਕ ਰਾ ਗੰਜ਼ੂਰ ਗੁਰੂ ਗੋਬਿੰਦ ਸਿੰਘ**

**ਜੁਮਲਾ ਫ਼ੈਜ਼ਿ ਨੂਰ ਗੁਰੂ ਗੋਬਿੰਦ ਸਿੰਘ**

**Haq Ra Ganjoor Guru Gobind Singh**

**Jumla Faiz-O Noor Guru Gobind Singh (106)**

Haq–truth, God Ra-article Ganjooz-treasurer, Jumla-the whole, all Faiz-bounly, Blessings Noor-light, Radiance

Guru Gobind Singh is the custodian of God's treasure; He is the bestower of all the gifts.

**ਹੱਕ ਹੱਕ ਆਗਾਹ ਗੁਰੂ ਗੋਬਿੰਦ ਸਿੰਘ**

**ਸ਼ਾਹਿ ਸ਼ਹਨਸ਼ਾਹ ਗੁਰੂ ਗੋਬਿੰਦ ਸਿੰਘ॥**

**Haq Haq Aagaah Guru Gobind Singh**

**Shahe Shahan Shah Guru Gobind Singh (107)**

Haq-God, Aagaah-aware, knowing, shahe shahan shah- emperor of emperors

Guru Gobind Singh knows the ways of God; He is the emperor of emperors.

**ਬਰ ਦੋ ਆਲਮ ਸ਼ਾਹ ਗੁਰੂ ਗੋਬਿੰਦ ਸਿੰਘ**

**ਖ਼ਸਮ ਰਾ ਜਾਂ–ਕਾਹ ਗੁਰੂ ਗੋਬਿੰਦ ਸਿੰਘ**

**Bar-do Alam Shah Guru Gobind Singh**

**Khasam Ra Jan Kah Guru Gobind Singh (108)**

bar-at, on Do-two Alam-world, Shah-King Khasam-enemy, Ra-particle, Jan-life kah-Diminisher

Guru Gobind Singh rules over both the worlds; He is the destroyer of the enemies.

**ਫਾਇਜ਼ੁਲ ਅਨਵਾਰ ਗੁਰੂ ਗੋਬਿੰਦ ਸਿੰਘ**

**ਕਾਸ਼ਫੁਲ ਅਸਰਾਰ ਗੁਰੂ ਗੋਬਿੰਦ ਸਿੰਘ॥**

**Faaezal Anwaar Guru Gobind Singh**

**Kashful-Asraar Guru Gobind Singh (109)**

Faaezal-Abundant, bountiful Anwaar-(Plural of Noor), Lights, illuminations, Kashfuf-discoverer, revealer, Asraar-secrets, Mysteries

Guru Gobind Singh illuminates our lives with abundance and he is the bestower of divine radiance; He reveals secrets of God.

Continued in next issue

## जगत क्यों दुखी है?

जितना बडा 'प्लाट' होता है, उतना बडा 'बंगला' नहीं होता
जितना बडा 'बंगला' होता है, उतना बडा 'दरवाजा' नहीं होता
जितना बडा 'दरवाजा' होता है, उतना बडा 'ताला' नहीं होता
जितना बडा 'ताला' होता है, उतनी बडी 'चाबी' नहीं होती

परन्तु चाबी का पूरे बंगले, पर अधिकार होता है

इसी तरह मानव के जीवन में बंधन और मुक्ति का आधार मन की चाबी पर ही निर्भर होता है।

(पन्ना 34 का शेष)

जुमला – पूरा, सब। फैज – इनाम, आर्शीवाद। नूर – प्रकाश, चमक

गुरू गोबिंद सिंघ जी भगवान के खज़ाने के संरक्षक हैं: वह सभी उपहारों के दाता हैं।

**हक हक आगाह गुरू गोबिंद सिंघ।**

**शाहे शाहन शाह गुरू गोबिंद सिंघ। (107)**

हक – ईश्वर। आगाह – जानना। शाह शांह शाह – सम्राट के सम्राट।

श्री गुरू गोबिंद सिंघ जी ईश्वर के तरीकों को जानते है: वह सम्राटों के भी सम्राट हैं।

**बार दो आलम शाह गुरू गोबिंद सिंघ।**

**खसम रा जान कह गुरू गोबिंद सिंघ। (108)**

बार – अत, पार। दो – दो। आलम – दुनिया। शाह – राजा। खसम – शत्रु। रा – कण। जान – जीवन। कह – कम करने वाला।

श्री गुरू गोबिंद सिंघ जी दोनों आलम पर शासन करते हैं, वह शत्रुयों को नाश करने वाले हैं।

**एफ एए – एज़ अल – अनवार गुरू गोबिंद सिंघ।**

**काशिफ अल – असरार गुरू गोबिंद सिंघ। (109)**

एफ एए – एज – भरभूर मात्रा में। अनवार – (नूर का बहुवचन) रोशनी। काशिफ – खोज कर्ता। असरार – रहस्य

श्री गुरू गोबिंद सिंघ जी हमारे जीवन को भरपूर मात्रा से रोशन करते हैं: वह भगवान के रहस्य का खुलासा करते हैं।

(शेष अगले अंक मे)

## ਕਾਵਿ ਕਿਆਰੀ

# ਅੰਤ ਆਪਣਾ ਆਪ ਵੀ ਵਾਰ ਦਿੱਤਾ

ਤੂੰ ਅਵਤਾਰ ਹੈਂ ਸੱਚੇ ਪਿਆਰ ਵਾਲਾ,
ਜਿਨ੍ਹੇ ਚਿਤਵਿਆ ਉਹਨੂੰ ਤੂੰ ਤਾਰ ਦਿੱਤਾ।
ਦੁਖੀ ਦੀਨਾਂ ਗਰੀਬਾਂ ਦੀ ਰੱਖਿਆ ਲਈ,
ਤੈਨੂੰ ਭੇਜ ਹੈ ਆਪ 'ਕਰਤਾਰ' ਦਿੱਤਾ।

ਦਿਲੀ ਚਾ ਕਰ ਕੇ ਦਿੱਲੀ ਟੋਰ ਹੱਥੀਂ,
ਪਿਤਾ ! 'ਵਿਸਾਰ ਦਿੱਤਾ' ਪਿਤਾ ਵਾਰ ਦਿੱਤਾ।
ਟੁੱਟੀ ਗੰਢ ਮੁੜ ਗੰਢ ਲਾ ਗੰਢ ਦਿੱਤੀ,
ਮਹਾਂ ਸਿੰਘ ਨੂੰ ਆਣ ਦੀਦਾਰ ਦਿੱਤਾ।

ਪਿਆਰੇ ਪੰਜ ਵਾਰੇ, ਘੋਲੇ ਲਾਲ ਚਾਰੇ,
ਦੇਸ਼ ਦੁਖੀ ਤੋਂ ਘੋਲ ਪਰਿਵਾਰ ਦਿੱਤਾ।
'ਕੀਤੇ ਵਾਰ' ਤਲਵਾਰ ਦੇ ਵਾਰ ਝੱਲੇ,
ਅੰਤ ਆਪਣਾ ਆਪ ਵੀ ਵਾਰ ਦਿੱਤਾ।

ਮਾਤਾ ਪਿਤਾ ਤੇ ਪੁਤ ਕੁਰਬਾਨ ਕਰ ਕੇ,
ਕੀਤਾ ਸ਼ੁਕਰ ਕਰਤਾਰ ਦਾ ਪਿਆਰਿਆਂ ਤੂੰ।
'ਗਏ ਚਾਰ ਤਾਂ ਲੱਖ ਹਜ਼ਾਰ ਜੀਊਣ',
ਪੁੱਛੇ ਜਾਣ ਤੇ ਆਪ ਉਚਾਰਿਆ ਤੂੰ।

ਹੱਥੀਂ ਚਾੜ੍ਹਿਆ ਆਪ 'ਅਜੀਤ' ਘੋੜੀ,
ਤੇ 'ਜੁਝਾਰ' ਨੂੰ ਫੇਰ ਵੰਗਾਰਿਆ ਤੂੰ।
ਪਾਰ ਬੋਲਿਆ ਜਾਨ ਤੋਂ ਉਹ ਵੈਰੀ,
ਜਿਸ ਨੂੰ ਤੀਰ ਟਿਕਾਅ ਕੇ ਮਾਰਿਆ ਤੂੰ।

ਖੰਡਾ ਧੂਹ ਕੇ ਧਰਮ ਦੇ ਵੈਰੀਆਂ ਨੂੰ,
ਬਾਜ਼ਾਂ ਵਾਲਿਆ ਤੂੰਹੋਂ ਸੁਧਾਰ ਦਿੱਤਾ।
ਅੰਸ ਬੰਸ ਧਨ ਮਾਲ ਦੁਖਿਆਰਿਆਂ ਤੋਂ,
ਤੂੰਹੀਂ ਪਿਆਰਿਆ ਹੱਸ ਕੇ ਵਾਰ ਦਿੱਤਾ।

'ਬੰਦੇ' ਤਾਈਂ ਮਿਲਿਓਂ ਜਗਤ-ਗੁਰੂ ਹੋ ਕੇ,
ਸੈਦਖ਼ਾਨ ਨੂੰ ਸੱਚ ਦਾ ਪੀਰ ਬਣ ਕੇ।
ਪੁਜੋਂ ਡੁਬਦਿਆਂ ਕੋਲ ਮਲਾਹ ਬਣ ਕੇ,
ਬੀਰਾਂ ਜੋਧਿਆਂ ਨੂੰ ਜੋਧਾ ਬੀਰ ਬਣ ਕੇ।

ਆਪਣੇ ਪਿਆਰਿਆਂ ਨੂੰ ਸਦਾ ਫੁਲ ਹੋ ਕੇ,
ਚੁਭੇ ਦੁਸ਼ਮਨਾਂ ਹਿੱਕੀਂ ਕਰੀਰ ਹੋ ਕੇ।
ਕਦੇ ਦਏਂ ਪਹਿਰਾ ਪਹਿਰੇਦਾਰ ਹੋ ਕੇ,
ਵਜੋਂ ਵੈਰੀਆਂ ਦੇ ਸੀਨੇ 'ਤੀਰ' ਹੋ ਕੇ।

ਤਾਹੀਓਂ ਜੱਗ ਦੀ ਜੀਭ ਬੇ-ਵੱਸ ਹੋ ਕੇ,
ਤੈਨੂੰ ਆਖ ਬਲਿਹਾਰ ਬਲਿਹਾਰ ਦਿੱਤਾ।
ਕਸ਼ਟ ਸਹਿ ਸਹਿ ਆਪਣੇ ਆਪ ਉੱਤੇ,
ਪਿਆਰੇ ਪੰਥ ਦਾ ਅੱਗਾ ਸਵਾਰ ਦਿੱਤਾ। –0–

ਗੁਰਪੁਰਵਾਸੀ
ਡਾ. ਅਮਨਪ੍ਰੀਤ ਸਿੰਘ

# ਚਮਤਕਾਰ

ਜਿਹੜੇ ਨਾਨਕ ਦਾ ਨਾਮ ਵੀ ਨਹੀਂ ਸੀ ਲੈਂਦੇ
ਉਹ ਵੀ ਲਿਖਣ ਲਾ ਦਿੱਤੇ ੫੫੦ ਸਾਲਾ ਨੇ।
ਦੇ ਕੇ ਸੰਘ 'ਚ ਅੰਗੂਠਾ, ਜੋ ਹੱਕ ਮਾਰਦੇ ਰਹੇ
ਕਿਰਤ ਕਰਨ ਦੀ ਬਾਤ ਨੇ ਪਾਉਣ ਲੱਗ ਪਏ।
ਛਿੱਲ ਲਾਹੀ ਜਾਵੇ ਕਾਮਿਆਂ ਮਜ਼ਦੂਰਾਂ ਦੀ ਜੋ
ਜ਼ੁਲਮ ਖਿਲਾਫ਼ ਅਵਾਜ਼ ਉਠਾਉਣ ਲੱਗ ਪਏ।
ਸਿਫ਼ਾਰਸ਼ਾਂ ਦੇ ਨਾਲ ਉੱਚੇ ਅਹੁਦਿਆਂ ਤੇ ਬੈਠੇ
ਭ੍ਰਿਸ਼ਟਾਚਾਰ ਵਿਰੋਧ ਉਹ ਖਲੋਣ ਲੱਗ ਪਏ।
ਜਾਤ-ਪਾਤ ਦਾ ਗੁਮਾਨ ਕਦੇ ਛੱਡਿਆ ਨਾ ਜਿਨ੍ਹਾਂ
ਜਾਤ-ਪਾਤ ਨੂੰ ਪਖੰਡ ਕਹਿ ਦਰਸਾਉਣ ਲੱਗ ਪਏ।
ਵੇਚ ਮੂਰਤੀਆਂ, ਧਾਗੇ, ਤਵੀਤ, ਮੰਤਰ ਤੇ ਜੰਤਰ
ਫੋਕਟ ਕਰਮ ਕਹਿ ਆਰਤੀ ਗਾਉਣ ਲੱਗ ਪਏ।
ਧੀ ਮਾਰ ਕੇ ਕੁੱਖ 'ਚ ਲੈਂਦੇ ਰਾਜਸੀ ਅਹੁਦੇ ਜਿਹੜੇ
ਨਾਰੀ ਚੇਤਨਾ ਦਾ ਸੈਮੀਨਾਰ ਕਰਾਉਣ ਲੱਗ ਪਏ।
ਖਾ ਕੇ ਗੋਲਕਾਂ ਦਾ ਪੈਸਾ, ਝਾੜ ਤੁਰ ਗਏ ਨੇ ਗੋਗੜ
ਗ਼ਰੀਬ ਦਾ ਮੂੰਹ ਗੋਲਕ ਗੁਰੂ ਦੀ, ਸੁਣਾਉਣ ਲੱਗ ਪਏ।
ਸਾੜੀ ਜਾਂਦੇ ਨੇ ਪਰਾਲੀ, ਜ਼ਹਿਰੀ ਕਰਿਆ ਏ ਪਾਣੀ
ਪਵਣੁ ਗੁਰੂ ਪਾਣੀ ਪਿਤਾ, ਝੂਮ ਗਾਉਣ ਲੱਗ ਪਏ।
ਕਰਦੇ ਔਰੰਗੇ ਦੀ ਸਿਫ਼ਤ, ਬਹਿ ਉਨ੍ਹਾਂ ਪੈਰਾਂ ਦੇ ਵਿੱਚ
ਬਾਬਰ ਨੂੰ ਜਾਬਰ ਕਹਿਣਾ, ਉਹ ਸਿਖਾਉਣ ਲੱਗ ਪਏ।
ਗਾਲ਼ ਬਿਨਾਂ ਗੱਲ ਨਾ ਆਵੇ, ਵਿਸ ਮੂੰਹੋਂ ਕੱਢੀ ਜਾਵੇ
ਮਿਠਤੁ ਨੀਵੀ ਨਾਨਕਾ, ਸਿਰ ਝੁਕਾਉਣ ਲੱਗ ਪਏ।
ਘਸੇ ਪਿੱਟੇ ਪੁਰਾਣੇ ਵਿਚਾਰ ਕਹਿ ਕੱਢਣ ਦੰਦੀਆਂ
ਗੁਰੂ ਨਾਨਕ ਤੇ ਕਿਤਾਬਾਂ ਉਹ ਛਪਾਉਣ ਲੱਗ ਪਏ।
ਜਿਹੜੇ ਲੈਂਦੇ ਨਹੀਂ ਸੀ ਕਦੇ ਗੁਰੂ ਨਾਨਕ ਦਾ ਨਾਮ
੫੫੦ ਸਾਲਾ ਚਾਵਾਂ ਨਾਲ ਉਹ ਮਨਾਉਣ ਲੱਗ ਪਏ।

# ਨੀ ਦਿੱਲੀਏ ਚੱਲਣੀ ਨਾ ਤੇਰੀ ਮਨ ਆਈ

-ਕੁਲਦੀਪ ਸਿੰਘ ਪਰਿੰਗੜੀ
97810-55848

ਜਬੈ ਬਾਣ ਲਾਗਿਓ ਤਬੈ ਰੋਸ ਜਾਗਿਓ,
ਤਾਹੀਉਂ ਅਸੀਂ ਕੀਤੀ ਏ ਚੜਾਈ।
ਨੀ ਦਿੱਲੀਏ ਚੱਲਣੀ ਨਾ ਤੇਰੀ ਮਨ ਆਈ।
ਧੋਖੇ ਦੇ ਹਨੇਰੇ ਵਿੱਚ ਸੁਟਕੇ ਪੰਜਾਬ ਨੂੰ,
ਮਹਿਲਾਂ ਵਿੱਚ ਕਰੇਂ ਰੁਸ਼ਨਾਈ।
ਨੀ ਦਿੱਲੀਏ ਚੱਲਣੀ ਨਾ ਤੇਰੀ ਮਨ ਆਈ।
ਪਹੁੰਚਗੇ ਨੇ ਲਾਲ ਕਿਲ੍ਹੇ ਵਾਰਸ ਪੰਜਾਬ ਦੇ,
ਹੁਣ ਤੇਰੇ ਨਾਲ ਹੋਣੀ ਹੱਥੋਂ ਪਾਈ।
ਨੀ ਦਿੱਲੀਏ ਚੱਲਣੀ ਨਾ ਤੇਰੀ ਮਨ ਆਈ।
1984 ਸਾਨੂੰ ਅਜੇ ਨਹੀਂਓ ਭੁਲਿਆ,
ਬਲਦੀ ਤੇ ਤੇਲ ਨਾ ਤੂੰ ਪਾਈਂ।
ਨੀ ਦਿੱਲੀਏ ਚੱਲਣੀ ਨਾ ਤੇਰੀ ਮਨ ਆਈ।
ਗੈਰਤਾਂ ਦੇ ਪੁਤਲੇ ਨੇ ਵਾਸੀਆ ਨੰਦਪੁਰ ਦੇ,
ਸੁੱਤੇ ਹੋਏ ਸ਼ੇਰ ਨਾ ਜਗਾਈਂ।
ਨੀ ਦਿੱਲੀਏ ਚੱਲਣੀ ਨਾ ਤੇਰੀ ਮਨ ਆਈ।
ਰਹਿੰਦੇ ਤੂੰ ਹੱਥਾਂ ਵਿੱਚ ਹਲ ਤੇ ਪੰਜਾਲੀਆਂ,
ਏਕੇ ਸੰਤਾਲੀ ਨਾ ਫੜਾਈਂ।
ਨੀ ਦਿੱਲੀਏ ਚੱਲਣੀ ਨਾ ਤੇਰੀ ਮਨ ਆਈ।
ਸੜਕਾਂ 'ਤੇ ਆ ਗਿਆ ਕਿਸਾਨ ਤੇਰੇ ਦੇਸ਼ ਦਾ,
ਦਿਸਦੀ ਨਿਸ਼ਾਨੀ ਹੈ ਤਬਾਹੀ।
ਨੀ ਦਿੱਲੀਏ ਚੱਲਣੀ ਨਾ ਤੇਰੀ ਮਨ ਆਈ।
ਮਿੱਟੀ ਨਾਲ ਮਿੱਟੀ ਹੋਣਾ ਜਿੰਦਗੀ ਹੈ ਸਾਡੀ,
ਸਾਨੂੰ ਮਹਿਲਾਂ ਦੇ ਨਾ ਸੁਪਨੇ ਵਿਖਾਈਂ।
ਨੀ ਦਿੱਲੀਏ ਚੱਲਣੀ ਨਾ ਤੇਰੀ ਮਨ ਆਈ।
ਪਿੱਠ ਤੇ ਚਲਾਉਣ ਲਈ ਤੂੰ ਰੱਖੀਆਂ ਨੇ ਛੁਰੀਆਂ,
ਮੂੰਹੋਂ ਰਾਮ ਜਾਨੀ ਏ ਧਿਆਈ।
ਨੀ ਦਿੱਲੀਏ ਚੱਲਣੀ ਨਾ ਤੇਰੀ ਮਨ ਆਈ।
ਪਰਿੰਗੜੀ ਦਾ ਗੀਤਕਾਰ ਸਚੀਆਂ ਸੁਣਾਵਦਾ,
ਪਿਆਰ ਨਾਲ ਗਲ ਸਮਝਾਈ।
ਨੀ ਦਿੱਲੀਏ ਚੱਲਣੀ ਨਾ ਤੇਰੀ ਮਨ ਆਈ।

ਸਿਹਤ ਸੰਭਾਲ

ਡਾ. ਹਰਸ਼ਿੰਦਰ ਕੌਰ 0175-2016783

# ਤੇਜ਼ ਬੁਖਾਰ ਨਾਲ ਬੱਚੇ ਨੂੰ ਦੌਰਾ ਪੈਣ ਦੇ ਕਾਰਨ ਅਤੇ ਇਲਾਜ

ਛੇ ਮਹੀਨੇ ਤੋਂ ਪੰਜ ਸਾਲ ਦੀ ਉਮਰ ਤਕ ਦੇ ਬੱਚੇ ਕਈ ਵਾਰ ਗਲਾ ਖ਼ਰਾਬ ਜਾਂ ਵਾਇਰਲ ਬੁਖ਼ਾਰ ਦੀ ਤਾਬ ਝੱਲ ਨਹੀਂ ਸਕਦੇ। ਭਾਵੇਂ ਦਿਮਾਗ ਵਿੱਚ ਕੀਟਾਣੂਆਂ ਦਾ ਹਮਲਾ ਨਹੀਂ ਹੋਇਆ ਹੁੰਦਾ, ਫੇਰ ਵੀ ਬੁਖ਼ਾਰ ਕਾਰਨ ਉਨ੍ਹਾਂ ਨੂੰ ਦੌਰਾ ਪੈ ਜਾਂਦਾ ਹੈ। ਇਹ ਦਿਮਾਗੀ ਬੁਖ਼ਾਰ ਨਹੀਂ ਹੁੰਦਾ। ਇਸ ਨੂੰ 'ਬੁਖ਼ਾਰੀ ਦੌਰਾ' (ਫੀਬਰਾਈਲ ਸੀਜ਼ਰ) ਕਿਹਾ ਜਾਂਦਾ ਹੈ। ਅਮਰੀਕਾ ਵਿੱਚ ਲਗਪਗ ਪੰਜ ਫ਼ੀਸਦੀ ਬੱਚਿਆਂ ਵਿੱਚ ਇਹ ਬਿਮਾਰੀ ਵੇਖੀ ਜਾਂਦੀ ਹੈ ਜਦੋਂਕਿ ਭਾਰਤ ਵਿੱਚ 10 ਫ਼ੀਸਦੀ ਤਕ ਬੱਚੇ ਬੁਖ਼ਾਰੀ ਦੌਰੇ ਦੇ ਸ਼ਿਕਾਰ ਹੋ ਜਾਂਦੇ ਹਨ।

ਇਸ ਬਿਮਾਰੀ ਦਾ ਸ਼ਿਕਾਰ ਜ਼ਿਆਦਾਤਰ ਉਹ ਬੱਚੇ ਹੁੰਦੇ ਹਨ-

* ਜਿਸ ਟੱਬਰ ਵਿੱਚ ਪਹਿਲਾਂ ਵੀ ਕਿਸੇ ਨੂੰ ਇਹ ਬਿਮਾਰੀ ਹੋਵੇ।

* ਜੇ ਜੱਚਾ ਨੂੰ ਬਲੱਡ ਪ੍ਰੈਸ਼ਰ ਦੀ ਬਿਮਾਰੀ ਹੋਵੇ, ਉਸ ਦੇ ਪਿਸ਼ਾਬ ਵਿੱਚ ਪ੍ਰੋਟੀਨ ਆ ਰਹੀ ਹੋਵੇ, ਫੇਫੜਿਆਂ ਵਿੱਚ ਕੀਟਾਣੂਆਂ ਦਾ ਹਮਲਾ ਹੋਇਆ ਹੋਵੇ, ਜੱਚਾ ਸਿਗਰਟ ਪੀਂਦੀ ਹੋਵੇ ਜਾਂ ਛੋਟੀ ਉਮਰ ਦੀ ਹੋਵੇ ਤਾਂ ਉਸ ਦੇ ਬੱਚੇ ਨੂੰ ਇਸ ਬਿਮਾਰੀ ਦਾ ਖ਼ਤਰਾ ਵਧ ਹੁੰਦਾ ਹੈ।

* ਬੱਚਾ ਪੂਰੇ ਵਕਤ ਤੋਂ ਪਹਿਲਾ ਜੰਮ ਪਿਆ ਹੋਵੇ, ਜਨਮ ਸਮੇਂ ਬਹੁਤ ਜ਼ਿਆਦਾ ਵਧਿਆ ਹੋਇਆ ਪੀਲੀਆ ਹੋਵੇ, ਬੱਚਾ ਘਾਟ ਭਾਰ ਦਾ ਜੰਮਿਆ ਹੋਵੇ, ਬੱਚਾ ਜੰਮਣ ਤੋਂ ਇਕਦਮ ਬਾਅਦ ਨਾ ਰੋਇਆ ਹੋਵੇ, ਜਨਮ ਵੇਲੇ ਸਿਰ 'ਤੇ ਸੱਟ ਵੱਜ ਜਾਵੇ ਜਾਂ ਜਨਮ ਤੋਂ ਬਾਅਦ 28 ਦਿਨ ਤਕ ਹਸਪਤਾਲ ਦਾਖ਼ਲ ਰਹਿਣਾ ਪਿਆ ਹੋਵੇ ਆਦਿ ਕਾਰਨ ਵੀ ਬੁਖ਼ਾਰੀ ਦੌਰੇ ਦਾ ਖ਼ਤਰਾ ਵਧ ਜਾਂਦਾ ਹੈ।

* ਜੇ ਬੱਚਾ ਇੱਕ ਸਾਲ ਵਿੱਚ ਸੱਤ ਜਾਂ ਅੱਠ ਵਾਰ ਬਿਮਾਰ ਹੁੰਦਾ ਹੋਵੇ।

* ਜੇ ਬੱਚੇ ਤੇ ਹਰਪੀਜ਼ ਵਾਇਰਸ- ਕਿਸਮ 6 ਦਾ ਹਮਲਾ ਹੋਇਆ ਹੋਵੇ।

* ਲਹੂ ਦੀ ਬਹੁਤੀ ਕਮੀ ਨਾਲ ਵੀ ਇਸ ਦੌਰੇ ਦਾ ਖ਼ਤਰਾ ਵਧ ਜਾਂਦਾ ਹੈ।

* ਕਈ ਵਾਰ ਡੀ.ਪੀ.ਟੀ ਜਾਂ ਐਮ.ਐਮ.ਆਰ ਦੇ ਟੀਕੇ ਲੱਗਣ ਤੋਂ ਬਾਅਦ ਵੀ ਇਹ ਬਿਮਾਰੀ ਵੇਖੀ ਗਈ ਹੈ।

ਜਦੋਂ ਬੱਚੇ ਨੂੰ ਬੁਖ਼ਾਰ ਤੇਜ਼ੀ ਨਾਲ ਚੜ੍ਹਦਾ ਜਾਂ ਉਤਰਦਾ ਹੈ ਤਾਂ ਦਿਮਾਗ ਵਿੱਚ ਗਲੂਟਾਮੇਟ ਦੀ ਮਾਤਰਾ ਵਧ ਜਾਂਦੀ ਹੈ ਜਿਸ ਕਾਰਨ ਦੌਰਾ ਪੈਣ ਦਾ ਖ਼ਤਰਾ ਵਧ ਜਾਂਦਾ ਹੈ। ਕੁਝ ਵਿਗਿਆਨੀ ਜ਼ਿੰਕ ਦੀ ਕਮੀ ਨੂੰ ਵੀ ਇਸ ਦਾ ਕਾਰਨ ਮੰਨਦੇ ਹਨ। ਇੱਕ ਗੱਲ ਤਾਂ ਪੱਕੀ ਹੈ ਕਿ ਬੁਖ਼ਾਰੀ ਦੌਰੇ ਵਾਲੇ ਚਾਲੀ ਫ਼ੀਸਦੀ ਬੱਚਿਆਂ ਦੇ ਟੱਬਰ ਵਿੱਚ ਕਿਸੇ ਨਾ ਕਿਸੇ ਨੂੰ ਇਹ ਬਿਮਾਰੀ ਜ਼ਰੂਰ ਹੁੰਦੀ ਹੈ। ਇਸੇ ਕਰਕੇ ਇਸ ਨੂੰ 'ਜੀਨ' ਰਾਹੀਂ ਪੁਸ਼ਤ ਦਰ ਪੁਸ਼ਤ ਚੱਲਣ ਵਾਲਾ ਰੋਗ ਵੀ ਮੰਨ ਲਿਆ ਗਿਆ ਹੈ। ਇੱਕ ਵਾਰ ਦੌਰਾ ਪੈਣ ਤੋਂ ਬਾਅਦ 37 ਫ਼ੀਸਦੀ ਬੱਚਿਆਂ ਨੂੰ ਦੁਬਾਰਾ ਇੱਕ ਦੌਰਾ ਪੈ ਜਾਂਦਾ ਹੈ। 30 ਕੁ ਫ਼ੀਸਦੀ ਬੱਚਿਆਂ ਨੂੰ ਦੁਬਾਰਾ ਦੋ ਵਾਰ ਦੌਰੇ ਪੈ ਸਕਦੇ ਹਨ ਤੇ 17 ਫ਼ੀਸਦੀ ਬੱਚਿਆਂ ਨੂੰ ਬਾਅਦ ਦੀ ਉਮਰ ਵਿੱਚ ਬੁਖ਼ਾਰੀ ਦੌਰਾ ਤਿੰਨ ਜਾਂ ਵੱਧ ਵਾਰ ਵੀ ਪੈ ਸਕਦਾ ਹੈ।

ਆਮ ਤੌਰ 'ਤੇ ਪਹਿਲਾ ਬੁਖ਼ਾਰੀ ਦੌਰਾ ਪੈਣ ਤੋਂ ਛੇ ਮਹੀਨੇ ਦੇ ਵਿੱਚ ਵਿੱਚ ਇਹ ਦੌਰਾ ਦੁਬਾਰਾ ਪੈਣ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ ਤੇ ਦੋ ਸਾਲ ਤਕ ਖ਼ਤਰਾ ਕਾਇਮ ਵੀ ਰਹਿੰਦਾ ਹੈ। ਜਿਨ੍ਹਾਂ ਬੱਚਿਆਂ ਦੇ ਟੱਬਰ ਵਿੱਚ ਅੱਗੇ ਬੁਖ਼ਾਰੀ ਦੌਰੇ ਦਾ ਕੋਈ ਮਰੀਜ਼ ਹੋਵੇ, ਉਨ੍ਹਾਂ ਵਿੱਚ ਵਾਰ ਵਾਰ ਬੁਖ਼ਾਰੀ ਦੌਰੇ ਪੈਣ ਦਾ ਖ਼ਤਰਾ ਵਧ ਜਾਂਦਾ ਹੈ।

ਜੇ ਬੱਚੇ ਨੂੰ ਪਹਿਲਾ ਦੌਰਾ ਡੇਢ ਸਾਲ ਦੀ ਉਮਰ ਤੋਂ ਪਹਿਲਾਂ ਪਿਆ ਹੋਵੇ ਜਾਂ ਢਾਈ ਸਾਲ ਦੀ ਉਮਰ ਤੋਂ ਬਾਅਦ ਪਿਆ ਹੋਵੇ, ਤਾਂ ਵੀ ਦੁਬਾਰਾ ਬੁਖ਼ਾਰੀ ਦੌਰਾ ਪੈਣ ਦੇ ਆਸਾਰ ਵਧ ਜਾਂਦੇ ਹਨ। ਜੇ ਬਹੁਤ ਘੱਟ ਬੁਖ਼ਾਰ 'ਤੇ ਵੀ ਬੱਚੇ ਨੂੰ ਦੌਰਾ ਪੈ ਜਾਵੇ ਤਾਂ ਦੁਬਾਰਾ ਦੌਰਾ ਪੈਣ ਦਾ ਖ਼ਤਰਾ ਵਧ ਜਾਂਦਾ ਹੈ।

ਬੁਖ਼ਾਰੀ ਦੌਰਾ ਤਿੰਨ ਕਿਸਮਾਂ ਦਾ ਹੁੰਦਾ ਹੈ। ਪਹਿਲੀ ਕਿਸਮ ਵਿੱਚ ਇੱਕ ਦੌਰਾ ਪੰਦਰਾਂ ਮਿੰਟ ਤੋਂ ਘਟ ਰਹਿੰਦਾ ਹੈ ਤੇ ਇਸ ਵਿੱਚ ਹੱਥਾਂ ਪੈਰਾਂ ਦੇ ਝਟਕੇ ਵਜਦੇ ਹਨ। ਮੂੰਹ ਵਿੱਚੋਂ ਝੱਗ ਆਉਂਦੀ ਹੈ। ਟੱਟੀ ਪਿਸ਼ਾਬ ਪਜ਼ਾਮੀ ਵਿੱਚ ਨਿਕਲ ਜਾਂਦਾ ਹੈ ਤੇ ਦੌਰਾ ਰੁਕਣ ਤੋਂ ਬਾਅਦ ਬੱਚਾ ਕੁਝ ਦੇਰ ਲਈ ਸੁਸਤ ਪੈ ਜਾਂਦਾ ਹੈ। ਇਹ ਦੌਰਾ ਬੁਖ਼ਾਰ ਦੇ ਦੌਰਾਨ ਵੀ ਚੌਵੀ ਘੰਟਿਆਂ ਵਿੱਚ ਇੱਕ ਵਾਰ ਤੋਂ ਵਧ ਨਹੀਂ ਪੈਂਦਾ। ਦੂਜੀ ਕਿਸਮ ਦੇ ਦੌਰੇ ਵਿੱਚ ਸਰੀਰ ਦੇ ਇੱਕ ਪਾਸੇ ਦਾ ਦੌਰਾ ਪੈ ਜਾਂਦਾ ਹੈ ਤੇ ਇੱਕ ਦੌਰਾ ਪੰਦਰਾਂ ਮਿੰਟ ਤੋਂ ਵੱਧ ਰਹਿ ਸਕਦਾ ਹੈ। ਕਈ ਵਾਰ ਤਾਂ ਅਜਿਹਾ ਦੌਰਾ ਚੌਵੀ ਘੰਟਿਆਂ ਵਿੱਚ ਦੁਬਾਰਾ ਵੀ ਪੈ ਜਾਂਦਾ ਹੈ। ਇਸ ਦੌਰੇ ਵਿੱਚ ਸਰੀਰ ਦੇ ਇੱਕ ਪਾਸੇ ਦੀ ਥੋੜ੍ਹੀ ਦੇਰ ਲਈ ਕਮਜ਼ੋਰੀ ਵੀ ਹੋ ਜਾਂਦੀ ਹੈ। ਤੀਜੀ ਕਿਸਮ ਦਾ ਦੌਰਾ ਲਗਾਤਾਰ ਅੱਧਾ ਘੰਟਾ ਪੈਂਦਾ ਰਹਿੰਦਾ ਹੈ। ਜੇ ਬੱਚੇ ਨੂੰ ਦੌਰਾ ਦੂਜੀ ਤਾਂ ਤੀਜੀ ਕਿਸਮ ਦਾ ਪਿਆ ਹੋਵੇ ਤਾਂ ਦੁਬਾਰਾ ਦੌਰਾ ਪੈਣ ਦਾ ਖ਼ਤਰਾ ਕਾਫ਼ੀ ਵੱਧ ਹੁੰਦਾ ਹੈ। ਜਿਸ ਬੱਚੇ ਦੀ ਗਰਦਨ ਵਿੱਚ ਅਕੜਾਓ ਹੋ ਰਿਹਾ ਹੋਵੇ, ਦੌਰਾ ਪੈਣ ਤੋਂ ਪਹਿਲਾਂ ਹੀ ਬੇਸੁਰਤ ਹੋ ਰਿਹਾ ਹੋਵੇ ਜਾਂ ਚਿੜਚਿੜਾ ਹੋਵੇ, ਉਲਟੀਆਂ ਲੱਗੀਆਂ ਹੋਣ, ਸਰੀਰ ਤੇ ਦਾਣੇ ਨਿਕਲੇ ਹੋਣ ਜਾਂ ਦੌਰੇ ਤੋਂ ਕਾਫ਼ੀ ਬਾਅਦ ਤਕ ਵੀ ਹੋਸ਼ ਵਿੱਚ ਨਾ ਆਵੇ ਤਾਂ ਬੱਚੇ ਦੀ ਰੀੜ ਦੀ ਹੱਡੀ ਵਿੱਚੋਂ ਪਾਣੀ ਕੱਢ ਕੇ ਟੈਸਟ ਕਰਨਾ ਜ਼ਰੂਰੀ ਹੁੰਦਾ ਹੈ ਕਿ ਕਿਤੇ ਉਸ ਨੂੰ ਦਿਮਾਗੀ ਬੁਖ਼ਾਰ ਜਾਂ ਉਸ ਦੇ ਦਿਮਾਗ ਵਿੱਚ ਕੀਟਾਣੂਆਂ ਦਾ ਹਮਲਾ ਤਾਂ ਨਹੀਂ ਹੋ ਗਿਆ?

ਦੌਰਾ ਪੈਣ 'ਤੇ ਬੱਚੇ ਨੂੰ ਪਾਸਾ ਦੁਆ ਦੇਣਾ ਚਾਹੀਦਾ ਹੈ ਅਤੇ ਠੰਢੇ ਪਾਣੀ ਦੀਆਂ ਪੱਟੀਆਂ ਕਰਨੀਆਂ ਚਾਹੀਦੀਆਂ ਹਨ। ਬੱਚੇ ਦਾ ਮੂੰਹ ਇੱਕ ਪਾਸੇ ਕਰਨਾ ਜ਼ਰੂਰੀ ਹੁੰਦਾ ਹੈ ਤਾਂ ਜੋ ਮੂੰਹ ਅੰਦਰਲੀ ਥੁੱਕ ਸਾਹ ਦੀ ਨਾਲੀ ਵੱਲ ਨਾ ਲੰਘ ਜਾਏ ਤੇ ਬੱਚੇ ਨੂੰ ਸਾਹ ਲੈਣ ਵਿੱਚ ਔਖਿਆਈ ਨਾ ਆਵੇ ਜੋ ਜਾਨਲੇਵਾ ਸਾਬਤ ਹੋ ਸਕਦੀ ਹੈ। ਦੌਰਾ ਰੁਕ ਜਾਣ 'ਤੇ ਬੱਚੇ ਨੂੰ ਇਕਦਮ ਡਾਕਟਰ ਕੋਲ ਲੈ ਜਾਣਾ ਚਾਹੀਦਾ ਹੈ ਤਾਂ ਜੋ ਬੁਖ਼ਾਰ ਦਾ ਇਲਾਜ ਕੀਤਾ ਜਾ ਸਕੇ। ਆਮ ਤੌਰ 'ਤੇ ਦੌਰਾ ਰੋਕਣ ਦੀਆਂ ਦਵਾਈਆਂ ਜ਼ਿਆਦਾ ਦੇਰ ਤਕ ਦੇਣ ਦੀ ਲੋੜ ਨਹੀਂ ਪੈਂਦੀ। ਪਰ, ਜੇ ਚਾਰ ਵਾਰ ਬੁਖ਼ਾਰੀ ਦੌਰਾ ਪੈ ਜਾਵੇ ਤਾਂ ਅਗਲੇਰੀ ਜ਼ਿੰਦਗੀ ਵਿੱਚ ਮਿਰਗੀ ਦਾ ਦੌਰਾ ਪੈਣ ਦਾ ਆਸਾਰ ਵੱਧ ਹੁੰਦਾ ਹੈ ਤੇ ਦੌਰੇ ਰੋਕਣ ਦੀ ਦਵਾਈ ਵੀ ਤਿੰਨ ਸਾਲ ਖੁਆਉਣੀ ਪੈਂਦੀ ਹੈ। ਬੁਖ਼ਾਰੀ ਦੌਰੇ ਵਾਲੇ ਬੱਚਿਆਂ ਦੇ ਮਾਪਿਆਂ ਨੂੰ ਬੁਖ਼ਾਰ ਲਾਹੁਣ ਵਾਲੀ ਦਵਾਈ ਹਮੇਸ਼ਾਂ ਕੋਲ ਰੱਖਣੀ ਚਾਹੀਦੀ ਹੈ ਤਾਂ ਜੋ ਬੱਚੇ ਨੂੰ ਤੇਜ਼ ਬੁਖ਼ਾਰ ਚੜ੍ਹਨ ਹੀ ਨਾ ਦਿੱਤਾ ਜਾਵੇ ਤੇ ਠੰਢੀਆਂ ਪੱਟੀਆਂ ਕਰ ਕੇ ਬੁਖ਼ਾਰ ਉਤਾਰਨਾ ਚਾਹੀਦਾ ਹੈ।

ਕੁਝ ਅਜਿਹੇ ਵਹਿਮ ਹਨ ਜੋ ਦੌਰੇ ਵਾਲੇ ਬੱਚਿਆਂ ਵਾਸਤੇ ਜਾਨਲੇਵਾ ਸਾਬਤ ਹੋ ਸਕਦੇ ਹਨ। ਇਹ ਹਨ:

* ਦੌਰੇ ਦੇ ਦੌਰਾਨ ਬੱਚੇ ਦੇ ਮੂੰਹ 'ਚ ਪਾਣੀ ਪਾਉਣਾ।

* ਦੌਰੇ ਦੇ ਦੌਰਾਨ ਬੱਚੇ ਦਾ ਨੱਕ ਬੰਦ ਕਰ ਦੇਣਾ।

* ਦੰਦਲ ਪੈਣ 'ਤੇ ਚਮਚਾ ਦੰਦਾਂ ਵਿੱਚ ਫਸਾ ਕੇ ਮੂੰਹ ਖੋਲ੍ਹਣਾ।

* ਬੁਖ਼ਾਰ ਦੌਰਾਨ ਪੱਖਾ ਬੰਦ ਕਰ ਕੇ ਕੰਬਲ ਜਾਂ ਰਜਾਈ ਵਿੱਚ ਲਪੇਟ ਦੇਣਾ।

* ਦਵਾਈ ਦੇਣ ਦੀ ਥਾਂ ਝਾੜਾ ਕਰਵਾਉਣਾ।

* ਹਸਪਤਾਲ ਲਿਜਾਉਣ ਦੀ ਬਜਾਏ ਜੁੱਤੀ ਸੁੰਘਾਉਂਦੇ ਰਹਿਣਾ।

ਇੱਕ ਬੁਖ਼ਾਰੀ ਦੌਰੇ ਤੋਂ ਪੀੜ੍ਹਤ ਦੋ ਸਾਲ ਦੇ ਬੱਚੇ ਦੀ ਲਾਸ਼ ਲੈ ਕੇ ਜਦੋਂ ਮਾਪੇ ਹਸਪਤਾਲ ਆਏ ਤਾਂ ਪੁੱਛਣ 'ਤੇ ਪਤਾ ਲੱਗਾ ਕਿ ਉਨ੍ਹਾਂ ਦੇ ਗੁਆਂਢੀ ਨੇ ਬੱਚੇ ਨੂੰ ਦੌਰਾ ਪੈਣ 'ਤੇ ਮੂਧੇ ਮੂੰਹ ਮੰਜੇ ਉੱਤੇ ਪਾਉਣ ਲਈ ਕਹਿ ਦਿੱਤਾ ਸੀ। ਬੱਚੇ ਦੇ ਸਿਰ ਵਾਲੇ ਪਾਸੇ ਲਾਲ ਮਿਰਚਾਂ, ਹਲਦੀ, ਪਿਆਜ਼ ਤੇ ਨਿੰਬੂ ਰੱਖ ਦਿੱਤਾ ਗਿਆ। ਤੀਲਾਂ ਵਾਲੇ ਝਾੜੂ ਨਾਲ ਬੱਚੇ ਦੇ ਪੈਰਾਂ ਨੂੰ ਕੁੱਟਿਆ ਗਿਆ। ਨਤੀਜੇ ਵਜੋਂ ਮੂੰਹ ਵਿੱਚ ਆਈ ਝੱਗ ਅਤੇ ਨੱਕ ਦੱਬੇ ਹੋਣ ਕਰਕੇ ਬੰਦ ਹੋਣ ਕਾਰਨ ਬੱਚੇ ਤੋਂ ਸਾਹ ਹੀ ਨਹੀਂ ਲਿਆ ਗਿਆ ਤੇ ਉਸ ਦੀ ਮੌਤ ਹੋ ਗਈ।

-0-

ਸਾਡੀ ਖੇਤੀ

ਡਾ. ਰਣਜੀਤ ਸਿੰਘ


# ਲਾਹੇਵੰਦ ਹੈ ਸਬਜ਼ੀਆਂ ਦੀ ਕਾਸ਼ਤ

ਇਹ ਮੰਨਿਆ ਜਾਂਦਾ ਹੈ ਕਿ ਦੇਸ਼ ਦੇ ਬਾਕੀ ਹਿੱਸਿਆਂ ਨਾਲੋਂ ਪੰਜਾਬੀ ਚੰਗਾ ਖਾਂਦੇ ਅਤੇ ਚੰਗਾ ਪਹਿਨਦੇ ਹਨ ਪਰ ਅੰਕੜੇ ਦੱਸਦੇ ਹਨ ਕਿ ਜਿੱਥੋਂ ਤੱਕ ਸੰਤੁਲਿਤ ਭੋਜਨ ਦਾ ਸਬੰਧ ਹੈ, ਪੰਜਾਬੀ ਵਿਸ਼ੇਸ਼ ਕਰ ਕੇ ਪਿੰਡਾਂ ਦੇ ਲੋਕ ਭਾਰਤ ਦੇ ਬਾਕੀ ਲੋਕਾਂ ਦੇ ਬਰਾਬਰ ਹੀ ਹਨ। ਇਸ ਅਨੁਸਾਰ ਪੰਜਾਬ ਦੀ ਵੀ ਅੱਧੀ ਆਬਾਦੀ ਨੂੰ ਸੰਤੁਲਿਤ ਭੋਜਨ ਨਸੀਬ ਨਹੀਂ ਹੁੰਦਾ। ਬੱਚਿਆਂ ਅਤੇ ਔਰਤਾਂ ਨੂੰ ਲੋੜੀਂਦੀ ਖ਼ੁਰਾਕ ਨਹੀਂ ਮਿਲਦੀ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਪੰਜਾਬ ਦੇ ਪਿੰਡਾਂ ਦੇ ਵਾਸੀਆਂ ਦੀ ਖ਼ੁਰਾਕ ਵਿੱਚ ਦੁੱਧ, ਸਬਜ਼ੀਆਂ ਅਤੇ ਫਲਾਂ ਦੀ ਘਾਟ ਹੈ। ਖੇਤੀ ਦੇ ਮਸ਼ੀਨੀਕਰਨ ਤੋ ਪਹਿਲਾਂ ਪਿੰਡਾਂ ਦੇ ਲਗਪਗ ਹਰ ਘਰ ਵਿੱਚ ਲਵੇਰਾ ਹੁੰਦਾ ਸੀ। ਬੇਜ਼ਮੀਨੇ ਖੇਤ ਕਾਮੇ ਵੀ ਲਵੇਰੇ ਰੱਖਦੇ ਸਨ। ਰਾਤ ਨੂੰ ਸੌਣ ਤੋਂ ਪਹਿਲਾਂ ਦੁੱਧ ਪੀਣ ਦਾ ਰਿਵਾਜ਼ ਸੀ। ਸਵੇਰੇ ਲੱਸੀ ਤੇ ਮੱਖਣ ਨਾਲ ਰੋਟੀ ਖਾਧੀ ਜਾਂਦੀ ਸੀ। ਹਰ ਕਿਸਾਨ ਖੂਹ ਦੇ ਲਾਗੇ ਕੁਝ ਰਕਬੇ ਵਿੱਚ ਸਬਜ਼ੀਆਂ ਦੀ ਕਾਸ਼ਤ ਕਰਦਾ ਸੀ। ਗਰਮੀਆਂ ਵਿੱਚ ਖਰਬੂਜ਼ੇ, ਤਰਾਂ, ਕੱਦੂ, ਕਰੇਲੇ, ਭਿੰਡੀ ਆਦਿ ਦੀ ਬਿਜਾਈ ਕੀਤੀ ਜਾਂਦੀ ਸੀ ਜਦੋਂਕਿ ਸਰਦੀਆਂ ਵਿਚ ਮੂਲੀ, ਗਾਜਰ, ਸ਼ਲਗਮ, ਲਸਣ, ਪਿਆਜ਼, ਸੋਏ, ਸੌਂਫ, ਅਜਵਾਇਣ ਦੀ ਬਿਜਾਈ ਹੁੰਦੀ ਸੀ। ਮੂਲੀਆਂ ਤੇ ਸ਼ਲਗਮ ਤਾਂ ਬਰਸੀਮ ਦੀਆਂ ਵੱਟਾਂ ਉੱਤੇ ਹੀ ਬੀਜ ਦਿੱਤੇ ਜਾਂਦੇ ਸਨ। ਉਦੋਂ ਹਲਟ ਨਾਲ ਸਿੰਜਾਈ ਹੋਣ ਕਰ ਕੇ ਕਿਆਰੇ ਛੋਟੇ ਬਣਾਏ ਜਾਂਦੇ ਸਨ। ਹੁਣ ਤਾਂ ਕਈ ਘਰਾਂ ਨੇ ਲਵੇਰੇ ਰੱਖਣੇ ਹੀ ਬੰਦ ਕਰ ਦਿੱਤੇ ਹਨ ਜਿਹੜੇ ਰੱਖਦੇ ਵੀ ਹਨ, ਉਹ ਚਾਹ ਜੋਗਾ ਦੁੱਧ ਰੱਖ ਕੇ ਬਾਕੀ ਦੋਧੀ ਨੂੰ ਪਾ ਦਿੰਦੇ ਹਨ। ਸਬਜ਼ੀਆਂ ਬੀਜਣ ਦਾ ਤਾਂ ਰਿਵਾਜ ਮੁੱਕਦਾ ਜਾ ਰਿਹਾ ਹੈ। ਪੰਜਾਬੀਆਂ ਵਿੱਚ ਵਧ ਰਹੀਆਂ ਬਿਮਾਰੀਆਂ ਦਾ ਇੱਕ ਕਾਰਨ ਇਹ ਵੀ ਹੈ। ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਪੂਰੇ ਖ਼ੁਰਾਕੀ ਤੱਤ ਤਾਜ਼ੀਆਂ ਅਤੇ ਜ਼ਹਿਰਾਂ ਰਹਿਤ ਸਬਜ਼ੀਆਂ ਤੋਂ ਹੀ ਪ੍ਰਾਪਤ ਹੁੰਦੇ ਹਨ।

ਸਬਜ਼ੀਆਂ ਦੀ ਬਿਜਾਈ ਚੰਗੀ ਤਰ੍ਹਾਂ ਤਿਆਰ ਕੀਤੇ ਖੇਤ ਵਿੱਚ ਕਰਨੀ ਚਾਹੀਦੀ ਹੈ। ਰੂੜੀ ਦੀ ਵਰਤੋਂ ਜ਼ਰੂਰੀ ਹੈ। ਖੇਤ ਤਿਆਰ ਕਰਦੇ ਸਮੇਂ 10 ਕੁ ਟਨ ਦੇਸੀ ਰੂੜੀ ਪ੍ਰਤੀ ਏਕੜ ਪਾਈ ਜਾਵੇ। ਨਦੀਨਾਂ ਦੀ ਰੋਕਥਾਮ ਲਈ ਗੋਡੀ ਕੀਤੀ ਜਾਵੇ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਨਾ ਕੀਤੀ ਜਾਵੇ।

ਮਟਰ ਸਭ ਤੋਂ ਵਧ ਪਸੰਦ ਕੀਤੀ ਜਾਂਦੀ ਸਬਜ਼ੀ ਹੈ। ਮਟਰ ਅਗੇਤਾ-7, ਮਟਰ ਅਗੇਤ-6, ਅਰਕਲ ਅਤੇ ਏ ਪੀ 3 ਅਗੇਤੀਆਂ ਕਿਸਮਾਂ ਹਨ। ਅਗੇਤੀ ਬਿਜਾਈ ਲਈ 45 ਕਿਲੋ ਅਤੇ ਮੁੱਖ ਸਮੇਂ ਲਈ 30 ਕਿਲੋ ਬੀਜ ਵਰਤਿਆ ਜਾਵੇ। ਬਿਜਾਈ ਸਮੇਂ ਅਗੇਤੀਆਂ ਕਿਸਮਾਂ ਦੀ ਬਿਜਾਈ 30×7.5 ਸੈਂਟੀਮੀਟਰ ਦੇ ਫ਼ਾਸਲੇ ਉੱਤੇ ਅਤੇ ਮੁੱਖ ਸਮੇਂ ਦੀ ਬਿਜਾਈ ਸਮੇਂ 30×10 ਸੈਂਟੀਮੀਟਰ ਫ਼ਾਸਲੇ ’ਤੇ ਕੀਤੀ ਜਾਵੇ। ਬੀਜ ਨੂੰ ਬੀਜਣ ਤੋਂ ਪਹਿਲਾਂ ਰਾਈਜ਼ੋਬੀਅਮ ਦਾ ਟੀਕਾ ਜ਼ਰੂਰ ਲਗਾਇਆ ਜਾਵੇ। ਮਟਰ ਧਰਤੀ ਦੀ ਸਿਹਤ ਵਿੱਚ ਸੁਧਾਰ ਕਰਦੇ ਹਨ। ਫਿਰ ਵੀ ਬਿਜਾਈ ਸਮੇਂ 45 ਕਿਲੋ ਯੂਰੀਆ ਅਤੇ 155 ਕਿਲੋ ਸੁਪਰਫਾਸਫ਼ੇਟ ਪ੍ਰਤੀ ਏਕੜ ਪਾਈ ਜਾਵੇ। ਮਟਰਾਂ ਦੀ ਬਿਜਾਈ ਤੋਂ ਇਕ ਮਹੀਨੇ ਪਿਛੋਂ ਤੇ ਫਿਰ ਦੂਜੇ ਮਹੀਨੇ ਗੋਡੀ ਜ਼ਰੂਰ ਕਰੋ। ਬਿਜਾਈ ਤੋਂ ਤਿੰਨ ਮਹੀਨਿਆਂ ਪਿੱਛੋਂ ਪਹਿਲੀ ਤੁੜਾਈ ਕੀਤੀ ਜਾ ਸਕਦੀ ਹੈ। ਇਕ ਏਕੜ ਵਿੱਚੋਂ 60 ਕੁਇੰਟਲ ਤਕ ਹਰੀਆਂ ਫ਼ਲੀਆਂ ਪ੍ਰਾਪਤ ਹੋ ਸਕਦੀਆਂ ਹਨ।

ਗੋਭੀ ਦੀ ਪਨੀਰੀ ਲਗਾਉਣ ਸਮੇਂ ਬੂਟਿਆਂ



ਅਤੇ ਕਤਾਰਾਂ ਵਿਚਕਾਰ 45 ਸੈਂਟੀਮੀਟਰ ਫ਼ਾਸਲਾ ਰੱਖਿਆ ਜਾਵੇ। ਬਿਜਾਈ ਸਮੇਂ 50 ਕਿਲੋ ਯੂਰੀਆ, 155 ਕਿਲੋ ਸੁਪਰਫਾਸਫ਼ੇਟ ਅਤੇ 40 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਪਾਈ ਜਾਵੇ। ਇਕ ਮਹੀਨੇ ਪਿੱਛੋਂ ਲੋੜ ਅਨੁਸਾਰ ਹੋਰ ਯੂਰੀਆ ਪਾਇਆ ਜਾ ਸਕਦਾ ਹੈ। ਪਨੀਰੀ ਲਗਾਉਣ ਤੋਂ ਤੁਰੰਤ ਪਿੱਛੋਂ ਪਾਣੀ ਦਿੱਤਾ ਜਾਵੇ। ਪੂਸਾ ਸਨੋਬਾਲ-1, ਪੂਸਾ ਸਨੋਬਾਲ-ਕੇ-1 ਉਨਤ ਕਿਸਮਾਂ ਹਨ। ਬੰਦ ਗੋਭੀ ਦੀ ਲੁਆਈ ਵੀ ਇਸੇ ਤਰ੍ਹਾਂ ਕੀਤੀ ਜਾ ਸਕਦੀ ਹੈ। ਬਰੌਕਲੀ ਦੇ ਵੀ ਕੁੱਝ ਬੂਟੇ ਜ਼ਰੂਰ ਲਗਾਉਣੇ ਚਾਹੀਦੇ ਹਨ। ਇਸ ਵਿੱਚ ਵਿਟਾਮਿਨ, ਲੋਹਾ ਅਤੇ ਕੈਲਸ਼ੀਅਮ ਹੁੰਦੇ ਹਨ। ਪੰਜਾਬ ਬਰੌਕਲੀ-1 ਅਤੇ ਪਾਲਮ ਸਮਰਿਧੀ ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਇਸ ਦੀ ਲੁਆਈ ਵੀ ਗੋਭੀ ਵਾਂਗ ਹੀ ਕੀਤੀ ਜਾਂਦੀ ਹੈ।

ਗਾਜਰ, ਮੂਲੀ ਤੇ ਸ਼ਲਗਮ ਜੜ੍ਹਾਂ ਵਾਲੀਆਂ ਸਬਜ਼ੀਆਂ ਹਨ। ਗਾਜਰ ਅਤੇ ਸ਼ਲਗਮ ਦੀ ਵਰਤੋਂ ਸਬਜ਼ੀ ਲਈ ਜਦੋਂ ਕਿ ਮੂਲੀ ਨੂੰ ਸਲਾਦ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਗਾਜਰ ਦਾ ਰਸ ਅਤੇ ਗਾਜਰਪਾਕ ਮਠਿਆਈ ਵੀ ਬਣਾਈ ਜਾਂਦੀ ਹੈ। ਗਾਜਰ ਅਤੇ ਸ਼ਲਗਮ ਦਾ ਆਚਾਰ ਵੀ ਪਾਇਆ ਜਾਂਦਾ ਹੈ। ਪੰਜਾਬ ਕੈਰਟ ਰੈਡ, ਪੀ ਸੀ 161 ਪੰਜਾਬ ਬਲੈਕ ਬਿਊਟੀ ਅਤੇ ਪੀ ਸੀ-34 ਗਾਜਰ ਦੀਆਂ ਉੱਨਤ ਕਿਸਮਾਂ ਹਨ। ਗਾਜਰ ਦਾ ਇਕ ਏਕੜ ਵਿਚ ਪੰਜ ਕਿਲੋ ਬੀਜ ਪਾਇਆ ਜਾਵੇ। ਐਲ-1 ਸ਼ਲਗਮ ਦੀ ਸਿਫ਼ਾਰਸ਼ ਕੀਤੀ ਕਿਸਮ ਹੈ। ਸ਼ਲਗਮ ਦਾ ਇਕ ਏਕੜ ਵਿੱਚ ਦੋ ਕਿਲੋ ਬੀਜ ਪਾਇਆ ਜਾਵੇ। ਮੂਲੀ ਦੀ ਤਾਂ ਹੁਣ ਸਾਰਾ ਸਾਲ ਕਾਸ਼ਤ ਕੀਤੀ ਜਾ ਸਕਦੀ ਹੈ। ਹੁਣ ਪੰਜਾਬ ਪਸੰਦ, ਜਪਾਨੀ ਵਾਈਟ ਅਤੇ ਪੰਜਾਬ ਸਫੈਦ ਮੂਲੀ-2 ਕਿਸਮਾਂ ਦੀ ਬਿਜਾਈ ਕੀਤੀ ਜਾਵੇ। ਇਸ ਦਾ ਵੀ ਪੰਜ ਕਿਲੋ ਬੀਜ ਪ੍ਰਤੀ ਏਕੜ ਪਾਇਆ ਜਾਵੇ। ਬਿਜਾਈ ਸਮੇਂ 55 ਕਿਲੋ ਯੂਰੀਆ ਅਤੇ 75 ਕਿਲੋ ਸੁਪਰਫਾਸਫ਼ੇਟ ਪ੍ਰਤੀ ਏਕੜ ਪਾਇਆ ਜਾਵੇ। ਹਰੇ ਪੱਤਿਆਂ ਵਾਲੀਆਂ ਸਬਜ਼ੀਆਂ ਵਿਚ ਵਧੇਰੇ ਖ਼ੁਰਾਕੀ ਤੱਤ ਹੁੰਦੇ ਹਨ। ਇਨ੍ਹਾਂ ਵਿੱਚ ਪਾਲਕ, ਮੇਥੀ, ਸਲਾਦ ਅਤੇ ਧਨੀਆ ਮੁੱਖ ਹਨ। ਪਾਲਕ ਦੀ ਪੰਜਾਬ ਗਰੀਨ ਕਿਸਮ ਬੀਜਣੀ ਚਾਹੀਦੀ ਹੈ। ਇਕ ਏਕੜ ਵਿਚ ਪੰਜ ਕਿਲੋ ਬੀਜ ਪਾਇਆ ਜਾਵੇ। ਪੰਜਾਬੀ ਸਲਾਦ ਦੀ ਬਹੁਤ ਘੱਟ ਵਰਤੋਂ ਕਰਦੇ ਹਨ। ਇਸ ਦੇ ਕੁਝ ਬੂਟੇ ਘਰ ਵਿਚ ਜ਼ਰੂਰ ਲਗਾਏ ਜਾਣ। ਕਸੂਰੀ ਸੁਪਰੀਮ ਕਸੂਰੀ ਮੇਥੀ ਦੀ ਸਿਫ਼ਾਰਸ਼ ਕੀਤੀ ਕਿਸਮ ਹੈ। ਧਨੀਆ ਵੀ ਜ਼ਰੂਰ ਬੀਜੋ, ਪਹਿਲਾਂ ਹਰੇ ਪੱਤਿਆਂ ਦੀ ਵਰਤੋਂ ਕਰੋ, ਮੁੜ ਦਾਣੇ ਪ੍ਰਾਪਤ ਕਰੋ। ਪੰਜਾਬ ਸੁਗੰਧ ਸਿਫ਼ਾਰਸ਼ ਕੀਤੀ ਕਿਸਮ ਹੈ। ਕੁਝ ਰਕਬੇ ਵਿਚ ਲਸਣ ਵੀ ਜ਼ਰੂਰ ਬੀਜੋ। ਇਸ ਦੀ ਬਿਜਾਈ ਤੁਰੀਆਂ ਨਾਲ ਕੀਤੀ ਜਾਂਦੀ ਹੈ। ਪੀ ਜੀ-18 ਅਤੇ ਪੀ ਜੀ-17 ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਤੁਰੀਆਂ ਲਗਾਉਂਦੇ ਸਮੇਂ ਲਾਈਨਾਂ ਵਿਚਕਾਰ 15 ਤੇ ਬੂਟਿਆਂ ਵਿਚਕਾਰ 7.5 ਸੈਂਟੀਮੀਟਰ ਦਾ ਫ਼ਾਸਲ ਰੱਖੋ।

ਚੀਨੀ ਬੰਦ ਗੋਭੀ ਇਕ ਸਬਜ਼ੀ ਹੈ ਜਿਸ ਦਾ ਸਾਗ ਵਧੀਆ ਬਣਦਾ ਹੈ। ਪੰਜਾਬ ਵਿਚ ਕਾਸ਼ਤ ਲਈ ਸਾਗ ਸਰਸੋਂ ਅਤੇ ਚੀਨੀ ਸਰ੍ਹੋਂ-1 ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਕ ਮਹੀਨੇ ਪਿਛੋਂ ਪੱਤਿਆਂ ਦੀ ਪਹਿਲੀ ਤੁੜਾਈ ਕੀਤੀ ਜਾ ਸਕਦੀ ਹੈ। ਇਸ ਦੀਆਂ ਅੱਠ ਕੁ ਤੁੜਾਈਆਂ ਕੀਤੀਆਂ ਜਾ ਸਕਦੀਆਂ ਹਨ। ਇਕ ਏਕੜ ਵਿਚੋਂ ਕੋਈ 200 ਕੁਇੰਟਲ ਤਕ ਸਾਗ ਪ੍ਰਾਪਤ ਕੀਤਾ ਜਾ ਸਕਦਾ ਹੈ। ਖਾਦਾਂ ਅਤੇ ਖੇਤ ਦੀ ਤਿਆਰੀ ਗੋਭੀ ਵਾਂਗ ਹੀ ਕੀਤੀ ਜਾਵੇ। -0-

# ਗੁਰਮਤਿ ਸੰਜੋਗ



ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿੱਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

**ਜਿਨ੍ਹਾਂ ਇਸ਼ਤਿਹਾਰਦਾਤਾਵਾਂ ਦੇ ਰਿਸ਼ਤੇ ਹੋ ਗਏ ਹਨ, ਕ੍ਰਿਪਾ ਕਰਕੇ ਫੋਨ ਨੰਬਰ 97819-90206 'ਤੇ ਸੰਪਰਕ ਕਰਕੇ ਜ਼ਰੂਰ ਦੱਸੋ ਜੀ, ਤਾਂ ਜੋ ਕਿਸੇ ਹੋਰ ਲੋੜਵੰਦ ਦਾ ਇਸ਼ਤਿਹਾਰ ਲਗਾਉਣ ਲਈ ਜਗ੍ਹਾ ਮਿਲ ਸਕੇ।**

## ਲਾੜੀ ਦੀ ਲੋੜ

**ਫਾਰਮ ਨੰ. 355:** ਜਲੰਧਰ ਵਾਸੀ ਅੰਮ੍ਰਿਤਧਾਰੀ, ਜਨਮ ਮਿਤੀ 04-01-1986, ਕੱਦ 5'-10", B.Tech, MBA, Job: SBI Card as Assistant Vice President, Posted in Gurgaon ਲਈ ਵੈਜੀਟੇਰੀਅਨ, ਗੁਰੂ ਗ੍ਰੰਥ ਸਾਹਿਬ ਵਿਚ ਯਕੀਨ ਰੱਖਣ ਵਾਲੀ ਲੜਕੀ ਦੀ ਲੋੜ ਹੈ- ਸੰਪਰਕ 97791-48911, 97790-48911

**ਫਾਰਮ ਨੰ. 356:** ਦਿੱਲੀ ਵਾਸੀ, ਜਨਮ ਮਿਤੀ 02-03-1992, ਕੱਦ 5'-6", 10+2, Own Restaurant & One Shop Rented in Janakpuri ਲਈ ਯੋਗ ਲੜਕੀ ਦੀ ਲੋੜ ਹੈ- ਸੰਪਰਕ 99147-92225, 98114-49930

**ਫਾਰਮ ਨੰ. 358:** ਲੰਡਨ ਵਾਸੀ, ਗੁਰਸਿੱਖ, ਜਨਮ 1989, ਕੱਦ 6'-1", M.Sc. (Computer) working as a Network Eng. ਲਈ ਪੜ੍ਹੀ ਲਿਖੀ, ਸੁਚੱਜੀ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ 0044-7904050832

**ਫਾਰਮ ਨੰ. 360:** ਲੁਧਿਆਣਾ ਵਾਸੀ, ਜਨਮ 17-10-1994, ਕੱਦ 5'-11", B. Tech. (ਬਿਜਲੀ ਬੋਰਡ ਵਿਚ JE) ਲਈ ਅੰਮ੍ਰਿਤਧਾਰੀ, ਪੜ੍ਹੀ ਲਿਖੀ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 85688-22417, 84377-04610

**ਫਾਰਮ ਨੰ. 363:** ਲੁਧਿਆਣਾ ਵਾਸੀ, ਜਨਮ 28-09-1991, ਕੱਦ 5'-7", +2, One year diploma in Manifold, Manifold Operator in Mediway Hospital ਲਈ ਦਾਜ ਰਹਿਤ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 98882-91607

**ਫਾਰਮ ਨੰ. 365:** ਲੁਧਿਆਣਾ ਵਾਸੀ, ਜਨਮ 22-01-1991, ਕੱਦ 5'-8", B.A. ਆਪਣਾ ਕਾਰੋਬਾਰ ਲਈ ਘਰੇਲੂ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 92171-13272, 99883-34032

**ਫਾਰਮ ਨੰ. 366:** ਲੁਧਿਆਣਾ ਵਾਸੀ, ਜਨਮ 1991, ਕੱਦ, 5'-9", B.Tech (Mechanical Engg.) ਆਪਣਾ ਕਾਰੋਬਾਰ (ਹਾਰਡਵੇਅਰ) ਲਈ ਪੜ੍ਹੀ-ਲਿਖੀ, ਗੁਰਸਿੱਖ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 94173-86867

**ਫਾਰਮ ਨੰ. 367:** ਲੁਧਿਆਣਾ ਵਾਸੀ, ਜਨਮ ਮਿਤੀ 10-08-1984, ਕੱਦ, 5'-8", 10+2 (Non Medical), Marketing Job in Jivo Canola Oil, ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 98723-30471, 83608-14845

**ਫਾਰਮ ਨੰ. 368:** ਲੁਧਿਆਣਾ ਵਾਸੀ, ਅਰੋੜਾ ਸਿੱਖ, ਜਨਮ ਮਿਤੀ 07-09-1992, ਕੱਦ, 5'-11", (Well Established Chartered Accountant ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਅਤੇ ਸੁਘੜ (ਦਾਜ ਰਹਿਤ) ਲੜਕੀ ਦੀ ਲੋੜ ਹੈ। ਜਾਤੀ ਬੰਧਨ ਕੋਈ ਨਹੀਂ। ਸੰਪਰਕ: 98151-22379, 95010-19163

**ਫਾਰਮ ਨੰ. 369:** ਕੈਨੇਡਾ ਵਿਚ ਪੜ੍ਹਾਈ ਪੂਰੀ ਕਰ ਚੁੱਕੇ ਲੁਧਿਆਣਾ ਵਾਸੀ, ਗੁਰਸਿੱਖ ਅੰਮ੍ਰਿਤਧਾਰੀ, ਜਨਮ ਮਿਤੀ 4-7-1995, ਕੱਦ 5'-8" B.C.A, MBA, ਲਈ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ: 98150-80530

**ਫਾਰਮ ਨੰ. 370:** ਲੁਧਿਆਣਾ ਵਾਸੀ, ਜਨਮ ਮਿਤੀ 10-10-92, ਕੱਦ 5'-4" ਮੈਟ੍ਰਿਕ ਪਾਸ, ਪ੍ਰਾਈਵੇਟ ਜੋਬ 18000/-, ਆਪਣਾ ਮਕਾਨ ਲਈ ਲੜਕੀ ਦੀ ਲੋੜ ਹੈ। ਸੰਪਰਕ: 9988331841, 98884-40967

**ਫਾਰਮ ਨੰ. 371:** ਲੁਧਿਆਣਾ ਵਾਸੀ, ਜਨਮ ਮਿਤੀ 06-12-91, ਕੱਦ 5'-10" M.Com, MBA, Bed., ਆਮਦਨ 50000/- ਮਹੀਨਾ, Teaching & Self Coaching Centre ਲਈ ਲੜਕੀ ਦੀ ਲੋੜ ਹੈ। ਸੰਪਰਕ: 98143-84999

**ਫਾਰਮ ਨੰ. 372:** ਲੁਧਿਆਣਾ ਵਾਸੀ, ਜਨਮ ਮਿਤੀ 13-7-94, ਕੱਦ 5'-8" B-Tech Elec. Engineering, Settled in Canada ਲਈ ਲੜਕੀ ਦੀ ਲੋੜ ਹੈ। ਸੰਪਰਕ: 94647-63356

**ਫਾਰਮ ਨੰ. 373:** ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375:** Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376:** ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 382:** ਲੁਧਿਆਣਾ ਵਾਸੀ, ਜਨਮ ਮਿਤੀ 1-10-1994, ਕੱਦ 6'-1", M.Tech IIT Kanpur, Service in MNC at Banglore, Earning Twenty Seven Lakh PA, ਲਈ Well Qualified, Tall, Slim, Working Girl ਦੀ ਲੋੜ ਹੈ। ਸੰਪਰਕ: 99142-47653

## ਲਾੜੇ ਦੀ ਲੋੜ

**ਫਾਰਮ ਨੰ. 344:** ਲੁਧਿਆਣਾ ਵਾਸੀ, ਜਨਮ ਅਕਤੂਬਰ 1994, ਕੱਦ 5'-3", MBBS, Study (USEMLI) ਡਾਕਟਰ ਲੜਕੀ ਲਈ ਗੁਰਸਿੱਖ ਡਾਕਟਰ ਲੜਕੇ ਦੀ ਲੋੜ ਹੈ। ਸੰਪਰਕ: 97797-59542

**ਫਾਰਮ ਨੰ. 361:** ਜਲੰਧਰ ਵਾਸੀ, ਗੁਰਸਿੱਖ ਅੰਮ੍ਰਿਤਧਾਰੀ ਵਿਡੋ (Widow) ਲੜਕੀ, ਜਨਮ ਮਿਤੀ 5-11-1981, MCA ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ: 98728-10427

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 374:** ਪੀਲੀਭੀਤ ਵਾਸੀ, ਅੰਮ੍ਰਿਤਧਾਰੀ, ਜਨਮ ਮਿਤੀ 16-06-1997, M.A., B.ed. ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 94128-69007, 80062-35004

# ਨਵੰਬਰ ਮਹੀਨੇ ਦੀਆਂ ਸਰਗਰਮੀਆਂ

**ਮਾਝਾ**

**1. ਤਰਨ-ਤਾਰਨ (80543-49970)-** ਕੇਂਦਰ ਦੇ ਪ੍ਰਚਾਰਕ ਭਾਈ ਗੁਰਬਾਜ ਸਿੰਘ ਵੱਲੋਂ ਹਰ ਸੋਮਵਾਰ ਸਵੇਰੇ 10 ਵਜੇ ਤੋਂ 2 ਵਜੇ ਤੱਕ ਨਿਊ ਲਾਇਵ ਸੀ. ਸੈਕੰਡਰੀ ਪਬਲਿਕ ਸਕੂਲ, ਹਰ ਵੀਰਵਾਰ ਸਵੇਰੇ ਸਰਕਾਰੀ ਹਾਈ ਸਮਾਰਟ ਸਕੂਲ ਪਰਿੰਗੜੀ ਅਤੇ ਹਰ ਸ਼ੁੱਕਰਵਾਰ ਸਵੇਰੇ 4 ਐਸ ਹਰੀ ਸਿੰਘ ਸੀਨੀਅਰ ਸੈਕੰਡਰੀ ਸਕੂਲ ਨੰਦਪੁਰ ਵਿਖੇ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ ਸੰਥਿਆ, ਇਤਿਹਾਸ, ਸ਼ਬਦ ਵੀਚਾਰ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਐਤਵਾਰ ਨੂੰ 3 ਪਿੰਡਾਂ ਵਿਚ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। 29 ਨਵੰਬਰ ਨੂੰ ਹੰਸਲੀ ਸਾਹਿਬ ਤਰਨਤਾਰਨ ਵਿਖੇ ਗੁਰਬਾਣੀ ਕੰਠ, ਦਸਤਾਰ ਮੁਕਾਬਲਾ ਅਤੇ ਸਵਾਲ-ਜਵਾਬ ਮੁਕਾਬਲੇ ਕਰਵਾਏ ਗਏ, ਜਿਸ ਵਿਚ ਗੁਰਬਾਣੀ ਕੰਠ ਮੁਕਾਬਲੇ ਵਿਚ ਜਜਮੈਂਟ ਦੀ ਸੇਵਾ ਨਿਭਾਈ ਗਈ।

**2. ਮਾਲੂਵਾਲ (98885-20250)-** ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 7 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਪਿੰਡ ਸੁਰ ਸਿੰਘ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ ਵਿਖੇ ਹਰ ਰੋਜ਼ ਗੁਰਬਾਣੀ ਸੰਥਿਆ ਕਰਵਾਈ ਜਾਂਦੀ ਹੈ। ਗੁਰਮਤਿ ਪ੍ਰਚਾਰ ਕੇਂਦਰ ਵਲੋਂ ਬੱਚਿਆਂ ਦੀ ਕੀਰਤਨ ਕਲਾਸ ਪਿੰਡ ਸੁਰ ਸਿੰਘ ਵਿਖੇ ਲੱਗ ਰਹੀ ਹੈ, ਜਿਸ ਵਿੱਚ ਬੱਚੇ ਕੀਰਤਨ ਦੀ ਸਿੱਖਿਆ ਲੈ ਰਹੇ ਹਨ।

**ਮਾਲਵਾ:-**

**3. ਬੁਗਰਾ (70097-82466)-** ਪ੍ਰਚਾਰਕ ਭਾਈ ਅੰਮ੍ਰਿਤਪਾਲ ਸਿੰਘ ਵਲੋਂ ਹਰ ਰੋਜ਼ ਬੱਚਿਆਂ ਦੀ ਕੀਰਤਨ ਅਤੇ ਗੁਰਮਤਿ ਦੀ ਕਲਾਸ ਲਗਾਈ ਜਾਂਦੀ ਹੈ। ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰਖਦਿਆਂ ਗੁਰਦੁਆਰਾ ਸਾਹਿਬ ਵਿਚ ਦੀਵਾਨ ਸਜਾਏ ਗਏ, ਜਿਸ ਵਿਚ ਗੁਰਮਤਿ ਵਿਚਾਰ ਸਾਂਝੇ ਕੀਤੇ ਗਏ। 13 ਨਵੰਬਰ ਨੂੰ ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਤੇ ਇਤਿਹਾਸਕ ਵਿਚਾਰਾਂ ਦੀ ਸਾਂਝ ਪਾਈ ਗਈ। ਗੁਰਦੁਆਰਾ ਸਾਹਿਬ ਵਿਚ ਹਰ ਰੋਜ਼ 4.00 ਤੋਂ 5.00 ਵਜੇ ਤੱਕ ਗੁਰਮਤਿ ਕਲਾਸ ਲਗਾਈ ਜਾਂਦੀ ਹੈ ਅਤੇ 3.30 ਤੋਂ 4.30 ਵਜੇ ਤੱਕ ਕੰਪਿਊਟਰ ਦੀ ਕਲਾਸ ਵੀ ਲਗਾਈ ਜਾਂਦੀ ਹੈ। ਇੱਕ ਬੱਚੇ ਨੇ ਸਹਿਜ ਪਾਠ ਆਰੰਭ ਕੀਤਾ ਹੈ, ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**4. ਲਤਾਲਾ (98556-27927)-** ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ 16 ਨਵੰਬਰ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਵਸ ਦੇ ਸੰਬੰਧ ਵਿੱਚ ਵੱਖ-ਵੱਖ ਸਕੂਲਾਂ ਵਿੱਚ ਇਤਿਹਾਸਕ ਵੀਚਾਰਾਂ ਕੀਤੀਆਂ ਗਈਆਂ। ਪਿੰਡ ਸਰਾਭਾ ਵਿਖੇ ਲਾਇਬ੍ਰੇਰੀ ਕਾਲਖ ਵਲੋਂ ਕਿਤਾਬਾਂ ਦੀ ਸਟਾਲ ਲਗਾਈ ਗਈ ਅਤੇ ਲਿਟਰੇਚਰ ਵੰਡਿਆ ਗਿਆ। 19 ਨਵੰਬਰ ਨੂੰ ਪਿੰਡ ਫਰਵਾਲੀ ਵਿਖੇ ਗੁਰਬਾਣੀ ਕੰਠ ਤੇ ਕੀਰਤਨ ਮੁਕਾਬਲੇ 'ਚੋਂ ਕੇਂਦਰ ਦੇ ਵਿਦਿਆਰਥੀਆਂ ਨੇ ਪੁਜੀਸ਼ਨਾਂ ਹਾਸਲ ਕੀਤੀਆਂ। 24 ਨਵੰਬਰ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਬਲਿਕ ਸਕੂਲ ਬੱਸੀਆਂ ਵਿਖੇ ਵਿਦਿਆਰਥੀਆਂ ਨੇ ਕੀਰਤਨ, ਕਵਿਤਾਵਾਂ, ਕਵੀਸ਼ਰੀ ਪੇਸ਼ ਕੀਤੀ ਅਤੇ ਭਾਈ ਸਾਹਿਬ ਵਲੋਂ ਕਥਾ-ਵੀਚਾਰ ਕੀਤੀ ਗਈ। 28 ਨਵੰਬਰ ਨੂੰ ਪਿੰਡ ਭਦੌੜ ਵਿਖੇ ਹੋਏ ਗੁਰਮਤਿ ਮੁਕਾਬਲਿਆਂ 'ਚੋਂ ਪਿੰਡ ਲਤਾਲਾ ਦੇ ਬੱਸੀਆਂ ਦੇ ਵਿਦਿਆਰਥੀਆਂ ਨੇ ਓਵਰਆਲ ਪਹਿਲਾ ਸਥਾਨ ਪ੍ਰਾਪਤ ਕੀਤਾ। 6 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**5. ਰਤਨਗੜ੍ਹ ਸਿੰਧੜਾ (84370-63450)-** ਕੇਂਦਰ ਦੇ ਪ੍ਰਚਾਰਕ ਭਾਈ ਸੁਖਚੈਨ ਸਿੰਘ ਵੱਲੋਂ ਪਿੰਡ ਮੁਨਸ਼ੀਵਾਲੇ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਐਤਵਾਰ ਨੂੰ ਪਿੰਡ ਰਤਨਗੜ੍ਹ ਸਿੰਧੜਾ, ਮੁਨਸ਼ੀਵਾਲੇ ਅਤੇ ਤੂਰ ਵਣਜਾਰੇ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ ਸੰਥਿਆ ਅਤੇ ਸਿੱਖ ਇਤਿਹਾਸ ਨਾਲ ਜੋੜਿਆ ਜਾਂਦਾ ਹੈ।

**6. ਘਨੌਲੀ (86998-99996)-** ਪ੍ਰਚਾਰਕ ਭਾਈ ਅਜੀਤ ਸਿੰਘ ਵਲੋਂ 20 ਪਿੰਡਾਂ ਵਿੱਚ ਬੱਚਿਆਂ ਦੀਆਂ ਗੁਰਮਤਿ ਸੰਥਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। 3 ਪਿੰਡਾਂ ਵਿੱਚ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਦੀ ਸੰਪੂਰਣਤਾ ਕਰਨ ਉਪਰੰਤ ਭੋਗ ਪਾਏ ਗਏ।

**7. ਕੁੱਬਾ (98151-07941)-** ਕੇਂਦਰ ਦੇ ਪ੍ਰਚਾਰਕ ਭਾਈ ਸਤਨਾਮ ਸਿੰਘ ਵਲੋਂ 7 ਪਿੰਡਾਂ ਵਿਚ ਅਤੇ 4 ਸਕੂਲਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਅਤੇ ਸੰਗਤ ਨੂੰ ਗੁਰਬਾਣੀ ਸੰਥਿਆ ਅਤੇ ਸਿੱਖ ਇਤਿਹਾਸ ਨਾਲ ਜੋੜਿਆ ਜਾਂਦਾ ਹੈ। ਗੁਰਦੁਆਰਾ ਸਾਹਿਬ ਵਿਖੇ ਸਵੇਰੇ ਕਥਾ ਅਤੇ ਸ਼ਾਮ ਨੂੰ ਨਿਤਨੇਮ ਦੀ ਸੇਵਾ ਕੀਤੀ ਜਾਂਦੀ ਹੈ। 10 ਨਵੰਬਰ ਨੂੰ ਸੀਨੀਅਰ ਸੈਕੰਡਰੀ ਸਕੂਲ ਕੁੱਬੇ ਵਿਖੇ 4 ਸਾਹਿਬਜ਼ਾਦਿਆਂ ਦੇ ਮਹਾਨ ਜੀਵਨ ਅਤੇ ਕੁਰਬਾਨੀ ਨਾਲ ਜੋੜਨ ਲਈ ਬੱਚਿਆਂ ਦੇ ਸਵਾਲ-ਜਵਾਬ ਮੁਕਾਬਲੇ ਕਰਵਾਏ ਗਏ। ਜੇਤੂ ਟੀਮਾਂ ਨੂੰ ਕੇਂਦਰ ਵਲੋਂ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਮੈਡਮ ਪੁਸ਼ਪਿੰਦਰ ਕੌਰ, ਮੈਡਮ ਜਸਬੀਰ ਕੌਰ ਅਤੇ ਹੋਰ ਸਮੂਹ ਸਕੂਲ ਸਟਾਫ ਨੇ ਬਹੁਤ ਸਹਿਯੋਗ ਕੀਤਾ। 17 ਨਵੰਬਰ ਨੂੰ ਰਾਹੋਂ (ਨੰਗਲਾਂ) ਵਿਖੇ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਰਾਤ ਦੇ ਸਮਾਗਮ ਵਿਚ ਕਥਾ-ਵੀਚਾਰ ਕੀਤੀ ਗਈ। 30 ਨਵੰਬਰ ਨੂੰ ਪਿੰਡ ਉਟਾਲਾਂ (ਸਮਰਾਲਾ) ਵਿਖੇ ਗੁਰਮਤਿ ਸਮਾਗਮ 'ਚ ਕਥਾ-ਵੀਚਾਰ ਕੀਤੀ ਗਈ। 9 ਵਿਦਿਆਰਥੀ ਐਲੀਮੈਂਟਰੀ ਕੋਰਸ ਕਰ ਰਹੇ ਹਨ ਅਤੇ 6 ਬੱਚੇ ਸਹਿਜ ਪਾਠ ਕਰ ਰਹੇ ਹਨ। ਕੇਂਦਰ ਦੇ ਪ੍ਰਬੰਧਕ ਸਤਿਕਾਰਯੋਗ ਭਾਈ ਵੀਰ ਸਿੰਘ ਮਾਂਗਟ (ਯੂ. ਐਸ.ਏ.) ਵਲੋਂ ਕਾਲਜ ਵਿਖੇ ਸਿੱਖੀ ਪ੍ਰਚਾਰ ਲਈ ਦਸਵੰਧ ਜਮ੍ਹਾਂ ਕਰਾਇਆ ਗਿਆ।

**8. ਗੁੱਜਰਵਾਲ (94655-66666)-** ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ 11 ਸਕੂਲਾਂ ਵਿੱਚ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿਚ ਬੱਚਿਆਂ ਨੂੰ ਗੁਰਸਿੱਖੀ ਨਾਲ ਜੋੜਿਆ ਜਾਂਦਾ ਹੈ। 4 ਪਿੰਡਾਂ ਵਿੱਚ ਹੋਏ ਗੁਰਮਤਿ ਸਮਾਗਮਾਂ ਵਿੱਚ ਕਥਾ-ਵੀਚਾਰਾਂ ਕੀਤੀਆਂ ਗਈਆਂ। ਸਰਬ ਕਲਿਆਣ ਟਰੱਸਟ ਵਲੋਂ ਸਲਾਨਾ ਸਮਾਗਮ 'ਤੇ ਗੁਰਮਤਿ ਵਿਚਾਰਾਂ ਦੀ ਸਾਂਝ ਅਤੇ ਭਾਸ਼ਣ ਮੁਕਾਬਲਿਆਂ 'ਤੇ ਜੱਜ ਦੀ ਸੇਵਾ ਨਿਭਾਈ ਗਈ। 4 ਪਿੰਡਾਂ ਵਿਚ ਕਥਾ-ਵੀਚਾਰਾਂ ਕੀਤੀਆਂ ਗਈਆਂ। 30 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**9. ਬੀਲਾ (98720-92062)-** ਪ੍ਰਚਾਰਕ ਭਾਈ ਮੰਗਲਜੀਤ ਸਿੰਘ ਵਲੋਂ ਹਰ ਰੋਜ਼ ਗੁਰਦੁਆਰਾ ਪਾਤਸ਼ਾਹੀ ਦੱਸਵੀਂ ਬੀਲਾ (ਲੁਧਿਆਣਾ) ਵਿਖੇ ਹਰ ਰੋਜ਼ ਸਵੇਰੇ ਸ਼ਾਮ ਨਿਤਨੇਮ ਕੀਤਾ ਜਾਂਦਾ ਹੈ। ਸਵੇਰੇ ਕਥਾ ਕੀਤੀ ਜਾਂਦੀ ਹੈ।

**10. ਚੁੱਪ ਕੀਤੀ (98777-94586)-** ਪ੍ਰਚਾਰਕ ਭਾਈ ਹਰਜੀਤ ਸਿੰਘ ਜੀ ਵਲੋਂ 4 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾਂਦੀ ਹੈ। ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ 'ਤੇ ਬਾਬਾ ਖੁਸ਼ਹਾਲ ਸਿੰਘ ਸਕੂਲ ਚੜਿੱਕ ਵਿਖੇ ਜੱਜਮੈਂਟ ਦੀ ਸੇਵਾ ਨਿਭਾਈ ਗਈ ਅਤੇ ਗੁਰਦੁਆਰਾ ਸਾਹਿਬ ਭਾਈ ਲੱਧਾ ਜੀ ਵਿਖੇ ਫਰੀਦਕੋਟ ਸੰਗਤ ਨਾਲ ਕਥਾ ਵੀਚਾਰਾਂ ਦੀ ਸਾਂਝ ਪਾਈ ਅਤੇ 28 ਨਵੰਬਰ ਨੂੰ ਪਿੰਡ ਬੁਰਜ ਦੂਨਾਂ ਵਿਖੇ ਸੰਗਤ ਨਾਲ ਕਥਾ-ਵੀਚਾਰਾਂ ਦੀ

ਸਾਂਝ ਪਾਈ ਗਈ ਅਤੇ ਪਿੰਡ ਚੁੱਪਕੀਤੀ ਦੇ ਬੱਚਿਆਂ ਨੂੰ ਦਰਬਾਰ ਸਾਹਿਬ ਜੀ ਦੇ ਦਰਸ਼ਨ ਕਰਵਾਏ ਗਏ। 20 ਬੱਚੇ ਸਹਿਜ ਪਾਠ ਕਰ ਰਹੇ ਹਨ।

**ਦੁਆਬਾ**

**11. ਅੱਪਰਾ (85280-78722)-** ਪ੍ਰਚਾਰਕ ਭਾਈ ਨਰਿੰਦਰ ਸਿੰਘ ਅਤੇ ਗੁਰਵਿੰਦਰ ਸਿੰਘ ਵੱਲੋਂ ਹਰ ਹਫਤੇ ਬੱਚਿਆਂ ਦੀਆਂ ਗੁਰਮਤਿ/ਨੈਤਿਕ ਸਿਖਿਆ ਅਤੇ ਗੁਰਬਾਣੀ ਕੀਰਤਨ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਵੱਡੀ ਸੰਗਤ ਦੀਆਂ ਆਨਲਾਈਨ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਪਿੰਡ ਲੁਹਾਰਾ ਵਿਖੇ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਸੰਬੰਧੀ ਕਰਵਾਏ ਗਏ ਸਮਾਗਮ ਵਿੱਚ ਬੱਚਿਆਂ ਵਲੋਂ ਕੀਰਤਨ ਅਤੇ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਪਿੰਡ ਮੌਰੋ ਵਿਖੇ ਸੰਗਤ ਨਾਲ ਇਤਿਹਾਸਕ ਵਿਚਾਰਾਂ ਕੀਤੀਆਂ ਗਈਆਂ।

**12. ਨਵਾਂ ਸ਼ਹਿਰ (87290-86035)-** ਪ੍ਰਚਾਰਕ ਭਾਈ ਸਿਮਰਪ੍ਰੀਤ ਸਿੰਘ ਅਤੇ ਭਾਈ ਅਮਨਦੀਪ ਸਿੰਘ ਵਲੋਂ ਪਿੰਡਾਂ ਅਤੇ ਸਕੂਲਾਂ ਵਿੱਚ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਭਾਈ ਅਮਨਦੀਪ ਸਿੰਘ ਵਲੋਂ ਬਾਬਾ ਵਜੀਰ ਸਿੰਘ ਪਬਲਿਕ ਸਕੂਲ ਵਿਖੇ ਰੋਜਾਨਾ ਕਲਾਸ ਲਗਾਈ ਜਾਂਦੀ ਹੈ। ਹਰ ਸੋਮਵਾਰ ਅਤੇ ਮੰਗਲਵਾਰ ਜੈ ਭਾਰਤ ਸਕੂਲ ਸਮੁੰਦੜਾ ਵਿਖੇ ਕਲਾਸ ਲਗਾਈ ਜਾਂਦੀ ਹੈ। ਹਰ ਬੁੱਧਵਾਰ ਗੁਰਸੇਵਾ ਸਕੂਲ ਪਨਾਮ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਕੇਂਦਰ ਵਿਖੇ ਰੋਜਾਨਾ 2.00 ਵਜੇ ਤੋਂ 4.00 ਵਜੇ ਤੱਕ ਫ੍ਰੀ ਟਿਊਸ਼ਨ ਕਲਾਸ ਲਗਾਈ ਜਾਂਦੀ ਹੈ। ਕੇਂਦਰ ਵਿਖੇ ਹਰ ਰੋਜ਼ 4.00 ਵਜੇ ਤੋਂ 6.00 ਵਜੇ ਤੱਕ ਬੱਚਿਆਂ ਦੀ ਫ੍ਰੀ ਕੰਪਿਊਟਰ ਕਲਾਸ ਲਗਾਈ ਜਾਂਦੀ ਹੈ। ਹਰ ਐਤਵਾਰ ਨੂੰ 5 ਪਿੰਡਾਂ ਵਿਚ ਕਲਾਸ ਲਗਾਈ ਜਾਂਦੀ ਹੈ। 5 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ 3 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**13. ਭੋਗਪੁਰ (99148-38148)-** ਪ੍ਰਚਾਰਕ ਭਾਈ ਸੁਖਦੀਪ ਸਿੰਘ ਵਲੋਂ ਵੱਖ-ਵੱਖ ਪਿੰਡਾਂ ਵਿੱਚ ਅਤੇ 4 ਸਕੂਲਾਂ ਵਿੱਚ ਕਲਾਸਾਂ ਲਗਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਪਿੰਡ ਮੁਰਾਦਪੁਰ ਵਿਖੇ ਅਤੇ ਪਿੰਡ ਡੱਲੀ ਵਿਖੇ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋਏ ਗੁਰਮਤਿ ਸਮਾਗਮਾਂ ਵਿੱਚ ਕਥਾ-ਵੀਚਾਰਾਂ ਕੀਤੀਆਂ ਗਈਆਂ। ਸ: ਗੁਰਦੀਪ ਸਿੰਘ ਦੀ ਅੰਤਮ ਅਰਦਾਸ ਮੌਕੇ ਪਿੰਡ ਚੱਕ ਸ਼ਕੂਰ ਵਿਖੇ ਕਥਾ-ਵੀਚਾਰ ਕੀਤੀ ਗਈ। ਪਿੰਡ ਝੋਝੜਾਂ ਅਤੇ ਪਿੰਡ ਡੱਲੀ ਵਿਖੇ ਹੋਏ ਗੁਰਮਤਿ ਸਮਾਗਮਾਂ ਵਿੱਚ ਕਥਾ-ਵੀਚਾਰਾਂ ਸਾਂਝੀਆਂ ਕੀਤੀਆਂ ਗਈਆਂ।

**14. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 4 ਪਿੰਡਾਂ ਵਿੱਚ ਅਤੇ ਇੱਕ ਸਕੂਲ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸੇਧ ਦੇ ਰਹੇ ਹਨ। ਕੇਂਦਰ ਵਿਖੇ ਗੁਰਮਤਿ ਕਲਾਸਾਂ ਦੇ ਨਾਲ-ਨਾਲ ਹਰ ਰੋਜ਼ ਗੁਰਬਾਣੀ ਕੀਰਤਨ ਅਤੇ ਗਤਕੇ ਦੀਆਂ ਕਲਾਸਾਂ ਵੀ ਲਗਾਈਆਂ ਜਾਂਦੀਆਂ ਹਨ। 15 ਨਵੰਬਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਦੇ ਸੰਬੰਧ ਵਿਚ ਗੁਰਦੁਆਰਾ ਸਿੰਘ ਸਭਾ ਵਿਖੇ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਗਈ। 20 ਨਵੰਬਰ ਤੋਂ ਲੈ ਕੇ 24 ਨਵੰਬਰ ਤੱਕ ਗੁਰਦੁਆਰਾ ਫਲਾਹੀ ਵਾਲਾ ਵਿਖੇ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਦੀ ਸਮਾਪਤੀ 'ਤੇ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਗਈ। ਫਿਰੋਜਪੁਰ ਦੇ ਗੁਰਦੁਆਰਾ ਸਾਹਿਬ ਵਿਖੇ 24 ਨਵੰਬਰ ਨੂੰ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਹੋਏ ਸਮਾਗਮ ਵਿਚ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ 2 ਬੱਚਿਆਂ ਨੇ ਸਹਿਜ ਪਾਠ ਦੀ ਸਮਾਪਤੀ ਕੀਤੀ ਹੈ। 72 ਦੇ ਕਰੀਬ ਸਹਿਜ ਪਾਠ ਚਲ ਰਹੇ ਹਨ।

**ਪੰਜਾਬ ਤੋਂ ਬਾਹਰ ਦੇ ਕੇਂਦਰ-**

**15. ਸਿੰਬਲ ਕੈਂਪ (ਜੰਮੂ) (90865-31984)-**ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਗੁਰਦੁਆਰਾ ਸਾਹਿਬ ਟਾਹਲੀ ਮੋੜ, ਗੁਰਦੁਆਰਾ ਮੁਰਾਲੀਆਂ ਮੀਰਾਂ ਸਾਹਿਬ ਅਤੇ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਖੋੜ ਭਊਆਂ ਵਿਖੇ ਬੱਚਿਆਂ ਦੀਆਂ ਕਲਾਸਾਂ ਲਗਾ ਕੇ ਉਹਨਾਂ ਨੂੰ ਗੁਰਬਾਣੀ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। ਗੁਰਦੁਆਰਾ ਫਿੰਦੜ ਆਰ. ਐਸ.ਪੁਰਾ ਵਿਖੇ ਸ਼ਾਮ ਨੂੰ ਬੱਚਿਆਂ ਦੀ ਸਭਾ ਲਗਾਈ ਜਾਂਦੀ ਹੈ। ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਖੋੜ ਭਊਆਂ ਆਰ. ਐਸ.ਪੁਰਾ ਵਿਖੇ ਵੱਡਿਆਂ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। 6 ਬੱਚੇ ਸਹਿਜ ਪਾਠ ਕਰ ਰਹੇ ਹਨ।

**16. ਗਾਂਧੀਧਾਮ (ਗੁਜਰਾਤ) (98057-08111)-** ਪ੍ਰਚਾਰਕ ਭਾਈ ਜਸਪ੍ਰੀਤ ਸਿੰਘ ਵਲੋਂ ਗੁਜਰਾਤ ਵਿੱਚ ਕੱਛ ਜਿਲ੍ਹੇ ਦੇ ਗਾਂਧੀਧਾਮ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਗੁਰਦੁਆਰਾ ਸ੍ਰੀ ਗੁਰੂ ਨਾਨਕ ਸਿੰਘ ਸਭਾ ਦੇ ਸਹਿਯੋਗ ਨਾਲ ਗੁਰਮਤਿ ਕਲਾਸਾਂ ਲਗਾਈਆਂ ਜਾ ਰਹੀਆਂ ਹਨ, ਜਿਸ ਵਿੱਚ ਬੱਚੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਪ੍ਰਾਪਤ ਕਰਦੇ ਹਨ।

**17. ਜਰਮਨ (00491631892161)-** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲੜਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀਆਂ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**18. ਹਾਂਗਕਾਂਗ (97810-49449)-** ਪ੍ਰਚਾਰਕ ਭਾਈ ਕਰਨਬੀਰ ਸਿੰਘ ਖਾਲਸਾ ਵਲੋਂ ਗੁਰਦੁਆਰਾ ਗੁਰੂ ਨਾਨਕ ਦਰਬਾਰ ਹਾਂਗਕਾਂਗ ਵਿਖੇ ਹਫਤਾਵਾਰੀ ਗੁਰਮਤਿ ਸਮਾਗਮ ਅਤੇ ਗੁਰਮਤਿ ਕਲਾਸਾਂ ਲਗਾ ਕੇ ਸੰਗਤ ਨੂੰ ਗੁਰਬਾਣੀ ਨਾਲ ਜੋੜਿਆ ਜਾ ਰਿਹਾ ਹੈ। ਦਸਤਾਰ ਸਿਖਲਾਈ ਕੈਂਪ ਲਗਾ ਕੇ ਦਸਤਾਰ ਅਤੇ ਦੁਮਾਲਾ ਬੰਨ੍ਹਣ ਦੀ ਜਾਚ ਸਿਖਾਈ ਜਾਂਦੀ ਹੈ।

**19. ਬੜਾ ਗੁੜਾ (ਸਿਰਸਾ) (63981-69412)-** ਪ੍ਰਚਾਰਕ ਭਾਈ ਯੁਵਰਾਜ ਸਿੰਘ ਵਲੋਂ ਪਿੰਡ ਬੜਾ ਗੁੜਾ ਦੇ ਗੁਰਦੁਆਰਾ ਭੱਠਾ ਸਾਹਿਬ ਵਿਖੇ ਹਰ ਰੋਜ਼ ਸਵੇਰੇ 5.30 ਤੋਂ 6.30 ਵਜੇ ਤੱਕ ਲੜੀਵਾਰ ਕਥਾ-ਵੀਚਾਰ ਕੀਤੀ ਜਾਂਦੀ ਹੈ। ਕੇਂਦਰ ਵਿਖੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਇੱਕ ਬੱਚੇ ਨੇ ਸਹਿਜ ਪਾਠ ਆਰੰਭ ਕੀਤਾ ਹੈ।

**20. ਇੰਫਾਲ (ਮਨੀਪੁਰ):-** ਭਾਈ ਜਗਦੀਪ ਸਿੰਘ ਸੈਦਪੁਰ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾ ਰਹੀ ਹੈ।

**21. ਜਮਸ਼ੇਦਪੁਰ (ਟਾਟਾ ਨਗਰ)-** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ। -0-

## ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**

ਗੁਰਮਤਿ ਵਿਰਸਾ,
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ

**M: 79733-70542**
**Email:** gurmatvirsa@gmail.com

# ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਵਲੋਂ ਵੱਖ-ਵੱਖ ਇਲਾਕਿਆਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ


ਕੇਂਦਰ ਚੁੱਪਕੀਤੀ ਦੇ ਪਿੰਡ ਸੰਧੂਆਣਾ ਵਿਖੇ ਪ੍ਰਚਾਰਕ ਭਾਈ ਹਰਜੀਤ ਸਿੰਘ ਪਰਿੰਗੜੀ ਗੁਰਮਤਿ ਵਿਚਾਰਾਂ ਉਪਰੰਤ


ਕੇਂਦਰ ਚੱਕ ਸਿੰਘ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।


ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਸਬੰਧੀ ਛੱਤੀਸਗੜ੍ਹ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ


ਕੇਂਦਰ ਬੁਗਰਾ ਦੇ ਸਰਕਾਰੀ ਸਕੂਲ ਵਿਖੇ ਸ਼ਹੀਦੀ ਪੰਦਰਵਾੜੇ ਦੇ ਸਮਾਗਮਾਂ ਨੂੰ ਸਮਰਪਿਤ ਗੁਰਮਤਿ ਕਲਾਸਾਂ ਲਗਾਈਆਂ ਗਈਆਂ


ਕੇਂਦਰ ਬੁਗਰਾ ਵਿਖੇ ਚੱਲ ਰਹੀ ਬੱਚਿਆਂ ਦੀ ਕੀਰਤਨ ਅਤੇ ਗੁਰਮਤਿ ਕਲਾਸ


ਕੇਂਦਰ ਚੱਕ ਕਲਾਂ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ


ਕੇਂਦਰ ਜੰਮੂ ਦੇ ਗੁ: ਸਿੰਘਪੁਰਾ ਮੁਰਾਲੀਆਂ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ


ਕੇਂਦਰ ਬੀਲ੍ਹਾ (ਲੁਧਿਆਣਾ) ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ


ਕੇਂਦਰ ਕੁੱਬਾ ਦੇ ਪਿੰਡ ਉਟਾਲਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਪਰਿੰਗੜੀ ਦੇ ਸਰਕਾਰੀ ਸਕੂਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ (ਸੱਜੇ) ਪਿੰਡ ਪਰਿੰਗੜੀ ਦੇ ਬੱਚਿਆਂ ਅਤੇ ਸੰਗਤ ਨਾਲ ਵਿਚਾਰ ਸਾਂਝੇ ਕਰਨ ਉਪਰੰਤ ਕੈਪਟਨ ਅਵਤਾਰ ਸਿੰਘ ਜੀ

RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

# ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਵਲੋਂ ਵੱਖ-ਵੱਖ ਇਲਾਕਿਆਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ





ਕੇਂਦਰ ਖਮਾਣੋਂ ਵਿਖੇ ਪ੍ਰਚਾਰਕ ਵੀਰ ਮਨਵੀਰ ਸਿੰਘ ਵਲੋਂ ਦਸਤਾਰ ਮੁਕਾਬਲਾ ਕਰਵਾਇਆ ਗਿਆ (ਸੱਜੇ) ਦਸਤਾਰ ਮੁਕਾਬਲੇ ਵਿਚ ਭਾਗ ਲੈਣ ਵਾਲੇ ਬੱਚੇ ਅਤੇ ਪ੍ਰਬੰਧਕ ਵੀਰ



ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ ਵਿਖੇ ਸ਼ਹੀਦੀ ਪੰਦਰਵਾੜੇ ਦੇ ਸਮਾਗਮਾਂ ਨੂੰ ਸਮਰਪਿਤ ਗੁਰਮਤਿ ਕਲਾਸਾਂ ਲਗਾਈਆਂ ਗਈਆਂ



ਕੇਂਦਰ ਨਵਾਂਸ਼ਹਿਰ ਵਿਖੇ ਦੇ ਕਸਬਾ ਬਲਾਚੌਰ ਦੇ ਸਰਕਾਰੀ ਸਕੂਲ ਵਿਖੇ ਸ਼ਹੀਦੀ ਪੰਦਰਵਾੜੇ ਦੇ ਸਮਾਗਮਾਂ ਨੂੰ ਸਮਰਪਿਤ ਗੁਰਮਤਿ ਕਲਾਸਾਂ ਲਗਾਈਆਂ ਗਈਆਂ






ਕੇਂਦਰ ਲੁਧਿਆਣਾ ਦੇ ਸਾਈਂ ਸੀਨੀਅਰ ਸਕੈਂਡਰੀ ਸਕੂਲ ਵਿਖੇ ਕੈਪਟਨ ਅਵਤਾਰ ਸਿੰਘ ਵਲੋਂ ਸ਼ਹੀਦੀ ਪੰਦਰਵਾੜੇ ਦੇ ਸਮਾਗਮਾਂ ਨੂੰ ਸਮਰਪਿਤ ਗੁਰਮਤਿ ਕਲਾਸਾਂ ਲਗਾਈਆਂ ਗਈਆਂ



ਰਾਮਗੜ੍ਹੀਆ ਸੀ. ਸਕੈ ਸਕੂਲ ਲੁਧਿਆਣਾ ਵਿਖੇ ਸ਼ਹੀਦੀ ਪੰਦਰਵਾੜੇ ਦੇ ਸਮਾਗਮਾਂ ਨੂੰ ਸਮਰਪਿਤ ਗੁਰਮਤਿ ਕਲਾਸਾਂ ਲਗਾਈਆਂ ਗਈਆਂ





ਪ੍ਰਿੰਸੀਪਲ ਗਿ: ਗੁਰਬਚਨ ਸਿੰਘ ਪੰਨਵਾਂ ਪਿਛਲੇ ਤਿੰਨ ਮਹੀਨੇ ਤੋਂ ਕੈਨੇਡਾ ਦੇ ਦੌਰੇ 'ਤੇ ਹਨ। ਇਸ ਦੌਰਾਨ ਉਹ ਲਗਭਗ ਇਕ ਮਹੀਨਾ ਉਨ੍ਹਾਂ ਨੇ ਗੁਰਦੁਆਰਾ ਸਿੰਘ ਸਭਾ (ਸਰੀ) ਵਿਖੇ ਰੋਜ਼ਾਨਾ ਕਥਾ ਦੀ ਹਾਜ਼ਰੀ ਭਰੀ। ਸਰੀ ਗੁਰਦੁਆਰਾ ਸਾਹਿਬ ਦੇ ਸਮੂਹ ਮੈਂਬਰਾਂ ਵਲੋਂ ਪ੍ਰਿੰਸੀਪਲ ਸਾਹਿਬ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਸਮੂਹ ਕਮੇਟੀ ਮੈਂਬਰ ਹਾਜ਼ਰ ਸਨ।

↑ ਕੇਂਦਰ ਲਤਾਲਾ ਦੇ ਪਿੰਡ ਮਜਾਰੀ ਦੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ।